19-APRIL-PAGE-1.qxd 4/18/2024 10:25 PM Page 1

ਸ਼ੁੱਕਰਵਾਰ, 19 ਅਪ੍ਰੈਲ, 2024
7 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 319

# ਨਵਾਂ ਜ਼ਮਾਨਾ

DAILY NAWAN ZAMANA • FRIDAY, 19 APRIL, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮੈਂ ਤਾਂ ਕ੍ਰਿਸ਼ਨ ਦੀ ਗੋਪੀ



**ਮਥੁਰਾ :** ਮਥੁਰਾ ਤੋਂ ਭਾਜਪਾ ਉਮੀਦਵਾਰ ਵਜੋਂ ਤੀਜੀ ਵਾਰ ਲੋਕ ਸਭਾ ਚੋਣ ਲੜ ਰਹੀ ਅਦਾਕਾਰਾ ਹੇਮਾ ਮਾਲਿਨੀ ਨੇ ਕਿਹਾ ਹੈ ਕਿ ਉਹ ਆਪਣੇ-ਆਪ ਨੂੰ ਭਗਵਾਨ ਕ੍ਰਿਸ਼ਨ ਦੀ ਗੋਪੀ ਮੰਨਦੀ ਹੈ। ਉਸ ਨੇ ਪੱਤਰਕਾਰਾਂ ਨੂੰ ਕਿਹਾ-ਮੈਂ ਨਾਂਅ ਅਤੇ ਪ੍ਰਸਿੱਧੀ ਲਈ ਜਾਂ ਕਿਸੇ ਤਰ੍ਹਾਂ ਦਾ ਫਾਇਦਾ ਲੈਣ ਲਈ ਰਾਜਨੀਤੀ 'ਚ ਨਹੀਂ ਆਈ। ਮੈਂ ਕ੍ਰਿਸ਼ਨ ਦੀ ਗੋਪੀ ਹਾਂ, ਕਿਉਂਕਿ ਭਗਵਾਨ ਕ੍ਰਿਸ਼ਨ ਬ੍ਰਿਜਵਾਸੀਆਂ ਨੂੰ ਪਿਆਰ ਕਰਦੇ ਹਨ, ਇਸ ਲਈ ਮੈਂ ਸੋਚਿਆ ਕਿ ਜੇ ਮੈਂ ਉਨ੍ਹਾਂ ਦੀ ਇਮਾਨਦਾਰੀ ਨਾਲ ਸੇਵਾ ਕਰਾਂਗੀ ਤਾਂ ਹੀ ਭਗਵਾਨ ਮੈਨੂੰ ਆਪਣਾ ਆਸ਼ੀਰਵਾਦ ਦੇਣਗੇ।

## ਕੇਰਲਾ 'ਚ ਬਰਡ ਫਲੂ


**ਕੋਚੀ :** ਕੇਰਲਾ ਦੇ ਅਲਾਪੁਝਾ ਦੇ ਐਡਥਵਾ ਗ੍ਰਾਮ ਪੰਚਾਇਤ ਦੇ ਵਾਰਡ-1 ਦੇ ਖੇਤਰ ਅਤੇ ਚੇਰੂਥਾਨਾ ਗ੍ਰਾਮ ਪੰਚਾਇਤ ਦੇ ਵਾਰਡ-3 ਦੇ ਖੇਤਰ 'ਚ ਪਾਲਤੂ ਬੱਤਖਾਂ 'ਚ ਬਰਡ ਫਲੂ ਦੀ ਪੁਸ਼ਟੀ ਹੋਈ ਹੈ। ਪ੍ਰਭਾਵਤ ਇਲਾਕੇ ਦੇ ਇੱਕ ਕਿਲੋਮੀਟਰ ਦੇ ਦਾਇਰੇ 'ਚ ਘਰੇਲੂ ਪੰਛੀਆਂ ਨੂੰ ਮਾਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ।

## ਈਰਾਨ ਵੱਲੋਂ ਜ਼ਬਤ ਜਹਾਜ਼ ਦੀ ਮੈਂਬਰ ਭਾਰਤ ਪਰਤੀ



**ਨਵੀਂ ਦਿੱਲੀ :** ਈਰਾਨ ਵੱਲੋਂ 13 ਅਪਰੈਲ ਨੂੰ ਜ਼ਬਤ ਕੀਤੇ ਗਏ ਕੰਟੇਨਰ ਜਹਾਜ਼ 'ਤੇ ਚਾਲਕ ਦਲ ਦੀ ਮੈਂਬਰ ਭਾਰਤੀ ਮਹਿਲਾ ਦੇਸ਼ ਪਰਤ ਆਈ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਤਹਿਰਾਨ 'ਚ ਉਸ ਦਾ ਮਿਸ਼ਨ 16 ਹੋਰ ਭਾਰਤੀ ਚਾਲਕ ਦਲ ਦੇ ਮੈਂਬਰਾਂ ਦੇ ਸੰਪਰਕ 'ਚ ਹੈ, ਜੋ ਹਾਲੇ ਵੀ ਜਹਾਜ਼ 'ਤੇ ਸਵਾਰ ਹਨ।

## ਛੱਤ ਡਿਗਣ ਨਾਲ ਮਜ਼ਦੂਰ ਦੱਬੇ ਗਏ



**ਰੂਪਨਗਰ :** ਵੀਰਵਾਰ ਪ੍ਰੀਤ ਕਲੋਨੀ 'ਚ ਜੈਕਾਂ ਦੀ ਮਦਦ ਨਾਲ ਪੁਰਾਣੇ ਮਕਾਨ ਦਾ ਲੈਂਟਰ ਉੱਚਾ ਚੁੱਕਦੇ ਸਮੇਂ ਛੱਤ ਡਿੱਗਣ ਕਾਰਨ ਅੱਧੀ ਦਰਜਨ ਦੇ ਕਰੀਬ ਮਜ਼ਦੂਰ ਮਲਬੇ ਹੇਠ ਦੱਬ ਗਏ। ਹਰਿਆਣਾ ਦੇ ਠੇਕੇਦਾਰ ਵੱਲੋਂ ਲੈਂਟਰ ਨੂੰ ਉੱਚਾ ਚੁੱਕਣ ਦਾ ਕੰਮ ਆਖਰੀ ਪੜਾਅ 'ਤੇ ਸੀ ਕਿ ਅਚਾਨਕ ਛੱਤ ਡਿੱਗ ਗਈ। ਮਜ਼ਦੂਰਾਂ ਨੂੰ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਸਨ।

## ਸ਼ਿਲਪਾ-ਕੁੰਦਰਾ ਦੀ 98 ਕਰੋੜ ਦੀ ਜਾਇਦਾਦ ਕੁਰਕ



**ਨਵੀਂ ਦਿੱਲੀ :** ਈ ਡੀ ਨੇ ਮਨੀ ਲਾਂਡਰਿੰਗ ਮਾਮਲੇ 'ਚ ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਉਸ ਦੇ ਪਤੀ ਰਾਜ ਕੁੰਦਰਾ ਦੇ ਪੁਣੇ ਵਿਚਲੇ ਬੰਗਲੇ ਅਤੇ ਸ਼ੇਅਰਾਂ ਸਮੇਤ 97.79 ਕਰੋੜ ਰੁਪਏ ਦੀ ਜਾਇਦਾਦ ਕੁਰਕ ਕੀਤੀ ਹੈ। ਮਾਮਲਾ ਬਿਟਕੋਇਨਾਂ ਦੀ ਵਰਤੋਂ ਰਾਹੀਂ ਨਿਵੇਸ਼ਕ ਫੰਡਾਂ ਦੀ ਧੋਖਾਧੜੀ ਨਾਲ ਸੰਬੰਧਤ ਹੈ। ਕੁਰਕ ਕੀਤੀਆਂ ਗਈਆਂ ਸੰਪਤੀਆਂ ਵਿਚ ਜੁਹੂ (ਮੁੰਬਈ) ਵਿਚ ਸ਼ੈਟੀ ਦੇ ਨਾਂਅ 'ਤੇ ਰਿਹਾਇਸ਼ੀ ਫਲੈਟ, ਪੁਣੇ ਵਿਚ ਰਿਹਾਇਸ਼ੀ ਬੰਗਲਾ ਅਤੇ ਕੁੰਦਰਾ ਦੇ ਨਾਂਅ 'ਤੇ ਸ਼ੇਅਰ ਸ਼ਾਮਲ ਹਨ। ਇਸ ਵਿੱਚ ਕਿਹਾ ਗਿਆ ਹੈ ਕਿ 97.79 ਕਰੋੜ ਰੁਪਏ ਦੀਆਂ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਕਰਨ ਲਈ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਹੁਕਮ ਜਾਰੀ ਕੀਤਾ ਗਿਆ।

## ਬ੍ਰਿਜ ਭੂਸ਼ਣ ਬਾਰੇ ਫੈਸਲਾ 26 ਤੱਕ ਟਲਿਆ

**ਨਵੀਂ ਦਿੱਲੀ :** ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਛੇ ਮਹਿਲਾ ਭਲਵਾਨਾਂ ਵੱਲੋਂ ਦਾਇਰ ਕੀਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਉਸ ਖਿਲਾਫ ਦੋਸ਼ ਆਇਦ ਕਰਨ ਬਾਰੇ ਇੱਥੋਂ ਦੀ ਅਦਾਲਤ ਹੁਣ 26 ਅਪਰੈਲ ਨੂੰ ਆਪਣਾ ਫੈਸਲਾ ਸੁਣਾ ਸਕਦੀ ਹੈ। ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਪ੍ਰਿਯੰਕਾ ਰਾਜਪੂਤ ਨੇ ਵੀਰਵਾਰ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਅਦਾਲਤ ਨੇ ਵੀਰਵਾਰ ਫੈਸਲਾ ਸੁਣਾਉਣਾ ਸੀ। ਮੁਲਜ਼ਮ ਨੇ ਦੋਸ਼ਾਂ ਦਾ ਜਵਾਬ ਦੇਣ ਅਤੇ ਹੋਰ ਜਾਂਚ ਲਈ ਸਮਾਂ ਮੰਗਦੇ ਹੋਏ ਕਿਹਾ ਕਿ ਉਹ ਘਟਨਾ ਦੀ ਮਿਤੀ ਸਮੇਂ ਭਾਰਤ 'ਚ ਨਹੀਂ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਉਸ ਦਿਨ ਉਸ ਦਾ ਡਬਲਿਊ ਐੱਫ ਆਈ ਦੇ ਦਫਤਰ 'ਚ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਭੂਸ਼ਣ ਨੇ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਕਿਹਾ ਕਿ ਉਹ 7 ਸਤੰਬਰ 2022 ਨੂੰ ਵਿਦੇਸ਼ 'ਚ ਸੀ।

# ਢਾਈ ਸਾਲਾ ਬੱਚੀ ਨੂੰ ਜਿਊਂਦੀ ਦਫਨਾਉਣ 'ਤੇ ਲੁਧਿਆਣਾ ਦੀ ਮਹਿਲਾ ਨੂੰ ਮੌਤ ਦੀ ਸਜ਼ਾ

**ਲੁਧਿਆਣਾ :** ਇਥੇ ਢਾਈ ਸਾਲਾ ਬੱਚੀ ਦਿਲਰੋਜ਼ ਕੌਰ ਨੂੰ ਜ਼ਿੰਦਾ ਦਫਨਾਉਣ ਦੇ ਮਾਮਲੇ ਵਿਚ ਅਦਾਲਤ ਨੇ ਗੁਆਂਢਣ ਨੀਲਮ ਨੂੰ ਵੀਰਵਾਰ ਮੌਤ ਦੀ ਸਜ਼ਾ ਸੁਣਾਈ।

ਸੈਸ਼ਨ ਜੱਜ ਮੁਨੀਸ਼ ਸਿੰਗਲ ਨੇ 12 ਅਪ੍ਰੈਲ ਨੂੰ ਸ਼ਿਮਲਾਪੁਰੀ ਦੀ 35 ਸਾਲਾ ਨੀਲਮ ਨੂੰ ਹਰਪ੍ਰੀਤ ਸਿੰਘ ਦੀ ਧੀ ਦਿਲਰੋਜ਼ ਕੌਰ ਦੀ ਬੇਰਹਿਮੀ ਨਾਲ ਹੱਤਿਆ ਦਾ ਦੋਸ਼ੀ ਠਹਿਰਾਇਆ ਸੀ।



ਦਿਲਰੋਜ਼ ਅਤੇ ਉਸ ਨੂੰ ਸਕੂਟਰ 'ਤੇ ਲਿਜਾਂਦੀ ਹਤਿਆਰਨ ਨੀਲਮ।

ਪੁਲਸ ਮੁਤਾਬਕ ਨੀਲਮ ਨੇ 28 ਨਵੰਬਰ 2021 ਨੂੰ ਸਲੇਮ ਟਾਬਰੀ ਇਲਾਕੇ ਵਿਚ ਟੋਆ ਪੁੱਟ ਕੇ ਦਿਲਰੋਜ਼ ਨੂੰ ਜ਼ਿੰਦਾ ਦਫਨਾ ਦਿੱਤਾ ਸੀ। ਦਿਲਰੋਜ਼ ਦੇ ਲਾਪਤਾ ਹੋਣ ਤੋਂ ਬਾਅਦ ਪੁਲਸ ਨੇ ਨੀਲਮ ਤੇ ਹੋਰਨਾਂ ਗੁਆਂਢੀਆਂ ਦੇ ਘਰਾਂ ਦੀ ਤਲਾਸ਼ੀ ਲਈ ਸੀ। ਨੀਲਮ ਨੇ ਉਦੋਂ ਦਿਲਰੋਜ਼ ਬਾਰੇ ਪਤਾ ਨਾ ਹੋਣ ਦੀ ਗੱਲ ਕਹੀ ਸੀ। ਉਸਨੇ ਬੜੇ ਨਾਰਮਲ ਢੰਗ ਨਾਲ ਪੁਲਸ ਨਾਲ ਗੱਲ ਕੀਤੀ ਸੀ। ਪਰ ਜਦੋਂ ਸੀ ਸੀ ਟੀ ਵੀ ਫੁਟੇਜ ਸਕੈਨ ਕੀਤੀ ਗਈ ਤਾਂ ਨੀਲਮ ਦਿਲਰੋਜ਼ ਨੂੰ ਸਕੂਟਰ 'ਤੇ ਬਿਠਾ ਕੇ ਲਿਜਾਂਦੀ ਨਜ਼ਰ ਆਈ। ਪੁੱਛਗਿੱਛ ਵਿਚ ਉਹ ਜੁਰਮ ਮੰਨ ਗਈ ਤੇ ਦੱਸ ਦਿੱਤਾ ਕਿ ਉਸਨੇ ਦਿਲਰੋਜ਼ ਨੂੰ ਟੋਏ ਵਿਚ ਦਫਨਾਇਆ। ਪੁਲਸ ਨੇ ਫਟਾਫਟ ਲਾਸ਼ ਕੱਢ ਕੇ ਡੀ ਐੱਮ ਸੀ ਲਿਆਂਦੀ, ਜਿੱਥੇ ਉਹ ਮਰ ਗਈ। ਘਟਨਾ ਤੋਂ ਕੁਝ ਦਿਨ ਪਹਿਲਾਂ ਨੀਲਮ ਦਾ ਹਰਪ੍ਰੀਤ ਸਿੰਘ ਤੇ ਉਸਦੀ ਪਤਨੀ ਨਾਲ ਮਾਮੂਲੀ ਮੁੱਦੇ 'ਤੇ ਝਗੜਾ ਹੋਇਆ ਸੀ। ਨੀਲਮ ਦੇ ਦੋ ਬੇਟੇ ਹਨ। ਗੁਰਪ੍ਰੀਤ ਹੁਰਾਂ ਨੀਲਮ ਦੇ ਬੇਟਿਆਂ ਨੂੰ ਖੱਪ ਪਾਉਣ ਤੋਂ ਰੋਕਿਆ ਸੀ। ਦੋਸ਼ ਨੂੰ ਸਾਬਤ ਕਰਨ ਲਈ 25 ਤੋਂ ਵੱਧ ਗਵਾਹ ਪੇਸ਼ ਕੀਤੇ ਗਏ ਸਨ। ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਪਣੇ ਬੱਚੇ ਲਈ ਬਾਜ਼ਾਰ ਤੋਂ ਖਿਡੌਣੇ ਤੇ ਚੀਜ਼ਾਂ ਲਿਆਉਂਦਾ ਹੁੰਦਾ ਸੀ। ਨੀਲਮ ਦਾ ਤਲਾਕ ਹੋ ਚੁੱਕਾ ਸੀ ਤੇ ਉਹ ਆਪਣੇ ਬੱਚਿਆਂ ਲਈ ਚੀਜ਼ਾਂ ਨਹੀਂ ਲਿਆ ਪਾਉਂਦੀ ਸੀ। ਇਸੇ ਕਰਕੇ ਦਿਲਰੋਜ਼ ਤੋਂ ਸੜਦੀ ਸੀ।

# ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸਕੂਲ ਦੀਆਂ ਕੁੜੀਆਂ ਦਸਵੀਂ 'ਚ ਫਸਟ ਤੇ ਸੈਕੰਡ



ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਲੁਧਿਆਣਾ ਦੀ ਸੂਬੇ ਵਿਚ ਫਸਟ ਆਈ ਆਦਿਤੀ (ਖੱਬੇ) ਤੇ ਸੈਕਿੰਡ ਆਈ ਅਲੀਸ਼ਾ ਸ਼ਰਮਾ (ਸੱਜੇ) ਨੂੰ ਚੁੱਕੀ ਖੁਸ਼ੀ ਦਾ ਇਜ਼ਹਾਰ ਕਰਦੀਆਂ ਸਾਥਣਾਂ।

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਦੇ ਵੀਰਵਾਰ ਐਲਾਨੇ ਨਤੀਜੇ ਵਿਚ ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਸ਼ਿਮਲਾਪੁਰੀ (ਲੁਧਿਆਣਾ) ਦੀ ਆਦਿਤੀ ਪੁੱਤਰੀ ਅਜੈ ਕੁਮਾਰ ਸਿੰਘ ਨੇ 650 ਵਿੱਚੋਂ 650 ਅੰਕ ਪ੍ਰਾਪਤ ਕਰਕੇ ਪੰਜਾਬ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਸੇ ਸਕੂਲ ਦੀ ਅਲੀਸ਼ਾ ਸ਼ਰਮਾ ਪੁੱਤਰੀ ਮਹਿੰਦਰ ਸ਼ਰਮਾ ਨੇ 650 ਵਿੱਚੋਂ 645 ਅੰਕ ਲੈ ਕੇ ਦੂਜਾ ਅਤੇ ਅੰਬਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨਵਾਂ ਤਨੈਲ ਤਹਿਸੀਲ ਬਕਾਲਾ (ਅੰਮ੍ਰਿਤਸਰ) ਦੀ ਕਰਮਨਪ੍ਰੀਤ ਕੌਰ ਪੁੱਤਰੀ ਜਗਰੂਪ ਸਿੰਘ ਨੇ 650 ਵਿੱਚੋਂ 645 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਸਾਲ ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਕੁੱਲ 2,81,098 ਪ੍ਰੀਖਿਆਰਥੀ ਪ੍ਰੀਖਿਆ ਵਿੱਚ ਬੈਠੇ ਸਨ, ਜਿਨ੍ਹਾਂ ਵਿੱਚੋਂ 2,73,348 ਪਾਸ ਹੋਏ ਅਤੇ ਇਸ ਨਤੀਜੇ ਦੀ ਪਾਸ ਪ੍ਰਤੀਸ਼ਤਤਾ 97.24 ਰਹੀ ਹੈ। 10ਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ 'ਚ 2, 81,098 ਰੈਗੂਲਰ ਪ੍ਰੀਖਿਆਰਥੀ ਨੇ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ 'ਚੋਂ 2,73,348 ਪ੍ਰੀਖਿਆਰਥੀ ਪਾਸ ਹੋਏ ਹਨ ਅਤੇ ਇਨਾਂ ਦੀ ਪਾਸ ਪ੍ਰਤੀਸ਼ਤਤਾ 97.24 ਫ਼ੀਸਦੀ ਰਹੀ ਹੈ। ਇਸੇ ਤਰ੍ਹਾਂ ਓਪਨ ਸਕੂਲ ਦੇ 10,825 ਪ੍ਰੀਖਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ 'ਚੋਂ 7,665 ਪ੍ਰੀਖਿਆਰਥੀ ਪਾਸ ਹੋਏ ਹਨ। ਇਸ ਸਾਲ 394 ਪ੍ਰੀਖਿਆਰਥੀ ਫੇਲ੍ਹ ਹੋਏ।



ਕਰਮਨਪ੍ਰੀਤ ਕੌਰ

ਇਸੇ ਤਰ੍ਹਾਂ 7,166 ਪ੍ਰੀਖਿਆਰਥੀਆਂ ਦੀ ਰੀਅਪੀਅਰ ਆਈ ਹੈ। ਜਿਹੜੇ ਪ੍ਰੀਖਿਆਰਥੀ ਇਸ ਪ੍ਰੀਖਿਆ ਵਿੱਚ ਸਫ਼ਲ ਨਹੀਂ ਹੋ ਸਕੇ, ਉਨ੍ਹਾਂ ਦੀ ਜਲਦ ਸਪਲੀਮੈਂਟਰੀ ਪ੍ਰੀਖਿਆ ਕਰਵਾਈ ਜਾਵੇਗੀ। ਜਿਸ ਦੇ ਲਈ ਸੰਬੰਧਤ ਵਿਦਿਆਰਥੀ ਵੱਖਰੇ ਤੌਰ 'ਤੇ ਫਾਰਮ ਆਦਿ ਭਰਨਗੇ, ਜਿਸ ਸੰਬੰਧੀ ਵੱਖਰੇ ਤੌਰ ਤੇ ਅਖਬਾਰ ਰਾਹੀਂ ਸੂਚਿਤ ਕੀਤਾ ਜਾਵੇਗਾ। ਪੂਰੇ ਵੇਰਵੇ ਸ਼ੁੱਕਰਵਾਰ 19 ਅਪ੍ਰੈਲ 10 ਵਜੇ ਸਿੱਖਿਆ ਬੋਰਡ ਦੀ ਵੈਬਸਾਈਟ 'ਤੇ ਉਪਲਬਧ ਹੋਣਗੇ।

# ਵੋਟਾਂ ਦੇ ਮਿਲਾਨ ਬਾਰੇ ਫੈਸਲਾ ਰਾਖਵਾਂ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟਰੇਲ (ਵੀ ਵੀ ਪੀ ਏ ਟੀ) ਨਾਲ ਈ ਵੀ ਐੱਮ ਰਾਹੀਂ ਪਾਈਆਂ ਵੋਟਾਂ ਦਾ ਪੂਰਾ ਮਿਲਾਨ ਕਰਨ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਵੀਰਵਾਰ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਪਟੀਸ਼ਨਾਂ 'ਤੇ ਚੋਣ ਕਮਿਸ਼ਨ ਦਾ ਜਵਾਬ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖਿਆ। ਪਟੀਸ਼ਨਰਾਂ ਨੇ ਹੋਰਨਾਂ ਮੰਗਾਂ ਤੋਂ ਇਲਾਵਾ ਵੀ ਵੀ ਪੀ ਏ ਟੀ ਮਸ਼ੀਨਾਂ ਦੇ ਸ਼ੀਸ਼ੇ ਨੂੰ ਪਾਰਦਰਸ਼ੀ ਬਣਾਉਣ ਦੀ ਮੰਗ ਕੀਤੀ ਹੈ। ਸੁਣਵਾਈ ਦੌਰਾਨ ਚੋਣ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਕਿ ਕੇਰਲਾ ਦੇ ਕਾਸਰਗੋਡ 'ਚ ਹੋਏ ਮੌਕ ਪੋਲ ਦੌਰਾਨ ਈ ਵੀ ਐੱਮ ਵਿਚ ਪਈਆਂ ਵੋਟਾਂ ਅਤੇ ਵੀ ਵੀ ਪੀ ਏ ਟੀ ਸਲਿੱਪਾਂ ਦੀ ਗਿਣਤੀ 'ਚ ਅੰਤਰ ਸੀ। ਸੀਨੀਅਰ ਡਿਪਟੀ ਚੋਣ ਕਮਿਸ਼ਨਰ ਨਿਤੀਸ਼ ਕੁਮਾਰ ਵਿਆਸ ਨੇ ਬੈਂਚ ਨੂੰ ਕਿਹਾ—ਇਹ ਰਿਪੋਰਟਾਂ ਝੂਠੀਆਂ ਹਨ। ਅਸੀਂ ਡੀ ਸੀ ਤੋਂ ਦੋਸ਼ਾਂ ਦੀ ਜਾਂਚ ਕਰਵਾਈ ਤੇ ਇਹ ਸਾਹਮਣੇ ਆਇਆ ਕਿ ਇਹ ਝੂਠੇ ਦੋਸ਼ ਸਨ। ਅਸੀਂ ਅਦਾਲਤ ਨੂੰ ਵਿਸਤ੍ਰਿਤ ਰਿਪੋਰਟ ਸੌਂਪਾਂਗੇ।

ਇਸੇ ਦੌਰਾਨ ਸੀ ਪੀ ਆਈ (ਐੱਮ) ਦੀ ਅਗਵਾਈ ਵਾਲੇ ਖੱਬੇ ਜਮਹੂਰੀ ਮੁਹਾਜ਼ ਨੇ ਵੀਰਵਾਰ ਕਿਹਾ ਕਿ ਕਾਸਰਗੋਡ ਲੋਕ ਸਭਾ ਹਲਕੇ 'ਚ ਕਰਵਾਏ ਮੌਕ ਮਤਦਾਨ ਦੌਰਾਨ ਭਾਜਪਾ ਉਮੀਦਵਾਰ ਦੇ ਪੱਖ 'ਚ ਗਲਤ ਤਰੀਕੇ ਨਾਲ ਵੋਟਾਂ ਦਰਜ ਕਰਨ ਵਾਲੀਆਂ ਕੁਝ ਵੋਟਿੰਗ ਮਸ਼ੀਨਾਂ ਬਾਰੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇਗੀ।

## ਕੇਜਰੀਵਾਲ 'ਤੇ ਅੰਬਾਂ ਦੇ ਆਹੂ ਲਾਹੁਣ ਦਾ ਦੋਸ਼

**ਨਵੀਂ ਦਿੱਲੀ :** ਆਬਕਾਰੀ ਘਪਲੇ ਦੇ ਮਾਮਲੇ 'ਚ ਗ੍ਰਿਫਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਟਾਈਪ 2 ਡਾਇਬਟੀਜ਼ ਹੋਣ ਦੇ ਬਾਵਜੂਦ ਹਰ ਰੋਜ਼ ਅੰਬ ਅਤੇ ਮਠਿਆਈਆਂ ਜ਼ਿਆਦਾ ਖਾ ਰਹੇ ਹਨ ਤਾਂ ਜੋ ਮੈਡੀਕਲ ਜ਼ਮਾਨਤ ਦਾ ਆਧਾਰ ਬਣਾਇਆ ਜਾ ਸਕੇ। ਇਹ ਦਾਅਵਾ ਵੀਰਵਾਰ ਇਥੇ ਈ ਡੀ ਨੇ ਸਪੈਸ਼ਲ ਜੱਜ ਕਾਵੇਰੀ ਬਵੇਜਾ ਦੇ ਸਾਹਮਣੇ ਕੀਤਾ। ਅਦਾਲਤ ਨੇ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਕੇਜਰੀਵਾਲ ਦੇ ਖੁਰਾਕ ਚਾਰਟ ਸਮੇਤ ਮਾਮਲੇ 'ਚ ਰਿਪੋਰਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਸਨ। ਈਡੀ ਨੇ ਕਿਹਾ ਕਿ ਕੇਜਰੀਵਾਲ ਰੋਜ਼ਾਨਾ ਆਲੂ ਪੂਰੀ, ਅੰਬ, ਮਠਿਆਈਆਂ ਖਾ ਰਹੇ ਹਨ। ਅਜਿਹਾ ਮੈਡੀਕਲ ਜ਼ਮਾਨਤ ਲਈ ਆਧਾਰ ਬਣਾਉਣ ਲਈ ਕੀਤਾ ਜਾ ਰਿਹਾ ਹੈ।

## ਕਿਸਾਨ ਦਾ ਕਤਲ

**ਜੰਡਿਆਲਾ ਗੁਰੂ :** ਨੇੜਲੇ ਪਿੰਡ ਧੀਰੇਕੋਟ ਇੱਕ ਵਿਅਕਤੀ ਦਾ ਅਣਪਛਾਤਿਆਂ ਨੇ ਕਤਲ ਕਰ ਦਿੱਤਾ।



ਬਚਿੱਤਰ ਸਿੰਘ ਨੇ ਦੱਸਿਆ ਉਸ ਦਾ ਵੱਡਾ ਭਰਾ ਸੁਖਦੇਵ ਸਿੰਘ ਉਰਫ ਲਾਡੀ (47) ਖੇਤੀਬਾੜੀ ਕਰਦਾ ਸੀ। ਭਰਜਾਈ ਰਣਜੀਤ ਕੌਰ ਨੇ ਦੱਸਿਆ ਕਿ ਸੁਖਦੇਵ ਸਿੰਘ ਦੇ ਮੋਬਾਈਲ ਉੱਪਰ ਤੜਕੇ ਕਰੀਬ 3.30 ਵਜੇ ਕਿਸੇ ਮਨੀ ਨਾਂ ਦੇ ਵਿਅਕਤੀ ਦਾ ਫੋਨ ਆ ਰਿਹਾ ਸੀ, ਜਿਸ ਕਾਰਨ ਸੁਖਦੇਵ ਸਿੰਘ ਤੜਕੇ 3.30 ਵਜੇ ਉੱਠ ਕੇ ਗਿਆ ਅਤੇ ਵਾਪਸ ਨਹੀਂ ਆਇਆ। ਲੱਭਣ ਲਈ ਖੇਤਾਂ 'ਚ ਗਏ ਤਾਂ ਉਸਦੀ ਲਾਸ਼ ਮੋਟਰ ਨੇੜੇ ਮੱਕੀ ਦੇ ਖੇਤ 'ਚ ਮਿਲੀ। ਉਸ ਦੇ ਸਰੀਰ 'ਤੇ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਸਨ। ਡੀ ਐੱਸ ਪੀ ਜੰਡਿਆਲਾ ਗੁਰੂ ਅਰਵਿੰਦਰ ਸਿੰਘ ਨੇ ਦੱਸਿਆ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ।

## ਗੈਰ-ਕਾਨੂੰਨੀ ਅਮਰੀਕਾ ਪੁੱਜੇ ਜਸਪਾਲ ਸਿੰਘ ਦੀ ਮੌਤ

**ਵਾਸ਼ਿੰਗਟਨ :** ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਏ ਭਾਰਤੀ ਨਾਗਰਿਕ ਜਸਪਾਲ ਸਿੰਘ (57) ਦੀ ਅਟਲਾਂਟਾ ਦੇ ਹਸਪਤਾਲ 'ਚ ਮੌਤ ਹੋ ਗਈ। ਉਸ ਨੂੰ ਭਾਰਤ ਵਾਪਸ ਭੇਜਿਆ ਜਾਣਾ ਸੀ। ਭਾਰਤੀ ਕੌਂਸਲੇਟ ਤੇ ਉਸ ਦੇ ਪਰਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ ਕਿ ਜਸਪਾਲ ਸਿੰਘ ਦੀ 15 ਅਪਰੈਲ ਨੂੰ ਅਟਲਾਂਟਾ ਦੇ ਹਸਪਤਾਲ 'ਚ ਮੌਤ ਹੋਈ। ਜਸਪਾਲ ਸਿੰਘ ਪਹਿਲੀ ਵਾਰ 25 ਅਕਤੂਬਰ 1992 ਨੂੰ ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖਲ ਹੋਇਆ ਸੀ। 21 ਜਨਵਰੀ 1998 ਨੂੰ ਇਮੀਗ੍ਰੇਸ਼ਨ ਜੱਜ ਨੇ ਉਸ ਨੂੰ ਅਮਰੀਕਾ ਛੱਡਣ ਦਾ ਹੁਕਮ ਦਿੱਤਾ, ਜਿਸ ਤੋਂ ਬਾਅਦ ਉਹ ਭਾਰਤ ਪਰਤ ਗਿਆ। ਉਸ ਨੇ 29 ਜੂਨ 2023 ਨੂੰ ਦੁਬਾਰਾ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਅਧਿਕਾਰੀਆਂ ਨੇ ਉਸ ਨੂੰ ਅਮਰੀਕਾ-ਮੈਕਸੀਕੋ ਸਰਹੱਦ ਤੋਂ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਕਰਨ ਤੋਂ ਬਾਅਦ ਉਸ ਨੂੰ ਅਟਲਾਂਟਾ ਦੇ ਐਨਫੋਰਸਮੈਂਟ ਐਂਡ ਰਿਮੂਵਲ ਅਪਰੇਸ਼ਨਜ਼ ਦੇ ਹਵਾਲੇ ਕਰ ਦਿੱਤਾ ਗਿਆ ਸੀ, ਜਿੱਥੋਂ ਉਸ ਨੂੰ ਅਟਲਾਂਟਾ ਦੇ ਨਜ਼ਰਬੰਦੀ ਕੇਂਦਰ 'ਚ ਰੱਖਿਆ ਗਿਆ ਸੀ।

## ਪਹਿਲੇ ਗੇੜ ਦੀ ਪੋਲਿੰਗ ਅੱਜ

**ਨਵੀਂ ਦਿੱਲੀ :** ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ 21 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 102 ਹਲਕਿਆਂ 'ਚ ਸ਼ੁੱਕਰਵਾਰ ਵੋਟਾਂ ਪੈਣਗੀਆਂ। ਇਸਦੇ ਨਾਲ ਹੀ ਅਰੁਣਾਚਲ ਤੇ ਸਿੱਕਮ ਅਸੰਬਲੀ ਲਈ ਵੀ ਪੋਲਿੰਗ ਹੋਵੇਗੀ।

ਇਸੇ ਦੌਰਾਨ ਲੋਕ ਸਭਾ ਚੋਣਾਂ ਦੇ ਚੌਥੇ ਗੇੜ ਲਈ ਨਾਮਜ਼ਦਗੀ ਪ੍ਰਕਿਰਿਆ ਵੀਰਵਾਰ ਸ਼ੁਰੂ ਹੋ ਗਈ। ਤੀਜੇ ਗੇੜ ਵਿਚ 13 ਮਈ ਨੂੰ 96 ਸੀਟਾਂ 'ਤੇ ਵੋਟਿੰਗ ਹੋਵੇਗੀ। ਇਸ ਗੇੜ ਵਿਚ ਆਂਧਰਾ (25) ਅਤੇ ਤਿਲੰਗਾਨਾ (17) ਦੀਆਂ ਸਾਰੀਆਂ ਸੀਟਾਂ 'ਤੇ ਵੋਟਿੰਗ ਹੋਵੇਗੀ।

ਲੋਕ ਸਭਾ ਚੋਣਾਂ ਦੇ ਨਾਲ-ਨਾਲ ਆਂਧਰਾ 'ਚ 13 ਮਈ ਨੂੰ ਵਿਧਾਨ ਸਭਾ ਚੋਣਾਂ ਵੀ ਹੋਣੀਆਂ ਹਨ।

## ਸ਼ੰਭੂ ਸਟੇਸ਼ਨ 'ਤੇ ਕਿਸਾਨਾਂ ਦਾ ਧਰਨਾ ਜਾਰੀ



**ਅੰਬਾਲਾ :** ਹਰਿਆਣਾ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਤਿੰਨ ਕਿਸਾਨਾਂ ਦੀ ਰਿਹਾਈ ਲਈ ਵੀਰਵਾਰ ਦੂਜੇ ਦਿਨ ਰੇਲ ਪਟੜੀਆਂ 'ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਬੈਨਰ ਹੇਠ ਕਿਸਾਨਾਂ ਦਾ ਧਰਨਾ ਜਾਰੀ ਰਿਹਾ।

ਕਿਸਾਨ ਆਪਣੀਆਂ ਮੰਗਾਂ ਲਈ ਪੰਜਾਬ-ਹਰਿਆਣਾ ਸਰਹੱਦ ਨੇੜੇ ਪਟਿਆਲਾ ਜ਼ਿਲ੍ਹੇ ਦੇ ਸ਼ੰਭੂ 'ਚ ਰੇਲਵੇ ਲਾਈਨ 'ਤੇ ਬੈਠੇ ਹੋਏ ਹਨ। ਕਿਸਾਨਾਂ ਦਾ ਵਿਰੋਧ ਜਾਰੀ ਰਹਿਣ 'ਤੇ ਅੰਬਾਲਾ ਰੇਲਵੇ ਡਿਵੀਜ਼ਨ ਦੇ ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ 53 ਰੇਲ ਗੱਡੀਆਂ ਨੂੰ ਰੱਦ ਕਰ ਦਿੱਤਾ ਗਿਆ, 12 ਨੂੰ ਉਨ੍ਹਾਂ ਦੀ ਮੰਜ਼ਿਲ ਤੋਂ ਪਹਿਲਾਂ ਹੀ ਰੋਕ ਦਿੱਤਾ ਗਿਆ ਅਤੇ 23 ਨੂੰ ਮੋੜ ਦਿੱਤਾ ਗਿਆ।


## ਭਾਜਪਾ ਸਾਂਸਦ ਨੂੰ ਬਲੈਕਮੇਲ ਕਰਨ ਦੇ ਦੋਸ਼ 'ਚ ਕੇਸ ਦਰਜ

**ਲਖਨਊ :** ਹਜ਼ਰਤਗੰਜ ਥਾਣੇ 'ਚ ਉਸ ਔਰਤ ਸਮੇਤ ਛੇ ਲੋਕਾਂ ਖਿਲਾਫ ਐੱਫ ਆਈ ਆਰ ਦਰਜ ਕੀਤੀ ਗਈ ਹੈ, ਜਿਸ ਨੇ ਦਾਅਵਾ ਕੀਤਾ ਸੀ ਕਿ ਭਾਜਪਾ ਸਾਂਸਦ ਰਵੀ ਕਿਸ਼ਨ ਉਸ ਦੀ ਧੀ ਦਾ ਪਿਤਾ ਹੈ। ਇਹ ਐੱਫ ਆਈ ਆਰ ਰਵੀ ਕਿਸ਼ਨ ਦੀ ਪਤਨੀ ਪ੍ਰੀਤੀ ਸ਼ੁਕਲਾ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ। ਐੱਫ ਆਈ ਆਰ 'ਚ ਔਰਤ ਅਪਰਨਾ ਠਾਕੁਰ ਤੋਂ ਇਲਾਵਾ ਉਸ ਦੇ ਪਤੀ ਰਾਜੇਸ਼ ਸੋਨੀ, ਬੇਟੀ ਸੇਨੋਵਾ ਸੋਨੀ, ਬੇਟੇ ਸੋਨਕ ਸੋਨੀ, ਸਮਾਜਵਾਦੀ ਪਾਰਟੀ ਦੇ ਨੇਤਾ ਵਿਵੇਕ ਕੁਮਾਰ ਪਾਂਡੇ ਅਤੇ ਪੱਤਰਕਾਰ ਖੁਰਸ਼ੀਦ ਖਾਨ ਦਾ ਨਾਂਅ ਸ਼ਾਮਲ ਹੈ। ਪ੍ਰੀਤੀ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਅਪਰਨਾ ਸੋਨੀ ਉਰਫ ਅਪਰਨਾ ਠਾਕੁਰ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਉਸ ਦੇ ਅੰਡਰਵਰਲਡ ਨਾਲ ਸੰਬੰਧ ਹਨ। ਉਸ ਨੇ ਕਥਿਤ ਤੌਰ 'ਤੇ 20 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ ਅਤੇ ਧਮਕੀ ਦਿੱਤੀ ਸੀ ਕਿ ਜੇ ਮੰਗ ਪੂਰੀ ਨਾ ਕੀਤੀ ਤਾਂ ਉਹ ਰਵੀ ਕਿਸ਼ਨ ਨੂੰ ਬਲਾਤਕਾਰ ਦੇ ਝੂਠੇ ਕੇਸ 'ਚ ਫਸਾ ਕੇ ਉਸ ਦਾ ਅਕਸ ਖਰਾਬ ਕਰ ਦੇਵੇਗੀ। ਭਾਜਪਾ ਨੇ ਰਵੀ ਕਿਸ਼ਨ ਨੂੰ ਲੋਕ ਸਭਾ ਚੋਣਾਂ ਲਈ ਗੋਰਖਪੁਰ ਤੋਂ ਚੋਣ ਲੜਨ ਲਈ ਮੁੜ ਨਾਮਜ਼ਦ ਕੀਤਾ ਹੈ।

# ਦਸਤਖਤ ਕਰਾਉਣ ਲਈ ਮਰੇ ਬੰਦੇ ਨੂੰ ਬੈਂਕ ਲਿਆਈ

**ਰੀਓ ਡੀ ਜਨੇਰੀਓ :** ਬ੍ਰਾਜ਼ੀਲ 'ਚ ਔਰਤ ਕਰਜ਼ਾ ਲੈਣ ਲਈ ਦਸਤਖਤ ਕਰਾਉਣ ਵਾਸਤੇ ਬੈਂਕ 'ਚ ਵ੍ਹੀਲਚੇਅਰ 'ਤੇ ਆਪਣੇ ਰਿਸ਼ਤੇਦਾਰ ਦੀ ਲਾਸ਼ ਲੈ ਆਈ। ਸੀ ਸੀ ਟੀ ਵੀ ਕੈਮਰੇ ਦੀ ਵੀਡੀਓ 'ਚ ਨਜ਼ਰ ਆਇਆ ਕਿ ਐਰਿਕਾ ਵਿਏਰਾ ਨੂਨੇਸ 68 ਸਾਲਾ ਮਰੇ ਵਿਅਕਤੀ ਨੂੰ ਵ੍ਹੀਲਚੇਅਰ 'ਚ ਬੈਂਕ ਲਿਆਈ ਤਾਂ ਜੋ ਉਹ ਕਰਜ਼ੇ ਦੇ ਕਾਗਜ਼ਾਂ 'ਤੇ ਦਸਤਖਤ ਕਰ ਸਕੇ।

ਔਰਤ ਨੂੰ ਗ੍ਰਿਫਤਾਰ ਕਰ ਲਿਆ ਗਿਆ। ਰੀਓ ਡੀ ਜਨੇਰੀਓ ਬੈਂਕ ਦੇ ਕਰਮਚਾਰੀਆਂ ਨੇ ਪੁਲਸ ਸੱਦ ਲਈ, ਜਦੋਂ ਉਨ੍ਹਾਂ ਨੂੰ ਔਰਤ 'ਤੇ ਸ਼ੱਕ ਪਿਆ।



ਵਿਅਕਤੀ ਦੀ ਮੌਤ ਕਿਵੇਂ ਅਤੇ ਕਦੋਂ ਹੋਈ, ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਵਾਇਰਲ ਵੀਡੀਓ ਮੁਤਾਬਕ ਔਰਤ ਵਾਰ-ਵਾਰ ਮਰੇ ਵਿਅਕਤੀ ਦੇ ਹੱਥ 'ਚ ਪੈੱਨ ਫੜਾਉਂਦੀ ਤੇ ਉਸ ਨੂੰ ਦਸਤਖਤ ਕਰਨ ਲਈ ਕਹਿੰਦੀ ਹੈ। ਉਹ ਵਾਰ-ਵਾਰ ਕਹਿੰਦੀ-ਅੰਕਲ ਕੀ ਤੁਸੀਂ ਸੁਣ ਰਹੇ ਹੋ? ਤੁਸੀਂ ਦਸਤਖਤ ਕਰਨੇ ਨੇ। ਜੇ ਤੁਸੀਂ ਠੀਕ ਨਹੀਂ, ਤਾਂ ਮੈਂ ਤੁਹਾਨੂੰ ਹਸਪਤਾਲ ਲੈ ਜਾਵਾਂਗੀ। ਔਰਤ ਦੇ ਵਕੀਲ ਨੇ ਦਲੀਲ ਦਿੱਤੀ ਕਿ ਵਿਅਕਤੀ ਦੀ ਬੈਂਕ 'ਚ ਮੌਤ ਹੋਈ, ਪਰ ਪੁਲਸ ਦੇ ਫੋਰੈਂਸਿਕ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਉਸ ਦੀ ਮੌਤ ਪਹਿਲਾਂ ਦੀ ਹੋਈ ਸੀ।

# ਰਾਜੂ ਸ਼ੂਟਰ ਪੁਲਸ ਹਿਰਾਸਤ 'ਚੋਂ ਫਰਾਰ

**ਤਰਨ ਤਾਰਨ :** ਇੱਥੋਂ ਦੇ ਸਿਵਲ ਹਸਪਤਾਲ ਵਿਚ ਦਾਖਲ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਵਾਸੀ ਸੰਘਾ ਆਪਣੇ ਤਿੰਨ ਹਥਿਆਰਬੰਦ ਸਾਥੀਆਂ ਦੀ ਮਦਦ ਨਾਲ ਬੁੱਧਵਾਰ ਰਾਤ ਫਰਾਰ ਹੋ ਗਿਆ। ਇਲਾਕੇ ਦੇ ਪਿੰਡ ਢੋਟੀਆਂ ਦੀ ਸਟੇਟ ਬੈਂਕ ਆਫ਼ ਇੰਡੀਆ ਬਰਾਂਚ 'ਚ ਡਕੈਤੀ ਦੀ ਕੋਸ਼ਿਸ਼ ਤੋਂ ਇਲਾਵਾ ਦਰਜਨ ਦੇ ਕਰੀਬ ਅਪਰਾਧੀ ਵਾਰਦਾਤਾਂ ਵਿਚ ਸ਼ਾਮਲ ਰਾਜੂ ਸ਼ੂਟਰ ਨੂੰ ਕੁਝ ਚਿਰ ਪਹਿਲਾਂ ਤਰਨ ਤਾਰਨ ਦੀ ਸੀ ਆਈ ਏ ਸਟਾਫ ਪੁਲਸ ਨੇ ਝਬਾਲ ਇਲਾਕੇ ਤੋਂ ਮੁਕਾਬਲੇ ਵਿਚ ਗ੍ਰਿਫਤਾਰ ਕੀਤਾ ਸੀ। ਉਹ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਚ ਬੰਦ ਸੀ ਅਤੇ ਉਸ ਦੀ ਲੱਤ ਵਿਚ ਪਿਆ ਸਰੀਆ ਬਾਹਰ ਕੱਢਣ ਲਈ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਸੀ, ਜਿਥੇ ਉਸ ਲਈ ਤਿੰਨ ਸੁਰੱਖਿਆ ਮੁਲਾਜ਼ਮ ਤਾਇਨਾਤ ਸਨ। ਥਾਣਾ ਸਿਟੀ ਦੇ ਐੱਸ ਐੱਚ ਓ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਰਾਜੂ ਸ਼ੂਟਰ ਅੱਧੀ ਰਾਤ ਨੂੰ ਦੋ ਮੋਟਰ ਸਾਈਕਲਾਂ 'ਤੇ ਆਏ ਆਪਣੇ ਤਿੰਨ ਹਥਿਆਰਬੰਦ ਸਾਥੀਆਂ ਨਾਲ ਹਸਪਤਾਲ 'ਚੋਂ ਫਰਾਰ ਹੋ ਗਿਆ। ਵਾਰਦਾਤ ਮੌਕੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਵਿਚੋਂ 2 ਹੀ ਹਾਜ਼ਰ ਸਨ।



ਡੀ ਐੱਸ ਪੀ ਤਰਸੇਮ ਮਸੀਹ ਨੇ ਦੱਸਿਆ ਕਿ ਇਸ ਸੰਬੰਧੀ ਰਾਜੂ ਸ਼ੂਟਰ ਤੇ ਉਸ ਦੇ ਸਾਥੀ ਗੁਲਾਬ ਸਿੰਘ ਤੋਂ ਇਲਾਵਾ ਹੋਰਾਂ ਖਿਲਾਫ ਅਸਲਾ ਐਕਟ ਸਮੇਤ ਦਫਾ 224, 341, 50 ਅਧੀਨ ਕੇਸ ਦਰਜ ਕਰ ਲਿਆ ਹੈ।

## ਅੱਜ-ਨਾਮਾ

ਪਿਆ ਈ ਵੋਟਿੰਗ ਮਸ਼ੀਨਾਂ ਦਾ ਫੇਰ ਰੱਟਾ,
ਗਲਤ ਵੋਟਿੰਗ ਦਾ ਲੱਗੇਇਲਜ਼ਾਮ ਬੇਲੀ।
ਸੁਣਿਆ ਕਿਸੇ ਵੀ ਧਿਰ ਦੀ ਵੋਟ ਪਾਈਏ,
ਇੱਕੋ ਈ ਪਾਰਟੀ ਦਾ ਜਪਦੀ ਨਾਮ ਬੇਲੀ।
ਸੁਪਰੀਮ ਕੋਰਟ ਦੇ ਕੋਲ ਫਿਰ ਗੱਲ ਪੁੱਜੀ,
ਚੋਣ ਸਿਸਟਮ ਤੱਕ ਹੁੰਦਾ ਬਦਨਾਮ ਬੇਲੀ।
ਪਹਿਲੀ ਵਾਰੀ ਨਹੀਂ ਏਦਾਂ ਦਾ ਦੋਸ਼ ਲੱਗਾ,
ਇਹਦੀ ਚਰਚਾ ਹੈ ਚਿਰਾਂ ਦੀ ਆਮ ਬੇਲੀ।
ਗਲਤ ਮਸ਼ੀਨ ਜਾਂ ਲੱਗ ਰਿਹਾ ਦੋਸ਼ ਫੋਕਾ,
ਦੋਵਾਂ ਈ ਧਿਰਾਂ ਦਾ ਆਪਣਾ ਤਰਕ ਬੇਲੀ।
ਪਿਆ ਸੀ ਸ਼ੱਕ ਤਾਂ ਚਾਹੀਦਾ ਦੂਰ ਕਰਨਾ,
ਚਾਹੀਦਾ ਹੋਣਾ ਨਾ ਵਾਲ਼ ਦਾ ਫਰਕ ਬੇਲੀ।

-ਤੀਸ ਮਾਰ ਖਾਂ

# ਬੱਚਿਆਂ ਲਈ ਨੈਸਲੇ ਦੇ ਉਤਪਾਦਾਂ 'ਚ ਖੰਡ ਦੀ ਜ਼ਿਆਦਾ ਵਰਤੋਂ

**ਨਵੀਂ ਦਿੱਲੀ :** ਦੁਨੀਆ ਦੀ ਸਭ ਤੋਂ ਵੱਡੀ ਖਪਤਕਾਰ ਉਤਪਾਦ ਕੰਪਨੀ ਨੈਸਲੇ ਬਾਰੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਉਹ ਦੁੱਧ ਅਤੇ ਬੱਚਿਆਂ ਦੇ ਉਤਪਾਦਾਂ 'ਚ ਖੰਡ ਅਤੇ ਸ਼ਹਿਦ ਵਰਗੀਆਂ ਚੀਜ਼ਾਂ ਮਿਲਾ ਰਹੀ ਹੈ, ਜੋ ਕਿ ਮੋਟਾਪੇ ਅਤੇ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਜਾਰੀ ਕੌਮਾਂਤਰੀ ਮਾਪਦੰਡਾਂ ਦੇ ਬਿਲਕੁਲ ਉਲਟ ਹੈ। ਨੈਸਲੇ ਵੱਲੋਂ ਗਰੀਬ ਦੇਸ਼ਾਂ 'ਚ ਵੇਚੇ ਜਾਣ ਵਾਲੇ ਬੱਚਿਆਂ ਦੇ ਦੁੱਧ 'ਚ ਵੱਧ ਮਾਤਰਾ 'ਚ ਖੰਡ ਮਿਲਾਈ ਜਾਂਦੀ ਹੈ, ਪਰ ਯੂਰਪ ਜਾਂ ਬਰਤਾਨੀਆ ਦੇ ਬਾਜ਼ਾਰਾਂ ਵਿਚ ਅਜਿਹਾ ਨਹੀਂ ਹੈ। ਨੈਸਲੇ ਦੇ ਦੋ ਸਭ ਤੋਂ ਵੱਧ ਵਿਕਣ ਵਾਲੇ ਬੇਬੀ ਫੂਡ ਬ੍ਰਾਂਡਾਂ 'ਚ ਖੰਡ ਦੀ ਜ਼ਿਆਦਾ ਮਾਤਰਾ ਪਾਈ ਗਈ ਹੈ, ਜਦੋਂ ਕਿ ਬਰਤਾਨੀਆ, ਜਰਮਨੀ, ਸਵਿਟਜ਼ਰਲੈਂਡ ਅਤੇ ਹੋਰ ਵਿਕਸਤ ਦੇਸ਼ਾਂ 'ਚ ਇਹੀ ਉਤਪਾਦ ਬਿਨਾਂ ਖੰਡ ਦੇ ਵੇਚੇ ਜਾ ਰਹੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਨੈਸਲੇ ਮੋਟਾਪੇ ਅਤੇ ਗੰਭੀਰ ਬਿਮਾਰੀਆਂ ਨੂੰ ਰੋਕਣ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਉਲਟ ਦੁੱਧ ਅਤੇ ਬੇਬੀ ਉਤਪਾਦਾਂ 'ਚ ਖੰਡ ਅਤੇ ਸ਼ਹਿਦ ਮਿਲਾ ਰਿਹਾ ਹੈ। ਰਿਪੋਰਟ ਮੁਤਾਬਕ ਭਾਰਤ 'ਚ ਵਿਕਣ ਵਾਲੇ ਨੈਸਲੇ ਦੇ ਬੱਚਿਆਂ ਦੇ ਉਤਪਾਦਾਂ ਦੀ ਹਰ ਸਰਵਿੰਗ 'ਚ ਲੱਗਭੱਗ 3 ਗ੍ਰਾਮ ਖੰਡ ਹੈ।




ਕੰਪਨੀ ਵੱਲੋਂ ਪੈਕੇਟ 'ਤੇ ਖੰਡ ਦੀ ਇਸ ਮਾਤਰਾ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਰਮਨੀ, ਫਰਾਂਸ ਅਤੇ ਬਰਤਾਨੀਆ 'ਚ ਨੈਸਲੇ ਵੱਲੋਂ ਵੇਚੇ ਗਏ ਛੇ ਮਹੀਨੇ ਦੇ ਬੱਚਿਆਂ ਲਈ ਸੇਰੇਲੈਕ ਕਣਕ-ਅਧਾਰਤ ਅਨਾਜ 'ਚ ਖੰਡ ਨਹੀਂ ਮਿਲੀ, ਜਦੋਂ ਕਿ ਇਥੋਪੀਆ 'ਚ ਇੱਕੋ ਉਤਪਾਦ 'ਚ 5 ਗ੍ਰਾਮ ਤੇ ਥਾਈਲੈਂਡ 'ਚ 6 ਗ੍ਰਾਮ ਤੋਂ ਵੱਧ ਖੰਡ ਸੀ।

ਸਾਲ 2022 'ਚ ਵਿਸ਼ਵ ਸਿਹਤ ਸੰਗਠਨ ਨੇ ਬੱਚਿਆਂ ਦੀ ਖੁਰਾਕ 'ਚ ਖੰਡ ਮਿਲਾਉਣ 'ਤੇ ਪਾਬੰਦੀ ਲਾਉਣ ਲਈ ਕਿਹਾ ਸੀ। ਰਿਪੋਰਟ ਦੇ ਜਵਾਬ 'ਚ ਨੈਸਲੇ ਇੰਡੀਆ ਦੇ ਬੁਲਾਰੇ ਨੇ ਮੀਡੀਆ ਨੂੰ ਦੱਸਿਆ ਕਿ 5 ਸਾਲਾਂ 'ਚ ਨੈਸਲੇ ਇੰਡੀਆ ਨੇ ਬਾਲ ਅਨਾਜ ਪੋਰਟਫੋਲੀਓ 'ਚ ਸ਼ਾਮਲ ਕੀਤੀ ਖੰਡ ਦੀ ਮਾਤਰਾ ਨੂੰ 30% ਤੱਕ ਘਟਾ ਦਿੱਤਾ ਹੈ। ਕੰਪਨੀ ਅੱਗੇ ਵੀ ਆਪਣੇ ਉਤਪਾਦਾਂ 'ਚ ਸੁਧਾਰ ਜਾਰੀ ਰੱਖੇਗੀ।

# ਡਰਾਈਵਰ ਆਪਣੀ ਪਾਰਟੀ ਬਣਾਉਣ ਲਈ ਮਜਬੂਰ

**ਬਠਿੰਡਾ :** ਡਰਾਈਵਰਾਂ ਨੇ ਜਨਸੇਵਾ ਡਰਾਈਵਰ ਪਾਰਟੀ (ਜੇ ਡੀ ਪੀ) ਬਣਾਈ ਹੈ। ਇਸ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਉੱਪਲ ਨੇ ਕਿਹਾ ਕਿ ਅੱਜ ਤੱਕ ਕਿਸੇ ਵੀ ਸੰਸਦ ਮੈਂਬਰ ਨੇ ਡਰਾਈਵਰਾਂ ਦੇ ਮੁੱਦੇ ਸੰਸਦ ਵਿਚ ਨਹੀਂ ਉਠਾਏ। ਭ੍ਰਿਸ਼ਟਾਚਾਰ ਤੋਂ ਪ੍ਰੇਸ਼ਾਨ ਹੋ ਕੇ ਉਨ੍ਹਾਂ ਨੂੰ ਆਪਣੀ ਪਾਰਟੀ ਬਣਾਉਣੀ ਪਈ। ਇਸ ਵਾਰ ਜੇ ਡੀ ਪੀ ਪੰਜਾਬ ਅਤੇ ਗੁਜਰਾਤ 'ਚ ਚੋਣਾਂ ਲੜੇਗੀ। ਉਨ੍ਹਾ ਕਿਹਾ ਕਿ ਹਰ ਸਾਲ ਕਰੀਬ 80-90 ਕਰੋੜ ਰੁਪਏ ਡਰਾਈਵਰਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਇਸ ਤੋਂ ਇਲਾਵਾ ਦੇਸ਼-ਭਰ ਦੇ ਡਰਾਈਵਰ ਹਰ ਸਾਲ 3200 ਕਰੋੜ ਰੁਪਏ ਤੋਂ ਵੱਧ ਦਾ ਟੈਕਸ ਅਦਾ ਕਰਦੇ ਹਨ। ਜੀ ਡੀ ਪੀ ਵਿਚ ਉਨ੍ਹਾਂ ਦਾ ਹਿੱਸਾ ਚਾਰ ਤੋਂ ਪੰਜ ਫੀਸਦੀ ਹੈ। ਅਸਲ ਵਿਚ ਉਹ ਦੇਸ਼ ਦੀ ਰੀੜ੍ਹ ਦੀ ਹੱਡੀ ਹਨ, ਪਰ ਅੱਜ ਤੱਕ ਕਿਸੇ ਵੀ ਪਾਰਟੀ ਨੇ ਕਿਸੇ ਡਰਾਈਵਰ ਨੂੰ ਟਿਕਟ ਨਹੀਂ ਦਿੱਤੀ, ਜਦੋਂ ਕਿ ਹਰ ਵਰਗ ਦੇ ਲੋਕ ਪਾਰਲੀਮੈਂਟ ਤੱਕ ਪਹੁੰਚਦੇ ਹਨ, ਡਰਾਈਵਰਾਂ ਨੂੰ ਹਮੇਸ਼ਾ ਅਣਗੌਲਿਆ ਕੀਤਾ ਗਿਆ। ਅੱਜ ਤੱਕ ਕਿਸੇ ਪਾਰਟੀ ਨੇ ਉਨ੍ਹਾਂ ਨੂੰ ਵਿਧਾਨ ਸਭਾ ਦੀ ਟਿਕਟ ਨਹੀਂ ਦਿੱਤੀ, ਲੋਕ ਸਭਾ ਦੀ ਟਿਕਟ ਤਾਂ ਛੱਡੋ। ਸਾਰੀਆਂ ਪਾਰਟੀਆਂ ਦੇ ਲੀਡਰਾਂ ਦੀਆਂ ਗੱਡੀਆਂ ਵੀ ਡਰਾਈਵਰ ਹੀ ਚਲਾਉਂਦੇ ਹਨ, ਫਿਰ ਹੀ ਉਹ ਆਪਣੀ ਮੰਜ਼ਲ 'ਤੇ ਪੁੱਜਦੇ ਹਨ, ਪਰ ਡਰਾਈਵਰਾਂ ਨੂੰ ਪੂਰੇ ਦੇਸ਼ ਅੰਦਰ ਅਣਗੌਲਿਆਂ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਗਾਇਕਾਂ, ਡਾਕਟਰਾਂ ਤੇ ਹੋਰ ਵਰਗਾਂ ਨੂੰ ਟਿਕਟਾਂ ਦੇ ਦਿੱਤੀਆਂ ਜਾਂਦੀਆਂ ਹਨ, ਪਰ ਡਰਾਈਵਰਾਂ ਨੂੰ ਕੋਈ ਪਾਰਟੀ ਟਿਕਟ ਨਹੀਂ ਦਿੰਦੀ, ਜਿਸ ਕਾਰਨ ਉਨ੍ਹਾਂ ਆਪਣੀ ਪਾਰਟੀ ਬਣਾਈ ਹੈ।



## ਗੁਰੂ ਨਾਨਕ ਕਾਲਜ 'ਚ ਜਸ਼ਨ ਏ ਰੁਖਸਤ ਪ੍ਰੋਗਰਾਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪ੍ਰਸ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਕਾਲਜ ਦੇ ਅੰਗਰੇਜ਼ੀ ਵਿਭਾਗ ਤੇ ਪੋਸਟ ਗ੍ਰੈਜੂਏਟ ਸਮਾਜ ਸ਼ਾਸਤਰ ਵਿਭਾਗ ਵੱਲੋਂ ਬੀ.ਏ ਭਾਗ ਤੀਜਾ ਸੈਸ਼ਨ 2021-24 ਲਈ ਜਸ਼ਨ-ਏ-ਰੁਖਸਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਵਿੱਚ ਬੀ ਏ ਭਾਗ ਤੀਜਾ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦੌਰਾਨ ਗੀਤ, ਨਾਚ ਦਾ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਕਾਲਜ ਦੀਆਂ ਯਾਦਾਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਸਾਂਝਾ ਕੀਤਾ ਗਿਆ। ਇਸ ਤੋਂ ਇਲਾਵਾ ਲੜਕੇ ਤੇ ਲੜਕੀਆਂ ਵੱਲੋਂ ਮਾਡਲਿੰਗ ਵੀ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਤੋਂ ਪੰਜਾਬੀ ਸੱਭਿਆਚਾਰ ਅਤੇ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਨਾਲ ਸੰਬੰਧਿਤ ਪ੍ਰਸ਼ਨ ਪੁੱਛੇ ਗਏ।ਮੰਚ ਸੰਚਾਲਨ ਦੀ ਭੂਮਿਕਾ ਵੀ ਬੀ.ਏ ਭਾਗ ਤੀਜਾ ਦੇ ਵਿਦਿਆਰਥੀਆਂ ਵੱਲੋਂ ਬਾਖੂਬੀ ਨਿਭਾਈ ਗਈ।ਮਾਡਲਿੰਗ ਨਿਰੀਖਣ ਦੀ ਭੂਮਿਕਾ ਡਾ.ਗਗਨਦੀਪ ਕੌਰ, ਮਿਸ ਹਰਮਨ ਤੇ ਜਸਮਿੰਦਰ ਸਿੰਘ ਵੱਲੋਂ ਨਿਭਾਈ ਗਈ।ਜਸ਼ਨਪ੍ਰੀਤ ਕੌਰ ਅਤੇ ਗਰੇਵ ਨੂੰ ਮਿਸ ਤੇ ਮਿਸਟਰ ਜੀ.ਐਨ.ਸੀ ਦਾ ਖਿਤਾਬ ਅਤੇ ਰਮਨਦੀਪ ਕੌਰ ਤੇ ਗੁਰਸਿਮਰਨ ਸਿੰਘ ਨੂੰ ਮਿਸ ਅਤੇ ਮਿਸਟਰ ਕੋਨਫੀਡੈਂਸ ਦੇ ਖਿਤਾਬ ਨਾਲ ਨਿਵਾਜਿਆ ਗਿਆ।ਕਾਲਜ ਦੀ ਸਥਾਨਕੀ ਪ੍ਰਬੰਧਕੀ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ।ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਆਪਣੇ ਆਉਣ ਵਾਲੇ ਭਵਿੱਖ ਦੀਆਂ ਚੁਣੌਤੀਆਂ ਲਈ ਸਾਕਾਰਾਤਮਕ ਸੋਚ ਨਾਲ ਹਮੇਸ਼ਾ ਤਿਆਰ ਰਹਿਣ ਅਤੇ ਇੱਕ ਚੰਗੇ ਨਾਗਰਿਕ ਦੇ ਤੌਰ 'ਤੇ ਸਮਾਜ ਵਿੱਚ ਵਿਚਰਦਿਆਂ ਹੋਇਆਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕਰਨ।

# ਡਾ. ਧਰਮਵੀਰ ਗਾਂਧੀ ਨੇ ਕੀਤੀ ਚੋਣ ਪ੍ਰਚਾਰ ਦੀ ਸ਼ੁਰੂਆਤ

**ਨਾਭਾ (ਵਰਿੰਦਰ ਵਰਮਾ)**-ਲੋਕ ਸਭਾ ਚੋਣਾਂ ਨੂੰ ਲੈਕੇ ਜਿੱਥੇ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਤਿਆਰੀਆਂ ਅਰੰਭ ਦਿੱਤੀਆਂ ਹਨ, ਉੱਥੇ ਹੀ ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਸਾਬਕਾ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਵੱਲੋਂ ਚੋਣ ਪ੍ਰਚਾਰ ਅਰੰਭ ਕਰਦਿਆਂ ਹਲਕਾ ਨਾਭਾ ਵਿਖੇ ਪਹੁੰਚ ਕੇ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕਰ ਦਿੱਤਾ।ਇਸ ਮੌਕੇ ਉਨ੍ਹਾਂ ਭਗਵਾਨ ਬਾਲਮੀਕ ਮੰਦਰ ਬੌੜਾਂ ਗੇਟ ਵਿਖੇ ਇੱਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਦੇਸ਼ ਤੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਲੋੜ ਗਾਂਧੀ ਦੀ ਸੋਚ 'ਤੇ ਪਹਿਰਾ ਦਿੰਦਿਆਂ ਭਾਜਪਾ ਨੂੰ ਹਰਾਉਣਾ ਬਹੁਤ ਜਰੂਰੀ ਹੈ।

ਉਨ੍ਹਾਂ ਕਿਹਾ ਕਿ ਸਿੰਥੈਟਿਕ ਨਸ਼ੇ ਦੇ ਖਾਤਮੇ ਲਈ ਸਰਕਾਰਾਂ ਅਫ਼ੀਮ ਦੀ ਖੇਤੀ ਦੀ ਇਜਾਜ਼ਤ ਦੇਣ। ਇਸ ਮੌਕੇ ਉਨ੍ਹਾਂ ਵੱਲੋਂ ਟਕਸਾਲੀ ਕਾਂਗਰਸੀ ਹਰੀ ਕ੍ਰਿਸ਼ਨ ਸੇਠ ਦੇ ਦਫ਼ਤਰ ਵਿਖੇ ਸ਼ਿਰਕਤ ਕੀਤੀ, ਜਿੱਥੇ ਉਨ੍ਹਾਂ ਹਰੀ ਕ੍ਰਿਸ਼ਨ ਸੇਠ ਦੀ ਅਗਵਾਈ ਵਿੱਚ ਵੱਡੀ ਗਿਣਤੀ 'ਚ ਟਕਸਾਲੀ ਕਾਂਗਰਸੀਆਂ ਵੱਲੋਂ ਸਨਮਾਨਤ ਕਰਦਿਆਂ ਵੱਡੀ ਲੀਡ ਨਾਲ ਜਿਤਾਉਣ ਦਾ ਦਾਅਵਾ ਕੀਤਾ ਗਿਆ ਅਤੇ ਫੁੱਲਾਂ ਦੀ ਵਰਖਾ ਕਰਦਿਆਂ ਡਾਕਟਰ ਧਰਮਵੀਰ ਗਾਂਧੀ ਜ਼ਿੰਦਾਬਾਦ, ਕਾਂਗਰਸ ਪਾਰਟੀ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਦਿਹਾਤੀ ਪਟਿਆਲਾ ਮਹੰਤ ਹਰਵਿੰਦਰ ਸਿੰਘ ਖਨੌੜਾ, ਜ਼ਿਲ੍ਹਾ ਐਸ ਸੀ ਡਿਪਾਰਟਮੈਂਟ ਦਿਹਾਤੀ ਪਟਿਆਲਾ ਚੇਅਰਮੈਨ ਕੁਲਵਿੰਦਰ ਸਿੰਘ ਸੁਖੇਵਾਲ, ਸ਼ਹਿਰੀ ਬਲਾਕ ਪ੍ਰਧਾਨ ਨਾਭਾ ਵਿਵੇਕ ਸਿੰਗਲਾ, ਦਿਹਾਤੀ ਬਲਾਕ ਪ੍ਰਧਾਨ ਬਿੱਟੂ ਢੀਂਗੀ, ਯੂਥ ਆਗੂ ਗੁਰਦਿੱਤ ਸੰਧ, ਜਤਿੰਦਰ ਸਿੰਘ ਸੱਤੀ ਅਭੇਪੁਰ, ਬਨੀ ਖੈਰਾ ਸੀਨੀਅਰ ਯੂਥ ਆਗੂ, ਹਰਬੰਸ ਸਿੰਘ ਮੱਲੇਵਾਲ, ਭੁਪਿੰਦਰ ਨਾਭਾ, ਗੁਰਚਰਨ ਸਿੰਘ ਦੁਲੱਦੀ, ਹਰਜੀਤ ਸਿੰਘ ਰੂਪਰਾਏ, ਜੀਤ ਸਿੰਘ ਰਾਜਗੜ੍ਹ, ਬਿਕਰਮਜੀਤ ਸਿੰਘ ਵਿੱਕੀ ਗੁਣੀਕੇ, ਪੁਰੀ ਨਾਭਾ, ਸੁਭਾਸ਼ ਸਾਹੀ, ਇੰਦਰਜੀਤ ਸਿੰਘ ਦੁਲੱਦੀ, ਬਾਬਾ ਬਚਿੱਤਰ ਸਿੰਘ ਸਰਪੰਚ, ਕਰਮ ਸਿੰਘ ਸਕੋਹਾ, ਵਿਨੋਦ ਮੋਦੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਮੌਜੂਦ ਸਨ।

## ਮਹਿਲਾ ਲੈਕਚਰਾਰ ਬਣੀ ਅਵਾਰਾ ਕੁੱਤਿਆਂ ਦਾ ਸ਼ਿਕਾਰ



**ਲੁਧਿਆਣਾ :** ਅਵਾਰਾ ਕੁੱਤਿਆਂ ਨੇ ਜ਼ਿਲਕੇ ਵਿੱਚ ਦਹਿਸ਼ਤ ਮਚਾ ਰੱਖੀ ਹੈ। ਅਵਾਰਾ ਕੁੱਤੇ ਮਾਸੂਮ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਨੂੰ ਸ਼ਿਕਾਰ ਬਣਾ ਰਹੇ ਹਨ।ਅਜਿਹਾ ਹੀ ਇੱਕ ਤਾਜ਼ਾ ਮਾਮਲਾ ਸਾਹਮਣੇ ਆਇਆ ਜਦੋਂ ਇੱਕ ਮਹਿਲਾ ਲੈਕਚਰਾਰ ਨੂੰ ਅਵਾਰਾ ਕੁੱਤਿਆਂ ਨੇ ਵੱਢ ਲਿਆ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਈ। ਰਮਨਦੀਪ ਕੌਰ ਵਾਸੀ ਫੇਜ਼-2 ਅਰਬਨ ਅਸਟੇਟ ਢੰਡਾਰੀ ਕਲਾਂ (ਜਮਾਲਪੁਰ) ਨੇ ਦੱਸਿਆ ਕਿ ਉਹ ਬੀਤੀ ਸ਼ਾਮ ਬਾਜ਼ਾਰ ਤੋਂ ਸਾਮਾਨ ਲੈ ਕੇ ਘਰ ਪਰਤ ਰਹੀ ਸੀ। ਅਚਾਨਕ 'ਚ ਅਵਾਰਾ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਸੜਕ ਕਿਨਾਰੇ ਡਿੱਗ ਪਈ। ਕੁੱਤਿਆਂ ਦੇ ਵੱਢਣ ਅਤੇ ਸੜਕ 'ਤੇ ਡਿੱਗਣ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਈ। ਬਹੁਤ ਜ਼ਿਆਦਾ ਖੂਨ ਵਹਿਣ ਕਾਰਨ ਉਸ ਨੂੰ ਕਲੋਨੀ ਦੇ ਇੱਕ ਵਸਨੀਕ ਵੱਲੋਂ ਇਲਾਜ ਲਈ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਰੇਬੀਜ਼ ਦਾ ਟੀਕਾ ਅਤੇ ਤਿੰਨ ਹੋਰ ਟੀਕੇ ਲਗਾਏ ਗਏ। ਪੀੜਤ ਦਾ ਕਹਿਣਾ ਹੈ ਕਿ ਅਵਾਰਾ ਕੁੱਤਿਆਂ ਦੀ ਦਹਿਸ਼ਤ ਲਗਾਤਾਰ ਵਧਦੀ ਜਾ ਰਹੀ ਹੈ ਪਰ ਨਗਰ ਨਿਗਮ ਲੁਧਿਆਣਾ ਇਸ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕ ਰਿਹਾ।

# ਕਰਮਜੀਤ ਅਨਮੋਲ ਨੇ ਸੰਕਟ ਮੋਚਨ ਹਨੂੰਮਾਨ ਮੰਦਰ 'ਚ ਮੱਥਾ ਟੇਕਿਆ



**ਕੋਟਕਪੂਰਾ (ਗੁਰਮੀਤ ਸਿੰਘ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਬਾਲਾ ਜੀ ਦਾ ਆਸ਼ੀਰਵਾਦ ਲੈਣ ਲਈ ਸ਼੍ਰੀ ਰਾਮ ਨੌਮੀ ਦੇ ਸ਼ੁਭ ਮੌਕੇ ਪੁਰਾਣੀ ਅਨਾਜ ਮੰਡੀ ਵਿੱਚ ਸਥਿਤ ਸ਼੍ਰੀ ਸੰਕਟ ਮੋਚਨ ਹਨੂੰਮਾਨ ਵਿਖੇ ਪਹੁੰਚੇ।ਇਸ ਸਮੇਂ ਉਨ੍ਹਾਂ ਨੇ ਸ਼੍ਰੀ ਬਾਲਾ ਜੀ ਲੰਗਰ ਸੇਵਾ ਸੰਮਤੀ ਤੇ ਵੈਲਫੇਅਰ ਸੋਸਾਇਟੀ ਵੱਲੋਂ ਮੰਦਰ ਵਿੱਚ ਚਲਾਏ ਜਾ ਰਹੇ 24 ਘੰਟੇ ਲੰਗਰ ਵਿੱਚ ਵੀ ਸੇਵਾ ਕੀਤੀ।ਇਸ ਸਮੇਂ ਉਨ੍ਹਾਂ ਸਮੂਹ ਹਲਕਾ ਨਿਵਾਸੀਆਂ ਨੂੰ ਰਾਮਨੌਮੀ ਦੀ ਵਧਾਈ ਦਿੰਦੇ ਹੋਏ ਸ਼੍ਰੀ ਬਾਲਾ ਜੀ ਲੰਗਰ ਸੇਵਾ ਸੰਮਤੀ ਵੱਲੋਂ ਚਲਾਏ ਜਾ ਰਹੇ ਸੇਵਾ ਕਾਰਜਾਂ ਦੀ ਸ਼ਲਾਘਾ ਵੀ ਕੀਤੀ।ਇਸ ਸਮੇਂ ਲੰਗਰ ਸੇਵਾ ਕਮੇਟੀ ਦੇ ਪ੍ਰਧਾਨ ਕਰਨ ਗੋਇਲ ਠੇਕੇਦਾਰ ਤੇ ਚੇਅਰਮੈਨ ਦੀਪਕ ਗੋਇਲ ਅਤੇ ਜਨਰਲ ਸਕੱਤਰ ਸ਼ੁਸ਼ਾਤ ਬਾਂਸਲ ਵੱਲੋਂ ਉਨ੍ਹਾਂ ਨੂੰ ਬਾਲਾ ਜੀ ਮਹਾਰਾਜ ਦਾ ਪ੍ਰਤੀਕ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।ਇਸ ਸਮੇਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਭਰਾ ਬੀਰਇੰਦਰ ਸਿੰਘ ਸੰਧਵਾਂ, ਪੀਆਰਓ ਮਨਪ੍ਰੀਤ ਸਿੰਘ ਧਾਲੀਵਾਲ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਖਜੀਤ ਸਿੰਘ ਢਿੱਲਵਾਂ, ਮਾਰਕੀਟ ਕਮੇਟੀ ਕੋਟਕਪੂਰਾ ਦੇ ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ, ਪੈਸਟੀਸਾਈਡਜ਼ ਯੂਨੀਅਨ ਦੇ ਪ੍ਰਧਾਨ ਰਾਜਨ ਗਰਗ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਗੋਇਲ, ਲੈਕਚਰਾਰ ਵਰਿੰਦਰ ਕਟਾਰੀਆ, 'ਆਪ' ਆਗੂ ਬਿੱਟਾ ਨਰੂਲਾ, ਮੰਦਰ ਕਮੇਟੀ ਦੇ ਸੇਵਾਦਾਰ ਰਤਨਾ ਲਾਲ ਬੱਲੀ, ਪ੍ਰਵੀਨ ਗਰਗ ਆਦਿ ਹਾਜ਼ਰ ਸਨ।

## ਪੀ ਆਰ ਟੀ ਸੀ ਪੈਨਸ਼ਨ ਐਸੋਸੀਏਸ਼ਨ ਪੰਜਾਬ ਦੀ ਹੋਈ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਮਹੀਨਾਵਾਰ ਮੀਟਿੰਗ ਪੈਨਸ਼ਨਰ ਐਸੋਸੀਏਸ਼ਨ ਦੇ ਚੇਅਰਮੈਨ ਸਰਦਾਰ ਮੁਕੰਦ ਸਿੰਘ ਤੇ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਪ੍ਰਧਾਨਗੀ ਹੇਠ ਸੰਗਰੂਰ ਵਿਖੇ ਹੋਈ। ਹਰੀ ਸਿੰਘ ਚਮਕ ਸਕੱਤਰ ਜਨਰਲ ਅਤੇ ਬਚਨ ਸਿੰਘ ਅਰੋੜਾ ਜਨ ਸਕੱਤਰ, ਅਮੋਲਕ ਸਿੰਘ ਕੈਸ਼ੀਅਰ ਨੇ ਦੱਸਿਆ ਕਿ ਪੈਨਸ਼ਨਾਂ ਦੇ ਰਹਿੰਦੇ ਬਕਾਏ ਮੈਨੇਜਮੈਂਟ ਪੀਆਰਟੀਸੀ ਦੇ ਨਾਲ ਮੀਟਿੰਗ ਕਰਕੇ ਹੱਲ ਕਰਾਏ ਜਾਣਗੇ।ਇਹ ਮਹੀਨਾਵਾਰ ਮੀਟਿੰਗ ਸੰਗਰੂਰ ਡੀਪੂ ਵਿਖੇ ਰੱਖੀ ਗਈ।ਇਸ ਦੀ ਜਾਣਕਾਰੀ ਡੀਪੂ ਪ੍ਰਧਾਨ ਸੰਗਰੂਰ ਬਹਾਦਰ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਬਾਲੀਆ, ਸਰਪ੍ਰਸਤ ਸ਼ੇਰ ਸਿੰਘ ਲਖਬੀਰ ਸਿੰਘ ਲੱਖੀ ਨਛੱਤਰ ਸਿੰਘ ਜਗਮੇਲ ਸਿੰਘ ਵੱਲੋਂ ਸੈਂਟਰ ਬਾਡੀ ਦਾ ਸਨਮਾਨ ਕੀਤਾ ਗਿਆ।ਸੈਂਟਰ ਬਾਡੀ ਦੇ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਕਿਹਾ ਕਿ ਪੈਨਸ਼ਨਾਂ ਦੀਆਂ ਹੱਕੀ ਮੰਗਾਂ ਜਿਵੇਂ ਮੈਡੀਕਲ ਬਿੱਲ ਤੇ ਪੇ ਕਮਿਸ਼ਨ ਦੇ ਰਹਿੰਦੇ ਬਕਾਏ ਛੇਤੀ ਦਿੱਤੇ ਜਾਣ।ਇਸ ਮੌਕੇ ਸੰਗਰੂਰ ਡੀਪੂ ਦੇ ਚੇਅਰਮੈਨ ਬਲਵੰਤ ਸਿੰਘ ਜੋਗਾ ਜੋਗਿੰਦਰ ਸਿੰਘ ਮਾਨ, ਪਰਮਜੀਤ ਸਿੰਘ ਪੰਮੀ ਤੇ ਸੈਂਟਰ ਬਾਡੀ ਵੱਲੋਂ ਸੁਖਦੇਵ ਰਾਮ ਇੰਸਪੈਕਟਰ ਸੰਗਰੂਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਪੀਆਰਟੀਸੀ ਐਸੋਸੀਏਸ਼ਨ ਦੇ ਵੱਡੀ ਗਿਣਤੀ ਵਿੱਚ ਵੱਖ-ਵੱਖ ਜਿਲ੍ਹਿਆਂ ਤੋਂ ਪਹੁੰਚੇ ਮੁਲਾਜ਼ਮਾਂ ਨੇ ਜਿੱਥੇ ਆਪਣੀਆਂ ਹੱਕੀ ਮੰਗਾਂ ਸਬੰਧੀ ਵਿਚਾਰਾਂ ਕੀਤੀਆਂ, ਉੱਥੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ 'ਚ ਵਿਸਾਖੀ ਨੂੰ ਸਮਰਪਤ ਗਤੀਵਿਧੀਆਂ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਨੇ ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੇ ਹੋਏ ਵਿਸਾਖੀ ਦਾ ਤਿਉਹਾਰ ਨਾਲ ਮਨਾਇਆ।ਦਸਤਾਰ ਸਜਾਉਣ, ਗਿੱਧਾ ਤੇ ਭੰਗੜਾ ਵਰਗੀਆਂ ਗਤੀਵਿਧੀਆਂ ਰਾਹੀਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾ ਸਿਰਫ਼ ਰਵਾਇਤੀ ਗੀਤੀ-ਰਿਵਾਜਾਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ, ਸਗੋਂ ਆਪਣੇ ਸੱਭਿਆਚਾਰਕ ਵਿਰਸੇ ਬਾਰੇ ਵੀ ਆਪਣੀ ਸਮਝ ਨੂੰ ਡੂੰਘਾ ਕਰਨ ਦਾ ਮੌਕਾ ਮਿਲਿਆ।ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਇਸ ਤਿਉਹਾਰ ਵਿੱਚ ਸ਼ਮੂਲੀਅਤ ਕੀਤੀ। ਫੈਕਲਟੀ ਮੈਂਬਰ ਸ੍ਰੀ ਪਰਮਦੀਪ ਸਿੰਘ, ਮਿਸ ਯਸ਼ਨਾ ਤੇ ਮਿਸ ਕਿਰਨਜੀਤ ਕੌਰ ਦੀ ਅਗਵਾਈ ਹੇਠ ਇਸ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਜ ਸ਼ਾਸਤਰ ਵਿਭਾਗ ਦੇ ਇੰਚਾਰਜ ਡਾ. ਨਵ ਸ਼ਗਨਦੀਪ ਕੌਰ ਨੇ ਸਮਾਗਮ ਨੂੰ ਨਿਰਵਿਘਨ ਸੰਚਾਲਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਕਿਹਾ ਕਿ ਪ੍ਰੋ. ਚਾਂਸਲਰ ਪ੍ਰੋ. ਅਜਾਇਬ ਸਿੰਘ ਬਰਾੜ ਅਤੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਵੱਲੋਂ ਮਿਲੇ ਸਹਿਯੋਗ ਅਤੇ ਹੱਲਾਸ਼ੇਰੀ ਨੇ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਵਿਰਸੇ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਅਜਿਹੀਆਂ ਸੱਭਿਆਚਾਰਕ ਗਤੀਵਿਧੀਆਂ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ ਹੈ।

## ਬਾਬਾ ਸੋਨੀ ਨੇ ਪੰਜ ਵਿਆਹੇ ਜੋੜਿਆਂ ਨੂੰ ਘਰੇਲੂ ਸਾਮਾਨ ਤੇ ਇੱਕ ਜੋੜੇ ਦੀ ਸ਼ਾਦੀ ਕੀਤੀ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਬਾਬਾ ਸੋਨੀ ਸੇਵਾ ਆਸ਼ਰਮ ਦੇ ਮੁੱਖ ਸੇਵਾਦਾਰ ਬਾਬਾ ਗੁਰਪ੍ਰੀਤ ਸਿੰਘ ਸੋਨੀ ਵੱਲੋਂ ਪੰਦਰਾਂ ਅਪ੍ਰੈਲ ਨੂੰ ਇੱਕ ਲੋੜਵੰਦ ਜੋੜੇ ਦੀ ਸ਼ਾਦੀ ਕੀਤੀ ਗਈ ਤੇ ਪਿਛਲੇ ਸਾਲ ਕੀਤੀਆਂ ਸ਼ਾਦੀਆਂ ਦੇ ਪੰਜ ਜੋੜਿਆਂ ਨੂੰ ਘਰੇਲੂ ਸਾਮਾਨ ਡਬਲ ਬੈਡ, ਕੁਰਸੀਆਂ ਮੇਜ਼, ਸਟੈਂਡਿੰਗ ਫੈਨ, ਪੇਟੀ, ਬਿਸਤਰੇ ਅਤੇ ਹਾੜ੍ਹੂ ਸਿਆਲੂ ਕੱਪੜੇ ਦਿੱਤੇ ਗਏ।ਵਿਆਹ ਵਾਲੇ ਜੋੜੇ ਦੇ ਅਨੰਦ ਕਾਰਜ ਗੁਰਮਰਯਾਦਾ ਅਨੁਸਾਰ ਰੁਪਾਣਾ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦੋਹਾਂ ਪਰਵਾਰਾਂ ਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਕਰਵਾਏ। ਇਸ ਤੋਂ ਪਹਿਲਾਂ ਆਸ਼ਰਮ ਵਿਚ ਬਰਾਤ ਅਤੇ ਮੇਲ ਨੂੰ ਜੀ ਆਇਆਂ ਕਿਹਾ ਗਿਆ।ਚਾਹ ਪਾਣੀ ਲੰਗਰ ਦੀ ਬਹੁਤ ਵਧੀਆ ਵਿਵਸਥਾ ਕੀਤੀ ਗਈ।ਇਸ ਪੁੰਨ ਦੇ ਕਾਰਜ ਵਿੱਚ ਕਰਨਪ੍ਰੀਤ ਆਸਟ੍ਰੇਲੀਆ ਤੇ ਗੁਰਪ੍ਰੀਤ ਕੈਨੇਡਾ ਵੱਲੋਂ ਲੜਕੀਆਂ ਲਈ ਬਿਸਤਰਿਆਂ ਦੀ ਸੇਵਾ ਕੀਤੀ ਗਈ। ਕੁਲਬੀਰ ਸਿੰਘ ਕੰਡਾ ਵੱਲੋਂ ਇੱਕ ਲੜਕੀ ਨੂੰ ਡਬਲ ਬੈਡ, ਗੱਦੇ, ਸਟੈਂਡਿੰਗ ਪੱਖਾ ਤੇ ਹੋਰ ਘਰੇਲੂ ਸਾਮਾਨ ਦੀ ਸੇਵਾ ਕੀਤੀ ਗਈ। ਸਵਰਨਕਾਰ ਬਰਾਦਰੀ ਵੱਲੋਂ ਵੀ ਇਸ ਯੱਗ ਵਿੱਚ ਹਿੱਸਾ ਪਾਇਆ ਗਿਆ। ਵਿਕਰਮਜੀਤ ਸਿੰਘ ਜੋ ਅਕਸਰ ਹੀ ਆਸ਼ਰਮ ਨੂੰ ਸਹਾਇਤਾ ਦਿੰਦੇ ਨੇ ਉਨ੍ਹਾਂ ਨੇ ਵੀ ਇਸ ਕਾਰਜ ਲਈ ਦਾਨ ਦਿੱਤਾ। ਹੋਰ ਵੀ ਪਿੰਡਾਂ ਅਤੇ ਸ਼ਹਿਰ ਦੀ ਸੰਗਤ ਵੱਲੋਂ ਤਿਲ ਫੁਲ ਭੇਟ ਕਰਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ। ਇਸ ਸਮੇਂ ਬਾਬਾ ਜੀ ਦੇ ਨਾਲ ਸੇਵਾਦਾਰ ਜਸਵੀਰ ਸ਼ਰਮਾ ਦੱਦਾਹੂਰ, ਗ਼ਰੀਬ ਦਾਸ ਸਰਪੰਚ, ਗੁਰਪਾਲ ਸਿੰਘ ਧਾਲੀਵਾਲ ਖੂਨਣ ਕਲਾਂ, ਗੁਰਤੇਜ ਸਿੰਘ, ਬੋਹੜ ਸਿੰਘ, ਰੁਲਦੂ ਸਿੰਘ, ਵਕੀਲ ਸਿੰਘ, ਜਰਨੈਲ ਸਿੰਘ ਪਰੇਮੀ ਅਤੇ ਹੋਰ ਵੀ ਬਹੁਤ ਸਾਰੇ ਸੇਵਾਦਾਰਾਂ ਨੇ ਇਸ ਪੁੰਨ ਦੇ ਕਾਰਜ ਵਿੱਚ ਆਪਣਾ ਯੋਗਦਾਨ ਪਾਇਆ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਪੰਜਾਬ ਬਲਾਕ ਫ਼ਰੀਦਕੋਟ ਦੀ ਮੀਟਿੰਗ ਏ-ਵੰਨ ਡਾਇਗਨੋਸਟਿਕ ਸੈਂਟਰ ਸਾਦਿਕ ਰੋਡ ਵਿਖੇ 16 ਅਪ੍ਰੈਲ ਨੂੰ ਬਲਾਕ ਪ੍ਰਧਾਨ ਅਮ੍ਰਿਤਪਾਲ ਟਹਿਣਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਡਾ ਰਸ਼ਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ।ਇਸ ਮੌਕੇ ਬਲਾਕ ਪ੍ਰਧਾਨ ਡਾ ਅੰਮ੍ਰਿਤਪਾਲ ਸਿੰਘ ਟਹਿਣਾ ਨੇ ਡਾ ਸਾਥੀਆਂ ਨੂੰ ਸਾਫ਼ ਸੁਥਰੀ ਪ੍ਰੈਕਟਿਸ ਕਰਨ ਲਈ ਆਖਿਆ। ਇਸ ਮੌਕੇ ਪ੍ਰਮਾਣ ਪੱਤਰ ਤੇ ਆਈ ਕਾਰਡ ਵੀ ਡਾ ਸਾਥੀਆਂ ਨੂੰ ਵੰਡੇ।ਇਸ ਮੌਕੇ ਜਿੰਦਲ ਹੈਲਥ ਲੈਬ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਤੇ ਏ-ਵੰਨ ਡਾਇਗਨੋਸਟਿਕ ਸੈਂਟਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਡਾ ਸਾਥੀ ਹਾਜ਼ਰ ਸਨ। ਇਸ ਬਾਰੇ ਪ੍ਰੈਸ ਸਕੱਤਰ ਡਾ ਯਸ਼ਪਾਲ ਗੁਲਾਟੀ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ।

## ਕੈਨੇਡਾ ਦਾ ਵਿਜ਼ਟਰ ਵੀਜ਼ਾ ਲਵਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਤੇ ਗੁਆਂਢੀ ਰਾਜਾ ਹਰਿਆਣਾ, ਰਾਜਸਥਾਨ ਸਮੇਤ ਹੋਰ ਦੂਰ ਦੁਰਾਡੇ ਤੱਕ ਲੋਕਾਂ ਨੂੰ ਚੰਗੀਆਂ ਵੀਜ਼ਾ ਸੇਵਾਵਾਂ ਮਹੁੱਈਆਂ ਕਰਾਉਣ ਵਾਲੀ ਸੰਸਥਾ ਗੋਲਡਨ ਟਰੈਵਲਜ਼ ਐਡਵਾਇਜ਼ਰ ਨੇ ਇੱਕ ਹੋਰ ਵਿਅਕਤੀ ਦਾ ਕਨੇਡਾ ਵਿਜ਼ਟਰ ਵੀਜ਼ਾ ਲਵਾ ਕੇ ਦਿੱਤਾ ਹੈ। ਸੰਸਥਾ ਦੇ ਡਾਇਰੈਕਟਰ ਸ਼ੁਭਾਸ ਪਲਤਾ ਤੇ ਸੰਨੀ ਢੰਡ ਨੇ ਦੱਸਿਆ ਕਿ ਸੰਸਥਾ ਵੱਲੋਂ ਅਨਿਲ ਕੁਮਾਰ ਗੁਪਤਾ ਦਾ ਕਨੇਡਾ ਵੀਜ਼ਾ ਲਵਾ ਕੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਸਥਾ ਦੇ ਸਮੂਹ ਸਟਾਫ਼ ਨੇ ਅਨਿਲ ਕੁਮਾਰ ਦੀ ਫਾਈਲ ਨੂੰ ਏਨੇ ਚੰਗੇ ਤਰੀਕੇ ਨਾਲ ਤਿਆਰ ਕੀਤਾ ਸੀ ਕਿ ਉਸ ਨੂੰ ਵੀਜ਼ਾ ਲੈਣ ਲਈ ਕਿਸੇ ਵੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ।

# ਸਖੀ ਸਹੇਲੀ ਕੀਰਤਨ ਮੰਡਲੀ ਵੱਲੋਂ ਨਵਰਾਤਰਿਆਂ ਦੇ ਦਿਨਾਂ 'ਚ ਮਾਤਾ ਦਾ ਗੁਣਗਾਨ

**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਪਿਛਲੇ ਦਿਨਾਂ ਤੋਂ ਚੱਲ ਰਹੇ ਨਵਰਾਤਰਿਆਂ ਉੱਪਰ ਮੁਹੱਲਾ ਕੈਲਾਸ਼ ਪਰਬਤ ਵਾਲਮੀਕ ਮੰਦਰ ਵਿਖੇ ਸਖੀ ਸਹੇਲੀ ਕੀਰਤਨ ਮੰਡਲੀ ਵੱਲੋਂ ਲਗਾਤਾਰ ਗੁਣਗਾਨ ਕੀਤਾ ਜਾ ਰਿਹਾ ਹੈ। ਸੰਗਤਾਂ ਵੱਲੋਂ ਵੀ ਪੂਰੀ ਸ਼ਰਧਾ ਭਾਵਨਾ ਨਾਲ ਗੁਣਗਾਨ ਸੁਣਿਆ ਗਿਆ। ਦੁਰਗਾ ਅਸ਼ਟਮੀ ਵਾਲੇ ਦਿਨ ਸਪੈਸ਼ਲ ਝਾਕੀਆਂ ਵੀ ਦਿਖਾਈਆਂ ਗਈਆਂ, ਜੋ ਦਿਲ ਮੋਹ ਲੈਣ ਵਾਲੀਆਂ ਸਨ, ਜਿਨ੍ਹਾਂ ਵਿੱਚੋਂ ਖਾਸ ਰਾਧਾ ਕ੍ਰਿਸ਼ਨ ਤੇ ਮਾਂ ਦੁਰਗਾ ਦੀ ਮਨ ਮੋਹ ਲੈਣ ਵਾਲੀ ਝਾਕੀ ਦੇ ਸੰਗਤਾਂ ਨੇ ਦਰਸ਼ਨ ਕੀਤੇ। ਕਮੇਟੀ ਦੇ ਪ੍ਰਧਾਨ ਜੋਤੀ ਸਿਰਸਵਾਲਾ ਨੇ ਦੱਸਿਆ ਕਿ ਸਾਡੀ ਭਜਨ ਮੰਡਲੀ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਾਤਾ ਜੀ ਦਾ ਗੁਣਗਾਨ ਕਰਦੇ ਹਨ ਤੇ ਪੂਰੀ ਸ਼ਰਧਾ ਭਾਵਨਾ ਰੱਖੀ ਜਾਂਦੀ ਹੈ, ਜਿਸ ਵਿੱਚ ਕੈਸ਼ੀਅਰ ਨੀਸ਼ੂ ਗਿੱਲ, ਚੇਅਰਮੈਨ ਨੀਤਾ ਗਿੱਲ, ਸੈਕਟਰੀ ਮਨਜੀਤ ਕੌਰ, ਸੋਨੀਆ ਸਿਰਸਵਾਲਾ, ਮੀਡੀਆ ਐਡਵਾਈਜਰ ਸਪਨਾ ਤੇ ਸੋਨੀਆ ਪੂਰੀ ਮੰਡਲੀ ਹਰ ਇੱਕ ਧਾਰਮਿਕ ਸਥਾਨ ਉੱਪਰ ਸ਼ਰਧਾ ਭਾਵਨਾ ਨਾਲ ਕੀਰਤਨ ਕਰਦੀ ਹੈ।





## ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਅੰਬੇਦਕਰ ਚੌਕ ਵਿਖੇ ਆਮ ਆਦਮੀ ਪਾਰਟੀ ਦੇ ਐਸ ਐਸ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਦੀ ਅਗਵਾਈ ਹੇਠ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਕੈਬਨਿਟ ਮੰਤਰੀ ਪੰਜਾਬ ਸਰਦਾਰ ਚੇਤਨ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਤੇ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਾਹਿਬ ਦਾ ਮਿਸ਼ਨ ਬਰਾਬਰੀ ਦਾ ਸੀ। ਉਨ੍ਹਾਂ ਦਾ ਮਿਸ਼ਨ ਜ਼ੁਲਮ ਦੇ ਖਿਲਾਫ਼ ਲੜਨਾ ਸੀ ਤੇ ਸਾਰਿਆਂ ਨੂੰ ਉਨ੍ਹਾਂ ਦੇ ਪਵਿੱਤਰ ਮਿਸ਼ਨ ਨੂੰ ਜੀਵਨ ਵਿੱਚ ਲੈ ਕੇ ਚੱਲਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਬਾਬਾ ਸਾਹਿਬ ਵੱਲੋਂ ਪਾਏ ਪੂਰਨਿਆਂ 'ਤੇ ਚੱਲੀਏ ਤੇ ਦੇਸ਼ ਦੀ ਏਕਤਾ, ਅਖੰਡਤਾ ਤੇ ਸੰਵਿਧਾਨ ਦੀ ਰੱਖਿਆ ਕਰੀਏ।ਇਸ ਮੌਕੇ ਗੋਪਾਲ ਕ੍ਰਿਸ਼ਨ ਗਰਗ, ਪਾਰਸ ਸ਼ਰਮਾ, ਰਵਿੰਦਰ ਸੋਹਲ, ਅਮਿਤ ਧਾਲੀਵਾਲ, ਸੋਨੂੰ, ਹੇਮ ਰਾਜ ਚੁੱਪਕੀ ਤੇ ਸ਼ੈਂਕੀ ਗਿੱਲ ਆਦਿ ਵੀ ਮੌਜੂਦ ਰਹੇ।

# ਸਿਮਰਨਜੀਤ ਮਾਨ ਨੇ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਸ਼ਹਿਰ ਸੰਗਰੂਰ ਦਾ ਦੌਰਾ ਕਰਕੇ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਸੁਣੀਆਂ। ਬੱਸ ਸਟੈਂਡ ਦੇ ਨੇੜੇ ਧੂਰੀ ਗੇਟ ਬਾਜਾਰ ਵਿਖੇ ਬਣੇ ਓਪਨ ਗੰਦੇ ਨਾਲੇ ਕਰਕੇ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਸਿਮਰਨਜੀਤ ਸਿੰਘ ਮਾਨ ਨੂੰ ਜਾਣੂ ਕਰਾਇਆ, ਜਿਸਦੇ ਹੱਲ ਲਈ ਮਾਨ ਨੇ ਮੌਕੇ 'ਤੇ ਹੀ ਮੀਡੀਆ ਦੀ ਹਾਜਰੀ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਫੋਨ ਕਰਕੇ ਤੁਰੰਤ ਇਸ ਸਮੱਸਿਆ ਦਾ ਹੱਲ ਕਰਾਉਣ ਲਈ ਕਿਹਾ।ਮਾਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸੰਗਰੂਰ ਨੇ ਜਲਦੀ ਹੀ ਇਸਦਾ ਕੰਮ ਸ਼ੁਰੂ ਕਰਕੇ ਦੁਕਾਨਦਾਰਾਂ ਦੀ ਸਮੱਸਿਆ ਦਾ ਹੱਲ ਕਰਨ ਦੀ ਗੱਲ ਕਹੀ ਹੈ।ਮਾਨ ਨੇ ਕਿਹਾ ਕਿ ਸੀ.ਐਮ. ਭਗਵੰਤ ਮਾਨ ਸੰਗਰੂਰ ਸ਼ਹਿਰ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਭੁੱਲ ਚੁੱਕੇ ਹਨ।ਇਸ ਲਈ ਉਨ੍ਹਾਂ ਦੇ ਕੰਮਾਂ ਦੀ ਜ਼ਿੰਮੇਵਾਰੀ ਵੀ ਮੈਂ ਸੰਭਾਲੀ ਹੋਈ ਹੈ।ਬਹੁਤ ਹੀ ਮੰਦਭਾਗੀ ਗੱਲ ਹੈ ਕਿ ਲੰਮੇ ਸਮੇਂ ਤੋਂ ਦੁਕਾਨਦਾਰ ਇਸ ਗੰਦੇ ਨਾਲੇ ਦੀ ਸਮੱਸਿਆ ਨਾਲ ਜੂਝ ਰਹੇ ਹਨ।ਅੱਗੇ ਮੀਂਹ ਪੈਣਗੇ ਤਾਂ ਇਸ ਗੰਦੇ ਨਾਲੇ ਦਾ ਪਾਣੀ ਮੀਂਹ ਦੇ ਪਾਣੀ ਨਾਲ ਮਿਲ ਕੇ ਸਾਰੇ ਬਾਜ਼ਾਰ ਵਿੱਚ ਫੈਲ ਜਾਵੇਗਾ।ਮਾਨ ਨੇ ਕਿਹਾ ਕਿ ਨਿਯਮ ਮੁਤਾਬਕ ਮਾਨਸੂਨ ਆਉਣ ਤੋਂ ਤਿੰਨ ਮਹੀਨੇ ਪਹਿਲਾਂ ਸਾਰੇ ਨਾਲੇ, ਨਹਿਰਾਂ, ਸੂਏ ਤੇ ਦਰਿਆਵਾਂ ਦੇ ਬੰਨ ਪੱਕੇ ਕਰਾਉਣੇ ਹੁੰਦੇ ਹਨ ਤਾਂ ਜੁ ਲੋਕਾਂ ਦੇ ਜਾਨ-ਮਾਲ ਦੀ ਰਾਖੀ ਹੋ ਸਕੇ।ਇਸ ਸੰਬੰਧੀ ਅਸੀਂ ਚਿੱਠੀ ਚੀਫ ਸੈਕਟਰੀ ਨੂੰ ਪਹਿਲਾਂ ਹੀ ਲਿਖ ਚੁੱਕੇ ਹਾਂ।ਹੁਣ ਦੇਖਣਾ ਇਹ ਹੈ ਕਿ ਚੀਫ ਸੈਕਟਰੀ ਡਿਪਟੀ ਕਮਿਸ਼ਨਰਾਂ ਨੂੰ ਇਸ ਸੰਬੰਧੀ ਹਦਾਇਤ ਕਰਦੇ ਹਨ ਜਾਂ ਨਹੀਂ। ਇਸਦੇ ਨਾਲ ਹੀ ਮੇਰੀ ਪੰਜਾਬ ਤੇ ਹਰਿਆਣਾ ਦੋਵੇਂ ਸਟੇਟਾਂ ਦੇ ਡਿਪਟੀ ਕਮਿਸ਼ਨਰਾਂ ਨੂੰ ਅਪੀਲ ਹੈ ਕਿ ਮੌਨਸੂਨ ਤੋਂ ਪਹਿਲਾਂ ਘੱਗਰ ਦੇ ਸਾਰੇ ਬੰਨ ਪੱਕੇ ਕੀਤੇ ਜਾਣ ਤੇ ਸੰਭਾਵਤ ਹੜ੍ਹਾਂ ਨੂੰ ਰੋਕਣ ਲਈ ਪੱਕੇ ਉਪਰਾਲੇ ਕੀਤੇ ਜਾਣ।

## ਰਾਮਗੜ੍ਹੀਆ ਅਕਾਲ ਜਥੇਬੰਦੀ ਨੇ ਲਾਲਜੀਤ ਸਿੰਘ ਭੁੱਲਰ ਦਾ ਪੁਤਲਾ ਫੂਕਿਆ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਵੱਲੋਂ ਸਟੇਜ ਤੋਂ ਰਾਮਗੜ੍ਹੀਆ ਸਿੱਖ ਬਰਾਦਰੀ ਪ੍ਰਤੀ ਬੋਲੀ ਭੱਦੀ ਸ਼ਬਦਾਵਲੀ ਦੇ ਵਿਰੋਧ 'ਚ ਲੁਧਿਆਣਾ ਬਠਿੰਡਾ ਮੁੱਖ ਮਾਰਗ ਮਹਿਲ ਕਲਾਂ ਵਿਖੇ ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਲਾਲਜੀਤ ਸਿੰਘ ਭੁੱਲਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਉਨ੍ਹਾਂ ਦਾ ਪੁਤਲਾ ਫੂਕਿਆ ਗਿਆ।ਪ੍ਰਧਾਨ ਮੁਕੰਦ ਸਿੰਘ ਮਹਿਲ ਕਲਾਂ ਨੇ ਕਿਹਾ ਕਿ ਪੁਤਲਾ ਫੂਕਣ ਦਾ ਮਕਸਦ ਕਿਸੇ ਸਿਆਸਤ ਤੋਂ ਪ੍ਰੇਰਿਤ ਨਹੀਂ।ਇਸ ਦਾ ਮਕਸਦ ਸਿਰਫ਼ ਸਿਆਸਤਦਾਨਾਂ ਨੂੰ ਦੱਸਣਾ ਹੈ ਕਿ ਉਨ੍ਹਾਂ ਦੁਰਵਿਹਾਰ ਖ਼ਿਲਾਫ਼ ਲੋਕਾਂ ਦੀ ਕਚਹਿਰੀ ਹਮੇਸ਼ਾਂ ਖੁੱਲ੍ਹੀ ਰਹਿੰਦੀ ਹੈ।ਮੁਕੰਦ ਸਿੰਘ ਨੇ ਕਿਹਾ ਲਾਲਜੀਤ ਸਿੰਘ ਭੁੱਲਰ ਵੱਲੋਂ ਬੋਲੀ ਸ਼ਬਦਾਵਲੀ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਹਰ ਸਿਆਸਤਦਾਨ ਯਕੀਨੀ ਬਣਾਵੇ ਕਿ ਆਪਣੇ ਵਿਰੋਧੀ ਸਾਥੀ ਉੱਪਰ ਸ਼ਬਦੀ ਹਮਲਾ ਉਸ ਦੀ ਨਿੱਜੀ ਜ਼ਿੰਦਗੀ ਜਾਂ ਉਸ ਦੀ ਬਰਾਦਰੀ 'ਤੇ ਨਾ ਕੀਤਾ ਜਾਵੇ।

ਆਗੂਆਂ ਵੱਲੋਂ ਕਿਹਾ ਗਿਆ ਕਿ ਜੇ ਲਾਲਜੀਤ ਭੁੱਲਰ ਵੱਲੋਂ ਲਿਖਤੀ ਤੌਰ 'ਤੇ ਮਾਫੀ ਨਾ ਮੰਗੀ ਗਈ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਜ਼ਿਲ੍ਹਾ ਪ੍ਰਧਾਨ ਮੰਗਲ ਸਿੰਘ, ਜ਼ਿਲ੍ਹਾ ਚੈਅਰਮੈਨ ਜਰਨੈਲ ਸਿੰਘ ਮਠਾੜੂ, ਨਰਿੰਦਰ ਸਿੰਘ ਸੂਬਾ ਸਕੱਤਰ, ਬੂਟਾ ਸਿੰਘ ਜ਼ਿਲ੍ਹਾ ਯੂਥ ਪ੍ਰਧਾਨ, ਸੁਖਵਿੰਦਰ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ, ਬਾਬਾ ਬੁੱਧ ਸਿੰਘ ਹਲਕਾ ਮੀਤ ਪ੍ਰਧਾਨ,ਪਰਮਜੀਤ ਸਿੰਘ ਹਲ਼ਕਾ ਮੀਤ ਪ੍ਰਧਾਨ, ਬੇਅੰਤ ਸਿੰਘ ਸਹੌਰ, ਗੁਰਤੇਜ ਸਿੰਘ ਛੀਨੀਵਾਲ, ਬਲਵੀਰ ਸਿੰਘ ਛੀਨੀਵਾਲ, ਹਰੀ ਸਿੰਘ ਛੀਨੀਵਾਲ, ਹਰਪ੍ਰੀਤ ਸਿੰਘ ਰਾਜੂ, ਪਰਮਿੰਦਰ ਸਿੰਘ ਮਠਾੜੂ, ਜਰਨੈਲ ਸਿੰਘ ਜਗਦੇ, ਮਨਜੀਤ ਸਿੰਘ ਜਗਦੇ, ਹਾਕਮ ਸਿੰਘ ਮਠਾੜੂ, ਬਲਜੀਤ ਸਿੰਘ, ਕਰਮ ਸਿੰਘ ਉਪਲ, ਹਰਜੀਤ ਸਿੰਘ ਖ਼ਿਆਲੀ, ਬਲਜੀਤ ਸਿੰਘ ਗਰੇਵਾਲ ਆਦਿ ਹਾਜ਼ਰ ਸਨ।

## ਪੁਰਾਤਨ ਵਿਰਸੇ ਦਿਹਾੜਿਆਂ ਨੂੰ ਯਾਦ ਕਰਨਾ ਸਾਡਾ ਮੁਢਲਾ ਫਰਜ਼ : ਡਾ. ਅਮਰਜੀਤ ਕੌਰ

**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਬੀਤੀ ਦਿਨੀਂ ਨਿਕਲੇ ਵਿਸਾਖੀ ਦੇ ਦਿਹਾੜੇ ਨੂੰ ਮਨਾਉਂਦੇ ਹੋਏ ਅਤੇ ਇਸ ਦੀ ਮਹੱਤਤਾ ਬਾਰੇ ਦੱਸਦੇ ਹੋਏ ਬਹੁਤ ਹੀ ਵਧੀਆ ਤਰੀਕੇ ਨਾਲ ਮਨਾਇਆ ਗਿਆ।

ਤਿਉਹਾਰ ਦੀ ਖ਼ੁਸ਼ੀ 'ਚ ਸਾਰੇ ਸਕੂਲ ਦੇ ਵਿਦਿਆਰਥੀਆਂ ਅਤੇ ਬਾਕੀ ਸਟਾਫ਼ ਨੂੰ ਖੀਰ ਵੀ ਖਵਾਈ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਸਮੁੱਚੀ ਨਾਗਰਿਕਤਾ ਨੂੰ ਇਸ ਤਿਉਹਾਰ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਪੁਰਾਤਨ ਵਿਰਸੇ ਦੇ ਇਹਨਾਂ ਦਿਹਾੜਿਆਂ ਨੂੰ ਮਨਾਉਣਾ ਤੇ ਵਿਦਿਆਰਥੀ ਵਰਗ ਨਾਲ ਸਾਂਝਾ ਕਰਨਾ ਆਪਣੇ ਵਿਰਸੇ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨਾ ਸਾਡਾ ਫਰਜ਼ ਬਣਦਾ ਹੈ। ਜਿਸ ਤਰ੍ਹਾਂ ਅੱਜ ਪੱਛਮੀ ਸੱਭਿਆਚਾਰ ਆਪਣਾ ਪ੍ਰਭਾਵ ਵਧਾ ਰਿਹਾ ਹੈ ਉਸ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਸ ਮੌਕੇ ਵਧਾਈ ਦਿੱਤੀ।

## ਜਸਕੀਰਤ ਸਿੰਘ 97.85 ਫੀਸਦੀ ਅੰਕਾਂ ਨਾਲ ਮੈਰਿਟ 'ਚ 10ਵਾਂ ਸਥਾਨ 'ਤੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ)**

ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ 10ਵੀਂ ਜਮਾਤ ਦੇ ਨਤੀਜੇ ਅਨੁਸਾਰ ਸਰਕਾਰੀ ਹਾਈ ਸਕੂਲ ਪਿੰਡ ਮਡਾਹਰ ਕਲਾ ਦੇ ਵਿਦਿਆਰਥੀ ਜਸਕੀਰਤ ਸਿੰਘ ਪੁੱਤਰ ਜਗਮੀਤ ਸਿੰਘ ਨੇ 650 ਵਿੱਚੋਂ 636 ਅੰਕ ਪ੍ਰਾਪਤ ਕੀਤੇ ਅਤੇ 97.85 ਫੀਸਦੀ ਨੰਬਰ ਲੈ ਕੇ ਜਿਥੇ ਮੈਰਿਟ ਵਿਚ 10ਵਾਂ ਸਥਾਨ ਲਿਆ, ਉਥੇ ਹੀ ਆਪਣੇ ਜਿਲ੍ਹੇ ਸ੍ਰੀ ਮੁਕਤਸਰ ਸਾਹਿਬ ਅਤੇ ਸਕੂਲ ਅਤੇ ਮਾਪਿਆਂ ਦਾ ਨਾਂਅ ਵੀ ਰੌਸ਼ਨ ਕੀਤਾ।

## ਕਪਾਹ ਦੀ ਬਿਹਤਰ ਪੈਦਾਵਾਰ ਲਈ ਨਦੀਨਾਂ ਦਾ ਪਤਾ ਲਗਾਉਣਾ ਬੇਹੱਦ ਜ਼ਰੂਰੀ

**ਮਾਨਸਾ (ਪੱਤਰ ਪ੍ਰੇਰਕ)** ਭਾਰਤ ਵਿੱਚ ਅੰਦਾਜ਼ਨ 60 ਲੱਖ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਤ ਕਰਨ ਵਾਲੀ ਕਪਾਹ ਭਾਰਤ ਵਿੱਚ ਸਭ ਤੋਂ ਮਹੱਤਵਪੂਰਨ ਨਕਦੀ ਫ਼ਸਲਾਂ ਵਿੱਚੋਂ ਇੱਕ ਹੈ।ਹਾਲਾਂਕਿ ਪਿਛਲੇ ਕੁਝ ਸਾਲਾਂ ਦੌਰਾਨ ਕਪਾਹ ਵਿੱਚ ਨਦੀਨਾਂ ਦੀ ਲਾਗ ਕਾਰਨ ਝਾੜ ਵਿੱਚ 40 ਪ੍ਰਤੀਸ਼ਤ ਤੋਂ 85 ਪ੍ਰਤੀਸ਼ਤ ਤੱਕ ਕਮੀ ਆਉਣਾ ਕਪਾਹ ਦੇ ਕਿਸਾਨਾਂ ਨੂੰ ਪ੍ਰਭਾਵਤ ਕਰ ਰਿਹਾ ਹੈ।ਕਿਸੇ ਵੀ ਕਪਾਹ ਦੇ ਖੇਤ ਵਿੱਚ ਨਦੀਨ ਅਣਚਾਹੇ ਮਹਿਮਾਨ ਹੁੰਦੇ ਹਨ। ਰਾਜਵੇਲੂ ਐਨ.ਕੇ, ਸੀ.ਈ.ਓ-ਫ਼ਸਲ ਸੁਰੱਖਿਆ ਕਾਰੋਬਾਰ, ਗੋਦਰੇਜ ਐਗਰੋਵੇਟ ਲਿਮਿਟਿਡ ਨੇ ਕਿਹਾ। ਉਹ ਸੂਰਜ ਦੀ ਰੌਸ਼ਨੀ, ਪਾਣੀ ਅਤੇ ਪੌਸ਼ਟਿਕ ਤੱਤਾਂ ਵਰਗੇ ਕੀਮਤੀ ਸਰੋਤਾਂ ਲਈ ਫਸਲ ਨਾਲ ਸਖ਼ਤ ਮੁਕਾਬਲਾ ਕਰਦੇ ਹਨ।ਲਗਭਗ 30 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਲਾਗੂ ਕੀਤੀ ਖਾਦ ਅਤੇ 20 ਪ੍ਰਤੀਸ਼ਤ ਤੋਂ 40 ਪ੍ਰਤੀਸ਼ਤ ਨਮੀ ਨੂੰ ਹਟਾਉਣ ਦੀ ਸਮਰੱਥਾ ਦੇ ਨਾਲ, ਕਿਸਾਨਾਂ ਲਈ ਇਹ ਜ਼ਰੂਰੀ ਹੈ ਕਿ ਉਹ ਨਦੀਨਾਂ ਦੀ ਜਲਦੀ ਖੋਜ ਕਰਨ 'ਤੇ ਧਿਆਨ ਕੇਂਦਰਤ ਕਰਨ ਦੀ ਆਦਤ ਪਾਉਣ ਤਾਂ ਜੁ ਉਨ੍ਹਾਂ ਦੇ ਝਾੜ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

## ਪਿੰਡ ਪੰਡੋਰੀ 'ਚ ਦਸਤਾਰ ਮੁਕਾਬਲੇ ਕਰਾਏ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਪੰਡੋਰੀ ਵਿਖੇ ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਰਜਿ: ਪੰਡੋਰੀ ਵੱਲੋਂ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀ ਰੱਖਣ ਤੇ ਦਸਤਾਰਾਂ ਨੂੰ ਸਿਰਾਂ 'ਤੇ ਕਾਇਮ ਰੱਖਣ ਦੇ ਮਕਸਦ ਨਾਲ 8ਵੇਂ ਦਸਤਾਰ ਮੁਕਾਬਲੇ ਕਰਾਏ ਗਏ।ਇਨ੍ਹਾਂ ਮੁਕਾਬਲਿਆਂ ਦੌਰਾਨ ਪੰਡੋਰੀ ਤੋਂ ਇਲਾਵਾ ਆਲੇ-ਦੁਆਲੇ ਦੇ ਦਰਜਨਾਂ ਪਿੰਡਾਂ ਨਾਲ ਸਬੰਧਤ ਬੱਚਿਆਂ ਨੇ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ 'ਚੋਂ ਕਮਲਦੀਪ ਸਿੰਘ, ਸੁਖਰਾਜ ਸਿੰਘ ਤੇ ਚਾਹਤ ਵੀਰ ਸਿੰਘ ਨੇ ਪਹਿਲਾ, ਹਰਕੀਰਤ ਸਿੰਘ, ਰਣਜੋਤ ਸਿੰਘ ਤੇ ਪਰਦੀਪ ਸਿੰਘ ਨੇ ਦੂਜਾ ਤੇ ਜਗਦੀਪ ਨੌਜਵ ਸਿੰਘ, ਕਮਲ ਹੀਰ ਸਿੰਘ ਅਤੇ ਏਕਮਪ੍ਰੀਤ ਸਮੇਂ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।


ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

# ਉੱਤਰ ਰੇਲਵੇ

## ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2023-24-08ਬੀ ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 13.05.2024 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| | | | |
|---|---|---|---|
| ਟੈਂਡਰ ਸੰਖਿਆ | 2023-24-08B | | |
| ਕੰਮ ਦਾ ਵੇਰਵਾ | ਇਲੈਕਟ੍ਰਿਕ ਲੋਕੋ ਸ਼ੈਡ, ਲੁਧਿਆਣਾ ਵਿਚ ਗ੍ਰੀਨ ਕੋ ਸਰਟੀਫਿਕੇਸ਼ਨ ਦੇ ਲਈ ਰੇਟਿੰਗ ਪ੍ਰਾਪਤ ਕਰਨ ਦੇ ਲਈ ਪੰਜੀਕਰਨ, ਲਾਗੂ ਕਰਨ ਅਤੇ ਤਿਆਰੀ। | | |
| ਅੰਦਾਜਨ ਲਾਗਤ (₹) | ₹6,74,666.58/- | ਟੈਂਡਰ ਦੀ ਕੀਮਤ (₹) | ₹NIL |
| ਬਿਆਨਾ ਰਾਸ਼ੀ (₹) | ₹13,500/- | ਕੰਮ ਦੀ ਅਵਧੀ | 36 ਮਹੀਨੇ |
| ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | | 13.05.2024 ਨੂੰ 15:00 ਵਜੇ ਤਕ | |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | | 13.05.2024 ਨੂੰ 15:00 ਵਜੇ ਦੇ ਬਾਅਦ | |
| ਵੈਬਸਾਈਟ | | www.ireps.gov.in | |

ਨੰ.: 230-/TRS/LDH/WC/Green Co Certification/OT/2023-24/08B
ਤਾਰੀਕ 17.04.2024 1158/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

# ਉੱਤਰ ਰੇਲਵੇ

## ਈ-ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਗਤੀ ਸ਼ਕਤੀ ਇਕਾਈ ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 09.05.2024 ਵਕਤ 15.00 ਵਜੇ ਤਕ ਅਤੇ 09.05.2024 ਵਕਤ 17.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਗਤੀ ਸ਼ਕਤੀ ਇਕਾਈ | ਦੋ ਪੈਕੇਟ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 18.04.2024/ 11:51 ਵਜੇ<br>18.04.2024/ 16:49 ਵਜੇ | 25.04.2024 | 09.05.2024/ 15:00 ਵਜੇ<br>09.05.2024/ 17:00 ਵਜੇ |

| ਲੜੀ ਨੰਬਰ | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | | |
|---|---|---|---|---|---|
| 1. | OP-03-GSU-FZR-2024-25 | ਸਹਾਇਕ ਮੰਡਲ ਇੰਜੀਨੀਅਰ/ਬਨਿਹਾਲ ਦੇ ਅਧੀਨ ਬਨਿਹਾਲ - ਬਾਰਾਮੂਲਾ ਖੰਡ ਵਿਚ ਅਨੰਤਨਾਗ ਗੁਡ ਸ਼ੈਡ ਦਾ ਉਨਨਯਨ/ਸੁਧਾਰ ਦਾ ਕੰਮ ਕਰਨ ਲਈ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 10,92,67,796.66/- | 6,96,300/- | 90 ਦਿਨ | 08 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ:- "ਕੋਈ ਵੀ ਸਿਵਿਲ ਕੰਮ ਟ੍ਰੈਕ ਕੰਮ ਦੇ ਇਲਾਵਾ" | | | |
| 2. | OP-04-GSU-FZR-2024-25 | ਸਹਾਇਕ ਮੰਡਲ ਇੰਜੀਨੀਅਰ/ਬਨਿਹਾਲ ਦੇ ਅਧੀਨ ਬਨਿਹਾਲ - ਬਾਰਾਮੂਲਾ ਖੰਡ ਵਿਚ ਪੰਪੋਰ ਗੁਡ ਸ਼ੈਡ ਦਾ ਉਨਨਯਨ/ਸੁਧਾਰ ਦਾ ਕੰਮ ਕਰਨ ਲਈ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 12,72,55,794.18/- | 7,86,300/- | 90 ਦਿਨ | 08 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ:- "ਕੋਈ ਵੀ ਸਿਵਿਲ ਕੰਮ ਟ੍ਰੈਕ ਕੰਮ ਦੇ ਇਲਾਵਾ" | | | |

ਨੋਟ: 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।
ਨੰ: OP-03 & 04-GSU-FZR-2024-25 ਮਿਤੀ : 18.04.2024 1165/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

RELIANCE Asset Reconstruction

# Reliance Asset Reconstruction Company Ltd.

Corporate Office: 11th Floor, North Side, R-Tech Park, Western Express Highway, Goregaon (East), Mumbai- 400063.

## ਸਕਿਉਰਡ ਐਸੱਟਸ ਦੀ ਈ-ਨਿਲਾਮੀ ਵਿਕਰੀ ਵਾਸਤੇ ਜਨਤਕ ਨੋਟਿਸ

ਰਿਲਾਇੰਸ ਐਸੱਟ ਰੀਕੰਸਟਰੱਕਸ਼ਨ ਕੰਪਨੀ ਲਿਮ: (ਆਰ ਏ ਆਰ ਸੀ) "ਆਰ ਏ ਆਰ ਸੀ-053 (ਆਈ ਬੀ ਐੱਸ ਐੱਮ ਈ) ਟਰੱਸਟ" ਨੇ ਇੰਡੀਅਨ ਬੈਂਕ ਨਾਲ 03 ਦਸੰਬਰ 2019 ਨੂੰ ਕੀਤੇ ਗਏ ਇਕਰਾਰਨਾਮੇ ਅਨੁਸਾਰ ਹੇਠਾਂ ਦਰਸਾਏ ਕਰਜ਼ਦਾਰਾਂ ਦੀ ਜਾਇਦਾਦ ਦਾ ਹਿੱਸੇਦਾਰ ਅਤੇ ਸਕਿਉਰਡ ਕ੍ਰੈਡਿਟਰ ਹੈ। ਨਿਮਨਹਸਤਾਖਰੀ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਨਾਲ ਸਕਿਉਰਿਟੀ ਇੰਟਰੈਸੱਟ ਐਕਟ 2002 ਅਤੇ ਸਕਿਉਰਿਟੀ ਇੰਟਰੈਸੱਟ (ਇਨਫੋਰਸਮੈਂਟ) ਰੂਲਜ਼ 2002 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਕਾਏ ਦੀ ਵਸੂਲੀ ਵਾਸਤੇ ਹੇਠਾਂ ਦਰਸਾਈ ਜਾਇਦਾਦ ਦੀ ਆਨਲਾਈਨ ਈ-ਨਿਲਾਮੀ ਰਾਹੀਂ ਵਿਕਰੀ ਕੀਤੀ ਜਾਵੇਗੀ। ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਉਵੇਂ ਹੀ' ਅਤੇ 'ਨੋ ਰੀਕੋਰਸ' ਦੇ ਆਧਾਰ 'ਤੇ ਕੀਤੀ ਜਾਵੇਗੀ।

| ਕਰਜ਼ਦਾਰ ਦਾ ਨਾਂਅ | ਬਕਾਇਆ ਰਕਮ | ਕਬਜ਼ੇ ਦੀ ਮਿਤੀ |
|---|---|---|
| 1. ਮੈਸ: ਗੁਰੂ ਫੀਡਜ਼ (ਕਰਜ਼ਦਾਰ) ਸੀ 54 ਫੋਕਲ ਪੁਆਇੰਟ, ਖੰਨਾ, ਜ਼ਿਲ੍ਹਾ ਲੁਧਿਆਣਾ-141401 | ਰੁ. 1,29,94,712.34 ਡਿਮਾਂਡ ਨੋਟਿਸ ਮਿਤੀ 10.07.2014 ਅਨੁਸਾਰ ਅਤੇ ਰੁ. 4,88,72,599.72/-29.03.2024 ਨੂੰ | 23.04.2015 |
| 2. ਮੈਸ: ਪੰਜਾਬ ਫੀਡ ਕਾਰਪੋਰੇਸ਼ਨ (ਕਰਜ਼ਦਾਰ) ਸੀ 54 ਫੋਕਲ ਪੁਆਇੰਟ, ਖੰਨਾ, ਜ਼ਿਲ੍ਹਾ ਲੁਧਿਆਣਾ-141401 | ਰੁ. 22,79,294.56/- ਡਿਮਾਂਡ ਨੋਟਿਸ ਮਿਤੀ 10.07.2014 ਅਨੁਸਾਰ ਅਤੇ ਰੁ. 81,20,398.25/- 29.03.2024 ਨੂੰ | |
| 3. ਮੈਸ: ਨੈਸ਼ਨਲ ਡੇਅਰੀ ਕਾਰਪੋਰੇਸ਼ਨ (ਕਰਜ਼ਦਾਰ) ਸੀ 54 ਫੋਕਲ ਪੁਆਇੰਟ, ਖੰਨਾ, ਜ਼ਿਲ੍ਹਾ ਲੁਧਿਆਣਾ-141401 | ਰੁ. 7,81,974.00/- ਡਿਮਾਂਡ ਨੋਟਿਸ ਮਿਤੀ 28.10.2014 ਅਨੁਸਾਰ ਅਤੇ ਰੁ. 28,39,717.61/- 29.03.2024 ਨੂੰ | |
| 4. ਮੈਸ: ਗੁਰੂ ਐਗਰੋ ਐਕਸਪੋਰਟ (ਕਰਜ਼ਦਾਰ) ਸੀ 54 ਫੋਕਲ ਪੁਆਇੰਟ, ਖੰਨਾ, ਜ਼ਿਲ੍ਹਾ ਲੁਧਿਆਣਾ-141401 | ਰੁ. 51,99,507.21/- ਡਿਮਾਂਡ ਨੋਟਿਸ ਮਿਤੀ 10.07.2014 ਅਨੁਸਾਰ ਅਤੇ ਰੁ. 1,83,85,663.75/- 29.03.2024 ਨੂੰ | |
| 5. ਮੈਸ : ਗੁਰੂ ਇੰਡਸਟ੍ਰੀਜ਼ (ਕਰਜ਼ਦਾਰ) ਸੀ 54 ਫੋਕਲ ਪੁਆਇੰਟ, ਖੰਨਾ, ਜ਼ਿਲ੍ਹਾ ਲੁਧਿਆਣਾ-141401 | ਰੁ. 99,42, 210.00/- ਡਿਮਾਂਡ ਨੋਟਿਸ ਮਿਤੀ 10.07.2014 ਅਨੁਸਾਰ ਅਤੇ ਰੁ. 3,59,46,428.36/-29.03.2024 ਨੂੰ | |

**ਗਰੰਟਰਾਂ/ਰਹਿਣਕਾਰਾਂ/ਮਾਲਕ/ਭਾਈਵਾਲ ਦੇ ਨਾਂਅ**

1.) ਸ੍ਰੀਮਤੀ ਰਵਿੰਦਰ ਕੌਰ ਪਤਨੀ ਸ੍ਰੀ ਭੁਪਿੰਦਰ ਸਿੰਘ (ਲੜੀ ਖਾਤਾ ਨੰ. 1 'ਚ ਮਾਲਕ ਅਤੇ ਲੜੀ ਖਾਤਾ ਨੰ. 2, 4 ਅਤੇ 5 'ਚ ਗਰੰਟਰ ਅਤੇ ਲੜੀ ਖਾਤਾ ਨੰ. 3 'ਚ ਭਾਈਵਾਲ ਅਤੇ ਗਰੰਟਰ)
2.) ਸਵ: ਸ੍ਰੀ ਭੁਪਿੰਦਰ ਸਿੰਘ ਪੁੱਤਰ ਭਾਗ ਸਿੰਘ (ਸਵ:, ਇਸ ਦੇ ਕਾਨੂੰਨੀ ਵਾਰਸਾਂ ਰਾਹੀਂ) (ਲੜੀ ਖਾਤਾ ਨੰ. 1 ਅਤੇ 4 'ਚ ਗਰੰਟਰ ਅਤੇ ਲੜੀ ਖਾਤਾ 2 ਅਤੇ 5 'ਚ ਮਾਲਕ ਅਤੇ ਲੜੀ ਨੰ. 3 'ਚ ਭਾਈਵਾਲ ਅਤੇ ਗਰੰਟਰ)
3.) ਸ੍ਰੀ ਹਰਪਿੰਦਰ ਸਿੰਘ ਪੁੱਤਰ ਸ੍ਰੀ ਭਾਗ ਸਿੰਘ (ਲੜੀ ਖਾਤਾ ਨੰ. 1, 2, 3 ਅਤੇ 5 'ਚ ਗਰੰਟਰ ਅਤੇ ਲੜੀ ਖਾਤਾ ਨੰ. 4 'ਚ ਮਾਲਕ)
4.) ਮੈਸ : ਨੈਸ਼ਨਲ ਡੇਅਰੀ ਕਾਰਪੋਰੇਸ਼ਨ, (ਲੜੀ ਖਾਤਾ ਨੰ. 1, 2, 4 ਅਤੇ 5 'ਚ ਗਰੰਟਰ ਅਤੇ ਰਹਿਣਕਾਰ)
5.) ਸ੍ਰੀ ਰਜਨੀਸ਼ ਮੋਦੀ ਪੁੱਤਰ ਸ਼ਾਮ ਲਾਲ (ਲੜੀ ਖਾਤਾ ਨੰ. 1 'ਚ ਗਰੰਟਰ)

| ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ | ਈ ਐਮ ਡੀ ਰਕਮ |
|---|---|---|
| ਜਾਇਦਾਦ ਦਾ ਵੇਰਵਾ : (ਏ) : ਤਬਾਦਲਾ ਬੈਨਾਮਾ ਨੰ. 4415 ਮਿਤੀ 28.02.1996 ਅਨੁਸਾਰ ਰਜਿਸਟਰਡ ਜਾਇਦਾਦ ਰਕਬਾ 2093 ਵਰਗ ਗਜ਼, ਸੀ-54, ਫੋਕਲ ਪੁਆਇੰਟ, ਖੰਨਾ ਸਥਿਤ ਅਤੇ ਇਸ ਉਪਰ ਨਿਰਮਤ ਮੈਸ: ਨੈਸ਼ਨਲ ਡੇਅਰੀ ਕਾਰਪੋਰੇਸ਼ਨ ਨਾਲ ਸੰਬੰਧਤ ਇਮਾਰਤ। ਹੱਦਾਂ : ਉੱਤਰ : ਸੜਕ 45' ਚੌੜੀ, ਦੱਖਣ : ਨੈਸ਼ਨਲ ਡੇਅਰੀ ਦੀ ਜਾਇਦਾਦ, ਪੱਛਮ : ਪ੍ਰਤਾਪ ਰੋਲਿੰਗ ਮਿੱਲ ਅਤੇ ਗਰੀਨ ਏਰੀਆ, ਪੂਰਬ : ਸੀ-54 ਏ। (ਬੀ) ਪਿੰਡ ਬੁਲੇਪੁਰ ਸਥਿਤ ਜਾਇਦਾਦ, ਸੀ-54 ਏ ਨਾਲ ਲਗਦੀ, ਨੇੜੇ ਗੋਦਰੇਜ ਐਗਰੋਵੈੱਟ ਇੰਡਸਟ੍ਰੀਅਲ ਫੋਕਲ ਪੁਆਇੰਟ, ਖੰਨਾ ਨਾਲ ਜ਼ਮੀਨ ਰਕਬਾ 1607 ਵਰਗ ਗਜ਼, ਖੇਵਟ ਨੰ. 98, 234, 235, ਖਤੌਨੀ ਨੰ. 111, 254, 257, ਖਸਰਾ ਨੰ. 10 ਕਿੱਲਾ ਨੰ. 13/1/2, 13/2, 13/3, 7/1, 7/4, 8/1, 13/4, 14/1, 14/2, 24 ਪਿੰਡ ਬੁਲੇਪੁਰ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਅਸਟੇਟ ਅੰਦਰ, ਮੈਸ : ਨੈਸ਼ਨਲ ਡੇਅਰੀ ਕਾਰਪੋਰੇਸ਼ਨ ਨਾਲ ਸੰਬੰਧਤ। ਹੱਦਾਂ : ਪੂਰਬ : ਡਾਬਰ ਫੀਡ, ਪੱਛਮ : ਪ੍ਰਤਾਪ ਰੋਲਿੰਗ ਮਿੱਲ, ਉੱਤਰ : ਸੀ-54 ਏ, ਦੱਖਣ : ਬਲਵਿੰਦਰਾ ਸਟੀਲ ਮਿੱਲ। | ਰੁਪਏ 1,20,00,000/- (ਇੱਕ ਕਰੋੜ ਵੀਹ ਲੱਖ ਰੁਪਏ ਕੇਵਲ) | ਰੁਪਏ 12,00,000/- (ਬਾਰਾਂ ਲੱਖ ਰੁਪਏ ਕੇਵਲ) |

**ਈ-ਨਿਲਾਮੀ ਦੇ ਵੇਰਵੇ :**
ਜਾਇਦਾਦ ਦਾ ਨਿਰੀਖਣ : 26.04.2024 ਸਵੇਰੇ 11.00 ਵਜੇ ਤੋਂ ਦੁਪਹਿਰ 2.00 ਵਜੇ ਤੱਕ
ਬੋਲੀ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ : 07.05.2024
ਈ-ਨਿਲਾਮੀ ਦੀ ਮਿਤੀ : 08.05.2024 ਨੂੰ ਦੁਪਹਿਰ 2.00 ਵਜੇ ਤੋਂ 3.00 ਵਜੇ ਦਰਮਿਆਨ (ਹਰੇਕ ਲਈ ਪੰਜ ਮਿੰਟ ਵਾਧੂ ਹੋਣਗੇ)

**ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ**

1. ਜਾਇਦਾਦ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ ਅਤੇ ਵਿਕਰੀ ਰਿਲਾਇੰਸ ਐਸੱਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੀ ਸਕਿਉਰਡ ਕ੍ਰੈਡਿਟਰ ਵਜੋਂ ਪੁਸ਼ਟੀ ਜ਼ਰੂਰੀ ਹੈ। ਜਾਇਦਾਦ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਉਵੇਂ ਹੀ' ਅਤੇ 'ਨੋ ਰੀਕੋਰਸ' ਦੇ ਅਧਾਰ 'ਤੇ ਹੋਵੇਗੀ।
2. ਈ-ਨਿਲਾਮੀ ਆਰ ਏ ਆਰ ਸੀ ਦੀ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ ਮੈਸ : ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ https://www.Auctionbazaar.com (ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਦਾ ਵੈੱਬ ਪੋਰਟਲ) ਰਾਹੀਂ ਕਰਵਾਈ ਜਾਵੇਗੀ। ਈ-ਨਿਲਾਮੀ ਦਸਤਾਵੇਜ਼, ਜਿਸ 'ਚ ਆਨਲਾਈਨ ਬੋਲੀ ਫਾਰਮ ਤੇ ਆਮ ਨਿਯਮ ਅਤੇ ਸ਼ਰਤਾਂ ਸ਼ਾਮਲ ਹਨ, ਵੈੱਬਸਾਈਟ www.rarcl.com and https://www.Auctionbazaar.com 'ਤੇ ਉਪਲੱਬਧ ਹਨ, ਚਾਹਵਾਨ ਬੋਲੀਕਾਰ ਢੁਕਵੇਂ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹਨ।
3. ਚਾਹਵਾਨ ਬੋਲੀਕਾਰ ਦੀ ਆਈ ਡੀ 'ਚ ਹਿੱਸਾ ਲੈਣ ਲਈ ਵੈਧ ਈਮੇਲ ਹੋਣੀ ਚਾਹੀਦੀ ਹੈ ਅਤੇ ਈ-ਨਿਲਾਮੀ ਏਜੰਸੀ ਵੱਲੋਂ ਦਿੱਤੇ ਗਏ ਪਾਸਵਰਡ ਰਾਹੀਂ ਹੀ ਆਪਣੀ ਈ-ਮੇਲ ਆਈ ਡੀ ਰਾਹੀਂ ਸੰਪਰਕ ਕਰਨ।
4. ਚਾਹਵਾਨ ਬੋਲੀਕਾਰਾਂ ਨੂੰ ਆਪਣੀ ਬੋਲੀ ਨਿਰਧਾਰਤ ਫਾਰਮ 'ਚ ਈ ਐੱਮ ਡੀ ਜਮ੍ਹਾਂ ਕਰਵਾਉਣ ਦੇ ਵੇਰਵੇ ਅਤੇ ਖੁਦ ਤਸਦੀਕਸ਼ੁਦਾ ਦਸਤਾਵੇਜ਼ (ਪੈਨ, ਆਧਾਰ ਕਾਰਡ ਆਦਿ), ਪੇਸ਼ ਕਰਨਾ ਹੋਵੇਗਾ ਅਤੇ ਇਹ ਸਭ ਕੁਝ ਰਿਲਾਇੰਸ ਐਸੱਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੇ ਅਧਿਕਾਰਤ ਅਫਸਰ ਕੋਲ 11ਵੀਂ ਮੰਜ਼ਲ, ਨਾਰਥ ਸਾਈਡ, ਆਰ ਟੈੱਕ ਪਾਰਕ,ਵੈਸਟਰਨ ਐੱਕਸਪ੍ਰੈੱਸ ਹਾਈਵੇ, ਗੋਰੇਗਾਉਂ (ਈਸਟ) ਮੁੰਬਈ-400063 ਕੋਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ Narendra.r.shukla@relianceada.com ਅਤੇ vinod.pawaskar@relianceada.com'ਤੇ ਈਮੇਲ ਕਰਨਾ ਹੋਵੇਗਾ ਅਤੇ ਇਸ ਤੋਂ ਬਾਅਦ ਸ਼ਾਮਲ ਹੋਣ ਲਈ ਆਈ ਡੀ ਅਤੇ ਪਾਸਵਰਡ ਸਿਰਫ ਉਨ੍ਹਾਂ ਦੀ ਈਮੇਲ 'ਤੇ ਭੇਜ ਦਿੱਤਾ ਜਾਵੇਗਾ। ਬੋਲੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 07.05.2024 ਹੈ। ਕਿਸੇ ਵੀ ਤਰ੍ਹਾਂ ਕਿਸੇ ਕਾਰਨ ਬੋਲੀ ਫਾਰਮ ਅਤੇ ਈ ਐੱਮ ਡੀ ਦੇਰੀ ਨਾਲ ਪ੍ਰਾਪਤ ਹੋਣ 'ਤੇ ਵਿਚਾਰ ਨਹੀਂ ਕੀਤੀ ਜਾਵੇਗੀ। ਈ ਐੱਮ ਡੀ ਤੋਂ ਬਿਨਾਂ ਅਤੇ ਰਾਖਵੀਂ ਕੀਮਤ ਤੋਂ ਹੇਠਾਂ ਬੋਲੀ ਸਰਸਰੀ ਤੌਰ 'ਤੇ ਰੱਦ ਕਰ ਦਿੱਤੀ ਜਾਵੇਗੀ।
5. ਬੋਲੀਕਾਰ ਦੇ ਨੈਟਵਰਕ 'ਚ ਖਰਾਬੀ ਕਾਰਨ ਕਿਸੇ ਦੇਰੀ/ਨਾਕਾਮੀ ਲਈ ਨਾ ਤਾਂ ਆਰ ਏ ਆਰ ਸੀ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਜ਼ਿੰਮੇਵਾਰ ਹੋਵੇਗਾ। ਅਜਿਹੀਆਂ ਘਟਨਾਵਾਂ ਵਾਸਤੇ ਬੋਲੀਕਾਰਾਂ ਨੂੰ ਬਦਲਵੇਂ ਪਾਵਰ ਬੈਕਅਪਸ ਆਦਿ ਦੀ ਲੋੜੀਂਦੇ ਪ੍ਰਬੰਧ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ।
6. ਸਾਰੇ ਬੋਲੀਕਾਰਾਂ ਨੂੰ ਸੈਕਸ਼ਨ 29 (ਏ) ਆਈ ਬੀ ਸੀ ਤਹਿਤ ਵਚਨ ਦੀ ਪਾਲਣਾ ਕਰਨੀ ਪਵੇਗੀ।
7. ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਆਰ ਟੀ ਜੀ ਐੱਸ/ਐੱਨ ਈ ਐੱਫ ਟੀ ਫੰਡ ਟਰਾਂਸਫਰ ਰਾਹੀਂ ਚਾਲੂ ਖਾਤਾ ਨੰ. 6678778996, ਬੈਂਕ ਦਾ ਨਾਂਅ ਇੰਡੀਅਨ ਬੈਂਕ ਸ਼ਾਖਾ ਸ਼ਾਂਤਾਕਰੂਜ਼, ਮੁੰਬਈ ਲਾਭਕਾਰੀ ਦਾ ਨਾਂਅ : ਆਰ ਏ ਆਰ ਸੀ 053 (ਆਈ ਬੀ ਐੱਸ ਐੱਮ ਈ) ਟਰੱਸਟ ਆਈ ਐੱਫ ਐੱਸ ਸੀ ਕੋਡ, ਆਈ ਡੀ ਆਈ ਬੀ000ਐੱਸ010 'ਤੇ ਜਮ੍ਹਾਂ ਕਰਵਾਈ ਜਾਵੇ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਈ ਐੱਮ ਡੀ ਵਾਸਤੇ ਚੈੱਕ/ਡਿਮਾਂਡ ਡਰਾਫਟ ਸਵੀਕਾਰ ਨਹੀਂ ਕੀਤੇ ਜਾਣਗੇ।
8. ਰਾਖਵੀਂ ਕੀਮਤ ਤੋਂ ਹੇਠਾਂ ਅਤੇ/ਜਾਂ ਈ ਐੱਮ ਡੀ ਤੋਂ ਬਿਨਾਂ ਬੋਲੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਬੋਲੀਕਾਰ 1,00,000/- (ਇੱਕ ਲੱਖ ਰੁਪਏ ਕੇਵਲ) ਦੇ ਗੁਣਾਂਕ 'ਚ ਬੋਲੀ ਰਕਮ 'ਚ ਸੋਧ ਕਰ ਸਕਦੇ ਹਨ। ਇੱਕਲੇ ਹੀ ਬੋਲੀਕਾਰ ਹੋਣ ਦੇ ਮਾਮਲੇ 'ਚ ਬੋਲੀਕਾਰ ਨੂੰ ਘੱਟੋ-ਘੱਟ ਇੱਕ ਵਾਰ ਬੋਲੀ 'ਚ ਸੋਧ ਕਰਵਾਉਣੀ ਜ਼ਰੂਰੀ ਹੋਵੇਗੀ।
9. ਸਫਲ ਬੋਲੀਕਾਰ ਨੂੰ ਬੋਲੀ ਰਕਮ /ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸ਼ਾਮਲ) ਦਾ 25 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ। ਸਫਲ ਬੋਲੀਕਾਰ ਬੋਲੀ ਰਕਮ/ਵਿਕਰੀ ਕੀਮਤ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਪਵੇਗਾ।
10. ਜੇਕਰ ਸਫਲ ਬੋਲੀਕਾਰ ਉਪਰੋਕਤ ਅਨੁਸਾਰ ਵਿਕਰੀ ਕੀਮਤ ਜਮ੍ਹਾਂ ਕਰਵਾਉਣ 'ਚ ਅਸਫਲ ਰਹੇਗਾ ਤਾਂ ਬਿਨਾਂ ਕਿਸੇ ਨੋਟਿਸ ਸਾਰੇ ਡਿਪਾਜ਼ਟਸ ਈ ਐੱਮ ਡੀ ਸਮੇਤ ਜ਼ਬਤ ਕਰ ਲਏ ਜਾਣਗੇ। ਬੇਸ਼ੱਕ ਬਕਾਇਆ 75 ਫੀਸਦੀ ਦੀ ਅਦਾਇਗੀ ਲਈ ਸਿਰਫ ਅਧਿਕਾਰਤ ਅਫਸਰ ਦੀ ਮਰਜ਼ੀ ਨਾਲ ਹੋਰ ਸਮਾਂ ਦਿੱਤਾ ਜਾ ਸਕਦਾ ਹੈ।
11. ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਰਕਮ ਬਿਨਾਂ ਵਿਆਜ ਦੇ, ਈ ਨਿਲਾਮੀ ਵਿਕਰੀ ਅਮਲ ਬੰਦ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
12. ਅਧਿਕਾਰਤ ਅਫਸਰ ਵੱਲੋਂ ਦਿੱਤੇ ਗਏ ਵੇਰਵੇ ਉਸ ਦੀ ਜਾਣਕਾਰੀ, ਵਿਸ਼ਵਾਸ਼ ਅਤੇ ਰਿਕਾਰਡਜ਼ ਦੇ ਅਨੁਸਾਰ ਹਨ। ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨ ਜਾਂ ਗਲਤੀ ਲਈ ਜ਼ਿੰਮੇਵਾਰੀ ਨਹੀਂ ਹੋਵੇਗਾ।
13. ਨਿਮਨਹਸਤਾਖਰੀ ਅਧਿਕਾਰਤ ਅਫਸਰ ਨੂੰ ਕਿਸੇ ਬੋਲੀ ਨੂੰ ਬਿਨਾਂ ਅਗਾਊਂ ਨੋਟਿਸ ਜਾਂ ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਜਾਂ ਰੋਕਣ/ਮੁਲਤਵੀ ਕਰਨ/ਵਿਕਰੀ ਰੱਦ ਕਰਨ ਜਾਂ ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ 'ਚ ਸੋਧ ਕਰਨ ਲਈ ਮੁਕੰਮਲ ਅਧਿਕਾਰ ਅਤੇ ਹੱਕ ਪ੍ਰਾਪਤ ਹੈ।
14. ਬੋਲੀਕਾਰਾਂ ਨੂੰ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਪਹਿਲਾਂ ਜਾਇਦਾਦ 'ਤੇ ਚਾਰਜਿਜ/ਭਾਰ ਸੰਬੰਧੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਜਾਇਦਾਦ ਦੇ ਟਾਈਟਲ ਅਤੇ ਕੁਆਲਿਟੀ ਸੰਬੰਧੀ ਸੰਤੁਸ਼ਟ ਕਰ ਲੈਣਾ ਚਾਹੀਦਾ ਹੈ। ਆਨ ਲਾਈਨ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਜਾਇਦਾਦ 'ਤੇ ਚਾਰਜਿਜ/ਭਾਰ ਆਦਿ ਅਤੇ ਹੋਰ ਕੋਈ ਮਸਲਾ, ਦਾਅਵਾ ਆਦਿ ਵਿਚਾਰਿਆ ਨਹੀਂ ਜਾਵੇਗਾ।
15. ਜਾਇਦਾਦ ਦੀ ਵਿਕਰੀ 'ਤੇ ਸਟੈਂਪ ਡਿਊਟੀ/ਰਜਿਸਟਰੇਸ਼ਨ ਫੀਸ ਸਮੇਤ ਕੋਈ ਬਕਾਇਆ, ਟੈਕਸ, ਚਾਰਜਿਜ ਵਿਧਾਨਕ ਜਾਂ ਹੋਰ ਸਿਰਫ ਖਰੀਦਦਾਰ ਨੂੰ ਹੀ ਸਹਿਣ ਕਰਨੇ ਪੈਣਗੇ।
16. ਹੋਰ ਵੇਰਵਿਆਂ ਲਈ ਕਿਰਪਾ ਕਰਕੇ ਰਿਲਾਇੰਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਦੇ ਉਪਰੋਕਤ ਦਰਸਾਏ ਪਤੇ 'ਤੇ ਸ੍ਰੀ ਨਰਿੰਦਰ ਸ਼ੁਕਲਾ, ਏ ਵੀ ਪੀ ਰੈਜ਼ੋਲੂਸ਼ਨ, ਮੋਬਾਇਲ ਨੰ. 93213-39065 ਅਤੇ ਸ੍ਰੀ ਵਿਨੋਦ ਪਵਾਸਕਰ, ਹੈੱਡ ਲੀਗਲ, ਮੋਬਾਇਲ ਨੰ. 8080722836 ਨਾਲ ਸੰਪਰਕ ਕੀਤਾ ਜਾਵੇ।
17. ਵਿਕਰੀ ਸਰਟੀਫਿਕੇਟ, ਵਿਕਰੀ ਅਮਲ ਦੀ ਪ੍ਰਾਪਤੀ ਅਤੇ ਸਕਿਉਰਡ ਕ੍ਰੈਡਿਟਰ ਵੱਲੋਂ ਵਿਕਰੀ ਦੀ ਪੁਸ਼ਟੀ ਤੋਂ ਬਾਅਦ ਜਾਰੀ ਕੀਤਾ ਜਾਵੇਗਾ। ਵਿਕਰੀ ਸਰਟੀਫਿਕੇਟ 'ਚ ਉਸ ਵਿਅਕਤੀ, ਜਿਸ ਨੇ ਈ-ਨਿਲਾਮੀ ਦੌਰਾਨ ਬੋਲੀ ਪੇਸ਼ ਕੀਤੀ/ਹਿੱਸਾ ਲਿਆ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦਾ ਨਾਂਅ ਤਬਦੀਲ ਕਰਨ ਲਈ ਕੋਈ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

ਇਹ ਨੋਟਿਸ ਕਰਜ਼ਦਾਰ/ਗਰੰਟਰ/ਰਹਿਣਕਾਰ ਲਈ ਸਰਫੇਸੀ ਐਕਟ ਅਤੇ ਇਸ ਅਧੀਨ ਬਣੇ ਨਿਯਮਾਂ ਤਹਿਤ 15 ਦਿਨਾਂ ਦਾ ਵਿਧਾਨਕ ਨੋਟਿਸ ਵੀ ਹੈ।

ਸਥਾਨ : ਲੁਧਿਆਣਾ
ਮਿਤੀ : 19.04.2024

ਅਧਿਕਾਰਤ ਅਫਸਰ
ਵਾਸਤੇ ਰਿਲਾਇੰਸ ਐਸੱਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**


19-April-PAGE-3.qxd 4/18/2024 10:52 PM Page 1



## ਜਨਮ ਦਿਨ ਮੁਬਾਰਕ



ਗੁਰਨੂਰ ਚਾਵਲਾ



ਕਰਿਸ਼ਵੀ, ਰਾਮਪੁਰਾਫੂਲ

## ਵਰ੍ਹੇਗੰਢ ਮੁਬਾਰਕ



ਸਰਬਜੀਤ ਸਿੰਘ ਸੰਧੂ ਅਤੇ ਸ਼ਵਿੰਦਰ ਕੌਰ ਸੰਧੂ ਵਾਸੀ ਮਮਦੋਟ ਹਿਠਾੜ ਨੇ ਆਪਣੇ ਵਿਆਹ ਦੀ 50ਵੀਂ ਵਰ੍ਹੇਗੰਢ ਮਨਾਈ।



ਗੁਰਜੀਤ ਸਿੰਘ ਅਤੇ ਮਨਜੀਤ ਕੌਰ ਨੇ ਆਪਣੇ ਵਿਆਹ ਦੀ 20ਵੀਂ ਵਰ੍ਹੇਗੰਢ ਮਨਾਈ।

# ਗੰਨੇ ਦੀ ਸਬਸਿਡੀ ਖਾਤਿਆਂ 'ਚ ਨਾ ਪਾ ਕੇ ਸਰਕਾਰ ਨੇ ਕਿਸਾਨਾਂ ਨਾਲ ਕੀਤਾ ਧੋਖਾ : ਕਿਸਾਨ ਆਗੂ

**ਗੁਰਦਾਸਪੁਰ, (ਜਨਕ ਮਹਾਜਨ)**

ਕਿਸਾਨਾਂ ਨਾਲ ਕੀਤੇ ਵਾਅਦੇ ਮੁਤਾਬਕ ਚਾਰ ਮਹੀਨੇ ਬੀਤ ਜਾਣ 'ਤੇ ਵੀ ਗੰਨੇ ਦੀ ਸਬਸਿਡੀ ਖ਼ਾਤਿਆਂ ਵਿਚ ਨਾ ਆਉਣ ਕਰਕੇ ਗੁਰਦਾਸਪੁਰ ਦੇ ਕਿਸਾਨਾਂ ਦਾ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਨਾਲ ਗੱਲਬਾਤ ਕਰਦੇ ਹੋਏ ਕਿਸਾਨ ਆਗੂਆਂ ਬਲਜਿੰਦਰ ਸਿੰਘ ਚੀਮਾ ਪੁਰਾਣਾ ਸ਼ਾਲਾ, ਸਰਬਜੀਤ ਸਿੰਘ ਲਾਲੀਆ, ਮੁਲਖ ਰਾਜ ਨਡਾਲਾ, ਡਾ. ਬਲਕਾਰ ਸਿੰਘ, ਰਾਮ ਲੁਭਾਇਆ, ਲਖਵਿੰਦਰ ਸਿੰਘ, ਅਸ਼ਵਨੀ ਕੁਮਾਰ, ਤੇਜਿੰਦਰ ਸਿੰਘ ਤੰਨੂੰ, ਗੁਰਦੇਵ ਸਿੰਘ ਤੇ ਹੋਰ ਕਿਸਾਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਪੈਟਰਨ 'ਤੇ ਤੁਰੀ ਪੰਜਾਬ ਸਰਕਾਰ ਵਲੋਂ ਵੀ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਸੀਜ਼ਨ ਦੀ ਪਿੜਾਈ ਦਾ ਕੰਮ ਖ਼ਤਮ ਵੀ ਹੋ ਗਿਆ ਹੈ ਪਰ ਪੰਜਾਬ ਸਰਕਾਰ ਵਲੋਂ 55 ਰੁਪਏ 50 ਪੈਸੇ ਪ੍ਰਤੀ ਕੁਇੰਟਲ ਕਿਸਾਨਾਂ ਦੇ ਖਾਤਿਆਂ ਵਿਚ ਨਹੀਂ ਪਾਏ ਗਏ। ਉਕਤ ਆਗੂਆਂ ਕਿਹਾ ਕਿ ਪਹਿਲਾਂ ਸੂਬੇ ਵਿਚ ਗੰਨੇ ਦਾ ਭਾਅ ਪ੍ਰਤੀ ਕੁਇੰਟਲ 380 ਰੁਪਏ ਸੀ, ਜਿਸ ਨੂੰ ਵਧਾ ਕੇ 391 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਨੇ ਗੰਨੇ ਦਾ ਭਾਅ 391 ਰੁਪਏ ਕਰਨ ਦਾ ਐਲਾਨ ਕਰਦਿਆਂ ਪੰਜਾਬ ਸਰਕਾਰ ਵਲੋਂ 55 ਰੁਪਏ 50 ਪੈਸੇ ਪ੍ਰਤੀ ਕੁਇੰਟਲ ਸਬਸਿਡੀ ਦੇਣ ਦਾ ਵੀ ਐਲਾਨ ਕੀਤਾ ਸੀ ਪਰ ਅਜੇ ਤੱਕ ਕਿਸਾਨਾਂ ਦੇ ਖਾਤੇ ਵਿਚ ਸਬਸਿਡੀ ਦਾ ਕੋਈ ਪੈਸਾ ਨਹੀਂ ਆਇਆ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਆਪ ਪਾਰਟੀ ਦੀ ਪੰਜਾਬ ਸਰਕਾਰ ਕਿਸਾਨ ਹਿਤੈਸ਼ੀ ਪਾਰਟੀ ਹੋਣ ਦਾ ਦਾਅਵਾ ਕਰਦੀ ਨਹੀਂ ਥੱਕਦੀ ਤੇ ਦੂਜੇ ਪਾਸੇ ਵਾਅਦਿਆਂ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਨੂੰ ਉਨ੍ਹਾਂ ਦੇ ਗੰਨੇ ਦਾ ਬਕਾਇਆ ਜਲਦੀ ਜਾਰੀ ਨਾ ਕੀਤਾ ਗਿਆ ਤਾਂ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਵਿਚ ਇਸ ਦੇ ਨਤੀਜੇ ਭੁਗਤਣੇ ਪੈਣਗੇ।



# ਡਾ. ਰਵਜੋਤ ਦੀ ਅਗਵਾਈ 'ਚ ਹਲਕਾ ਸ਼ਾਮ ਚੌਰਾਸੀ ਵਾਸੀ ਡਾ. ਰਾਜ ਦੇ ਹੱਕ 'ਚ ਨਿੱਤਰੇ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਹਲਕਾ ਸ਼ਾਮ ਚੌਰਾਸੀ ਅਧੀਨ ਪੈਂਦੇ ਪਿੰਡ ਫਤਿਹਗੜ੍ਹ ਨਿਆੜਾ ਵਿਖੇ ਵਿਧਾਇਕ ਡਾ. ਰਵਜੋਤ ਦੀ ਅਗਵਾਈ ਹੇਠ ਡਾ. ਰਾਜ ਕੁਮਾਰ ਦੇ ਹੱਕ ਵਿਚ ਮੀਟਿੰਗ ਕੀਤੀ ਗਈ। ਇਸ ਮੌਕੇ ਡਾ. ਰਾਜ ਨੇ ਕਿਹਾ ਕਿ ਲੋਕ ਸਭਾ ਹਲਕਾ ਹੁਸ਼ਿਆਰਪੁਰ ਦਾ ਵਿਕਾਸ ਕਰਨਾ ਅਤੇ ਨਵੇਂ ਪ੍ਰੋਜੈਕਟ ਲਿਆਉਣਾ ਉਨ੍ਹਾਂ ਦੀ ਪਹਿਲ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਹਲਕੇ ਦੀ ਭੂਗੋਲਿਕ ਸਥਿਤੀ ਦੇ ਹਿਸਾਬ ਨਾਲ ਸਮੱਸਿਆਵਾਂ ਤੋਂ ਭਲੀ-ਭਾਂਤ ਜਾਣੂ ਹਨ ਅਤੇ ਇਨ੍ਹਾਂ ਦੇ ਹੱਲ ਲਈ ਪੂਰੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਲਕਾ ਸਾਮ ਚੌਰਾਸੀ ਨਿਵਾਸੀਆਂ ਵੱਲੋਂ ਦਿੱਤੇ ਸਹਿਯੋਗ ਅਤੇ ਪਿਆਰ ਦਾ ਕਰਜਾ ਉਹ ਇਲਾਕੇ ਦਾ ਵਿਕਾਸ ਕਰਵਾ ਕੇ ਚੁਕਾਉਣ ਦੀ ਕੋਸ਼ਿਸ਼ ਕਰਨਗੇ। ਇਸ ਦੌਰਾਨ ਡਾ. ਰਵਜੋਤ ਨੇ ਹਲਕੇ ਦੇ ਲੋਕਾਂ ਦੀ ਤਰਫੋਂ ਡਾ. ਰਾਜ ਨੂੰ ਭਰੋਸਾ ਦਿਵਾਇਆ ਕਿ ਪਾਰਟੀ ਨੇ ਉਨ੍ਹਾਂ ਨੂੰ ਚੋਣ ਮੈਦਾਨ ਵਿੱਚ ਉਤਾਰ ਕੇ ਪਾਰਟੀ ਅਤੇ ਹਲਕੇ ਦੇ ਹਿੱਤ ਵਿੱਚ ਫੈਸਲਾ ਲਿਆ ਹੈ, ਜਿਸ ਦੇ ਚੱਲਦਿਆਂ ਉਨ੍ਹਾਂ ਨੂੰ ਹਲਕੇ ਵਿੱਚ ਵੱਡੀ ਲੀਡ ਜਤਾਈ ਜਾਵੇਗੀ। ਇਸ ਦੌਰਾਨ ਪਿੰਡ ਵਾਸੀਆਂ ਨੇ ਵੀ ਡਾ. ਰਾਜ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸਕੱਤਰ ਵਿਕਰਮ, ਡਾ. ਕਮਲਜੀਤ ਸਿੰਘ, ਪ੍ਰਧਾਨ ਹਰਬਿਲਾਸ ਸਿੰਘ ਤੇ ਹੋਰ ਪਤਵੰਤੇ ਹਾਜਰ ਸਨ।



# ਸੀ ਪੀ ਆਈ ਖਡੂਰ ਸਾਹਿਬ ਪਾਰਲੀਮੈਂਟ ਸੀਟ ਲੜੇਗੀ : ਆਗੂ

ਤਰਨ ਤਾਰਨ-ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਤੇ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਸੂਬਾ ਪਾਰਟੀ ਦੇ ਫੈਸਲੇ ਅਨੁਸਾਰ ਸੀ ਪੀ ਆਈ ਖਡੂਰ ਸਾਹਿਬ ਪਾਰਲੀਮੈਂਟ ਸੀਟ ਲੜੇਗੀ। ਇੱਕ ਦੋ ਦਿਨ ਵਿੱਚ ਉਮੀਦਵਾਰ ਦਾ ਐਲਾਨ ਹੋ ਜਾਵੇਗਾ। ਪਾਰਟੀ ਦੀ ਕੋਸ਼ਿਸ਼ ਹੋਵੇਗੀ ਕਿ ਦੂਜੀਆਂ ਖੱਬੀਆਂ ਪਾਰਟੀਆਂ ਵੀ ਸੀ ਪੀ ਆਈ ਦੀ ਮਦਦ ਕਰਨ। ਸੀ ਪੀ ਆਈ ਦਾ ਚੋਣ ਮੈਨੀਫੈਸਟੋ ਦਿੱਲੀ ਹੈਡਕੁਆਰਟਰ ਤੋਂ ਰਲੀਜ਼ ਹੋ ਚੁੱਕਾ ਹੈ, ਜਿਸ ਅਨੁਸਾਰ ਸਰਕਾਰ ਬਣਨ ਉਪਰੰਤ ਹਰੇਕ ਬੇਰੁਜ਼ਗਾਰ ਵਿਅਕਤੀ ਨੂੰ ਰੁਜ਼ਗਾਰ, ਹਰੇਕ ਬੱਚੇ ਨੂੰ 10+2 ਤੱਕ ਮੁਫਤ ਤੇ ਲਾਜ਼ਮੀ ਵਿੱਦਿਆ, ਹਰੇਕ ਗਰੀਬ ਨੂੰ ਘਰ ਅਤੇ ਮੁਫਤ ਮੈਡੀਕਲ ਸਹੂਲਤ ਦੇਣ ਨੂੰ ਪਹਿਲ ਦਿੱਤੀ ਜਾਵੇਗੀ। ਉਕਤ ਮਨੁੱਖ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਦੇ ਨਾਲ ਹਰੇਕ ਫਸਲ 'ਤੇ ਐਮ ਐਸ ਪੀ ਦੀ ਗਾਰੰਟੀ ਹੋਵੇਗੀ। ਇਸ ਤੋਂ ਇਲਾਵਾ ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਾਂ ਵਿੱਚ ਵਾਧਾ ਤੇ ਹਰੇਕ ਮਹੀਨੇ ਮਿਲਣੀਆਂ ਯਕੀਨੀ ਬਣਾਈਆਂ ਜਾਣਗੀਆਂ। ਨਰੇਗਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ 1000 ਰੁਪਏ ਦਿੱਤੀ ਜਾਵੇਗੀ। ਸੀ ਪੀ ਆਈ ਉਕਤ ਕਾਰਜਾਂ ਦੀ ਪੂਰਤੀ ਲਈ ਚੋਣ ਲੜੇਗੀ। ਆਗੂਆਂ ਵੱਲੋਂ ਸਮੂਹ ਵਾਸੀਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਸੀ ਪੀ ਆਈ ਦੇ ਉਮੀਦਵਾਰ ਨੂੰ ਵੋਟ ਪਾ ਕੇ ਜਿਤਾਉਣ।



# ਹਥਿਆਰਾਂ ਸਮੇਤ ਇੱਕ ਕਾਬੂ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**- ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਬੁਤਾਲਾ ਪੁਲਸ ਵੱਲੋਂ ਇਕ ਪਿਸਟਲ 32 ਬੋਰ ਮੈਗਜ਼ੀਨ ਸਮੇਤ ਦੋਸ਼ੀ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਸਵਿੰਦਰਪਾਲ ਸਿੰਘ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਬੂਟਾ ਸਿੰਘ ਸਾਥੀ ਕਰਮਚਾਰੀਆਂ ਜਗਪ੍ਰੀਤ ਸਿੰਘ, ਕਸ਼ਮੀਰ ਸਿੰਘ ਨਾਲ ਬੁਤਾਲਾ-ਗੱਗੜਭਾਣਾ ਸੜਕ 'ਤੇ ਗਸ਼ਤ ਕਰ ਰਹੇ ਸੀ, ਤਾਂ ਇਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ। ਜਦ ਪੁਲਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਉਸਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸਦੀ ਖੱਬੀ ਡੱਬ 'ਚੋਂ ਇਕ ਪਿਸਟਲ 32 ਬੋਰ ਸਮੇਤ ਮੈਗਜ਼ੀਨ ਬਰਾਮਦ ਹੋਇਆ ।ਦੋਸ਼ੀ ਦੀ ਪਹਿਚਾਣ ਹਰਮਨਪ੍ਰੀਤ ਸਿੰਘ ਉਰਫ ਹੰਮਾ ਪੁੱਤਰ ਹਰਜਿੰਦਰ ਸਿੰਘ ਵਾਸੀ ਕੰਮੋਕੇ, ਥਾਣਾ ਬਿਆਸ ਵਜੋਂ ਹੋਈ ਹੈ।ਦੋਸ਼ੀ ਖਿਲਾਫ ਥਾਣਾ ਬਿਆਸ ਵਿਖੇ ਮੁਕੱਦਮਾ ਨੰਬਰ 70, ਧਾਰਾ 25/54/59 ਅਸਲਾ ਐਕਟ ਅਧੀਨ ਕੇਸ ਦਰਜ ਕਰਕੇ ਮਾਣਯੋਗ ਐੱਸਡੀਜੇਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ।



# ਅੱਖਾਂ ਦੇ ਅੰਨ੍ਹੇਪਨ ਸੰਬੰਧੀ ਬਲਾਕ ਟਾਂਡਾ 'ਚ ਸਰਵੇ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**

ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਡੁਮਾਣਾ ਦੇ ਦਿਸ਼ਾ ਨਿਰਦੇਸਾਂ ਅਤੇ ਡਾ: ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਦੀ ਯੋਗ ਅਗਵਾਈ ਹੇਠ ਅੱਖਾਂ ਦੇ ਅੰਨੇਪਨ ਸੰਬੰਧੀ ਪੂਰੇ ਬਲਾਕ ਟਾਂਡਾ ਦਾ ਸਰਵੇ ਕਰਵਾਇਆ ਗਿਆ ਤੇ 13 ਮਰੀਜ ਪਾਏ ਗਏ । ਜਿਸ ਵਿੱਚ ਕੋਰਨੀਆਂ ਦੇ ਕਾਰਨ ਅੰਨ੍ਹੇਪਨ ਦੇ ਸ਼ਿਕਾਰ ਦੋ ਮਰੀਜ ਪਾਏ ਗਏ। ਡਾ: ਕਰਨ ਕੁਮਾਰ ਸੈਣੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰੋਟਰੀ ਕਲੱਬ ਹੁਸ਼ਿਆਰਪੁਰ ਵੱਲੋਂ ਗਿਫਟ ਔਫ ਸਾਈਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜੋ ਕਿ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਇਹਨਾਂ ਮਰੀਜਾਂ ਦਾ ਕੋਰਨੀਆ ਟ੍ਰਾਂਸਪਲਾਂਟ ਕਰਵਾਈਆਂ ਜਾਣਗੀਆਂ। ਉਹਨਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰੋਜੈਕਟ ਲੋਕਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਲਿਆਉਣ ਲਈ ਅਹਿਮ ਭੂਮਿਕਾ ਨਿਭਾਅ ਰਿਹਾ ਹੈ । ਉਹਨਾਂ ਦੱਸਿਆ ਕਿ ਇਹਨਾਂ ਮਰੀਜਾਂ ਦੇ ਲਿਸਟ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਭਾਈ ਵਰਿੰਦਰ ਸਿੰਘ ਮਸੀਤੀ ਨੂੰ ਸੌਂਪ ਦਿੱਤੀ ਗਈ ਹੈ। ਉਹਨਾਂ ਨੇ ਇਹਨਾਂ ਦੋਨਾਂ ਸੰਸਥਾਵਾਂ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਮਨੁੱਖਤਾ ਦੇ ਭਲੇ ਲਈ ਉਹਨਾਂ ਨੂੰ ਆਪਣੇ ਨਾਲ ਕੰਮ ਕਰਨ ਦਾ ਮੌਕਾ ਦਿੱਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਪਰਮਿੰਦਰ ਕੌਰ ਅੱਖਾਂ ਦੇ ਮਾਹਿਰ ,ਜਸਵਿੰਦਰ ਸਿੰਘ, ਅਪਥਾਲਮਿਕ ਅਫਸਰ ਅਵਤਾਰ ਸਿੰਘ, ਕੁਲਵੀਰ ਸਿੰਘ, ਰੰਜੀਵਪਾਲ ਸਿੰਘ, ਜਤਿੰਦਰ ਸਿੰਘ, ਗੁਰਜੀਤ ਸਿੰਘ, ਚੇਅਰਮੈਨ ਰੋਟੇਰੀਅਨ ਮਨੋਜ ਓਹਰੀ,ਰੋਟੇਰੀਅਨ ਜਗਮੀਤ ਸਿੰਘ ਸੇਠੀ ਆਦਿ ਮੌਜੂਦ ਸਨ।

# ਕਹਾਣੀਕਾਰ ਮੁਖ਼ਤਾਰ ਗਿੱਲ ਨੂੰ ਮਾਤਾ ਤੇਜ ਕੌਰ ਯਾਦਗਾਰੀ ਪੁਰਸਕਾਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਦੇਸ਼ ਵਿਦੇਸ਼ ਦੇ ਲੇਖਕਾਂ ਦੀ ਇਬਾਦਤਗਾਹ, ਗੁਰਬਖ਼ਸ਼ ਸਿੰਘ ਦੀ ਸੁਪਨ ਨਗਰੀ ਪ੍ਰੀਤ ਨਗਰ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਕਥਾਕਾਰ ਮੁਖ਼ਤਾਰ ਗਿੱਲ ਨੂੰ ਲੋਕ ਰੰਗ ਸਾਹਿਤ ਸਭਾ ਬਰਨਾਲਾ ਵੱਲੋਂ ਅੱਠਵਾਂ ਮਾਤਾ ਤੇਜ ਕੌਰ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਹਰ ਸਾਲ ਕਿਸੇ ਸਾਹਿਤ ਨੂੰ ਸਮਰਪਤ ਲੇਖਕ ਨੂੰ ਦਿੱਤੇ ਜਾਣ ਵਾਲੇ ਇਸ ਪੁਰਸਕਾਰ ਵਿਚ ਸਨਮਾਨ ਪੱਤਰ, ਲੋਈ ਅਤੇ ਨਕਦ ਰਾਸ਼ੀ ਸ਼ਾਮਲ ਹੁੰਦੀ ਹੈ। ਸਮੁੱਚੇ ਸਮਾਗਮ ਦੀ ਪ੍ਰਧਾਨਗੀ ਹਿਰਦੇਪਾਲ ਸਿੰਘ, ਬੀਬਾ ਬਲਵੰਤ, ਭੋਲਾ ਸਿੰਘ ਸੰਘੇੜਾ ਨੇ ਕੀਤੀ। ਮੰਚ ਸੰਚਾਲਨ ਸ਼ਾਇਰ ਤਰਸੇਮ ਬਰਨਾਲਾ ਨੇ ਕੀਤਾ। ਹਿਰਦੇਪਾਲ ਸਿੰਘ ਨੇ ਮੁਖਤਾਰ ਗਿੱਲ ਦੀ ਸਾਹਿਤ ਪ੍ਰਤੀ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਉਸ ਦਾ ਸਮਾਜ ਤੇ ਸਮੁੱਚੀ ਮਾਨਵਤਾ ਪ੍ਰਤੀ ਸੰਵੇਦਨਸ਼ੀਲਤਾ ਦਾ ਜ਼ਿਕਰ ਕੀਤਾ। ਸ਼ਾਇਰ ਕਲਾਕਾਰ ਬੀਬਾ ਬਲਵੰਤ ਨੇ ਮੁਖਤਾਰ ਗਿੱਲ ਨਾਲ ਆਪਣੀ 34 ਸਾਲ ਲੰਮੀ ਦੋਸਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਦੋਵਾਂ ਨੇ ਇਕੋ ਉਮਰ ਵਿਚ ਸਾਹਿਤਕ ਸਫਰ ਦਾ ਆਗਾਜ਼ ਕੀਤਾ ਸੀ। ਉਨ੍ਹਾਂ ਕਿਹਾ, ਸਾਡੀ ਪੰਜ ਦਹਾਕੇ ਲੰਮੀ ਦੋਸਤੀ ਦਾ ਰਾਜ਼ ਕਿਸੇ ਵੀ ਕਿਸਮ ਦੇ ਸਵਾਰਥ ਤੋਂ ਦੂਰ ਰਹਿ ਕੇ ਵਿਚਰਨਾ ਹੈ। ਅਸੀਂ ਸਰਕਾਰੀ ਇਨਾਮਾਂ ਸਨਮਾਨਾਂ ਤੋਂ ਦੂਰ ਹੀ ਰਹਿਣ ਵਾਲੇ ਹਾਂ। ਸ਼ਾਇਰ ਜਗਤਾਰ ਗਿੱਲ ਨੇ ਮੁਖਤਾਰ ਗਿੱਲ ਪਰਵਾਰ ਨਾਲ ਆਪਣੇ ਪਰਵਾਰਕ ਰਿਸ਼ਤੇ ਦਾ ਜ਼ਿਕਰ ਕਰਦਿਆਂ ਕਿ ਮੁਖਤਾਰ ਗਿੱਲ ਮੈਨੂੰ ਹੋਰ ਚੰਗਾ ਲਿਖਣ ਲਈ ਪ੍ਰੇਰਤ ਕਰਦੇ ਰਹਿੰਦੇ ਹਨ। ਕਵੀ ਆਲੋਚਕ ਜਤਿੰਦਰ ਔਲਖ ਨੇ ਕਿਹਾ ਕਿ ਜੇ ਕਦੀ ਰਾਵੀ ਨਦੀ ਤੇ ਬਰਸਾਤੀ ਸੱਕੀ ਨਾਲੇ ਵਿਚਾਲੇ ਇਕ ਖਾਸ ਬਰਾਦਰੀ ਦਾ ਇਤਿਹਾਸ ਲਿਖਣਾ ਪਿਆ ਤਾਂ ਮੁਖਤਾਰ ਗਿੱਲ ਦੀ ਕਹਾਣੀਆਂ ਅਹਿਮ ਦਸਤਾਵੇਜ਼ ਬਣਨਗੀਆਂ। ਕਹਾਣੀਕਾਰ ਆਲੋਚਕ ਜਸਬੀਰ ਕਲਸੀ, ਕਥਾਕਾਰ ਭੋਲਾ ਸਿੰਘ ਸੰਘੇੜਾ, ਤਰਸੇਮ, ਪਰਮਜੀਤ ਮਾਨ, ਡਾ. ਹਰਭਗਵਾਨ ਆਦਿ ਨੇ ਮੁਖਤਾਰ ਗਿੱਲ ਦੀਆਂ ਕਹਾਣੀਆਂ ਨੂੰ ਦੱਬੇ ਕੁਚਲੇ, ਛੋਟੇ ਕਿਸਾਨ, ਖੇਤ ਮਜ਼ਦੂਰਾਂ ਦੇ ਜੀਵਨ ਦੀਆਂ ਲੋੜਾਂ, ਥੁੜਾਂ ਅਤੇ ਦੁਸ਼ਵਾਰੀਆਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ। ਸਮਾਗਮ ਵਿਚ ਅੱਖਰ ਦੇ ਸੰਪਾਦਕ ਸ਼ਾਇਰ ਵਿਸ਼ਾਲ,ਗੁਰਚਰਨ ਸੱਗੂ ਵੀ ਸ਼ਾਮਲ ਸਨ। ਇਸ ਮੌਕੇ ਅੱਖਰ ਦਾ ਨਵਾਂ ਅੰਕ ਰਿਲੀਜ਼ ਕੀਤਾ ਗਿਆ।

## ਈਵੀ ਚਾਰਜਿੰਗ ਨੈੱਟਵਰਕ ਵੱਲੋਂ 10 ਕਰੋੜ ਗ੍ਰੀਨ ਕਿਲੋਮੀਟਰ ਦਾ ਮੀਲ ਪੱਥਰ ਪਾਰ

**ਚੰਡੀਗੜ੍ਹ** : ਭਾਰਤ ਦੀਆਂ ਸਭ ਤੋਂ ਵੱਡੀਆਂ ਏਕੀਕ੍ਰਿਤ ਪਾਵਰ ਕੰਪਨੀਆਂ ਵਿੱਚੋਂ ਇੱਕ ਅਤੇ ਇਲੈਕਟ੍ਰਿਕ ਵਾਹਨ ਚਾਰਜਿੰਗ ਸਲਿਊਸ਼ਨ ਪ੍ਰਦਾਨ ਕਰਨ ਵਾਲੀ, ਟਾਟਾ ਪਾਵਰ ਹੁਣ ਪਹਿਲੀ ਈਵੀ ਚਾਰਜਿੰਗ ਹੱਲ ਪ੍ਰਦਾਤਾ ਬਣ ਗਈ ਹੈ, ਜਿਸਨੇ ਪੂਰੇ ਭਾਰਤ ਵਿੱਚ ਜਨਤਕ, ਅਰਧ-ਜਨਤਕ, ਬੱਸ/ਫਲੀਟ ਅਤੇ ਹੋਮ ਚਾਰਜਰ ਸੈਗਮੈਂਟਾਂ ਵਿੱਚ 10 ਕਰੋੜ (100 ਮਿਲੀਅਨ) ਗ੍ਰੀਨ ਕਿਲੋਮੀਟਰ ਨੂੰ ਪਾਵਰ ਪਹੁੰਚਾਉਣ ਦੇ ਮੀਲ ਪੱਥਰ ਨੂੰ ਪਾਰ ਕਰ ਲਿਆ ਹੈ।ਇਹ ਉਪਲੱਬਧੀ ਦੇਸ਼ ਭਰ ਵਿੱਚ ਟਿਕਾਊ ਮੋਬਿਲਿਟੀ ਸਲਿਊਸ਼ਨਜ਼ ਨੂੰ ਬੜ੍ਹਾਵਾ ਦੇਣ ਵਿੱਚ ਟਾਟਾ ਪਾਵਰ ਦੀ ਅਹਿਮ ਭੂਮਿਕਾ ਨੂੰ ਦਰਸਾਉਂਦੀ ਹੈ।ਸਾਲ 2030 ਤੱਕ ਦੇਸ਼ ਵਿੱਚ ਸਾਰੇ ਵਾਹਨਾਂ ਦੀ ਕੁੱਲ ਵਿਕਰੀ ਦਾ 30 ਪ੍ਰਤੀਸ਼ਤ ਇਲੈਕਟ੍ਰਿਕ ਹੋਵੇ, ਇਸ ਟੀਚੇ ਨੂੰ ਲੈ ਕੇ ਟਿਕਾਊ ਆਵਾਜਾਈ ਦੇ ਦ੍ਰਿਸ਼ਟੀਕੋਣ ਨੂੰ ਅਪਣਾਇਆ ਹੈ ਅਤੇ ਈ-ਮੋਬਿਲਟੀ ਨੂੰ ਉਤਸ਼ਾਹਿਤ ਕਰਨ ਲਈ ਫੇਮ ਅਤੇ ਨੈਸ਼ਨਲ ਇਲੈਕਟ੍ਰਿਕ ਮੋਬਿਲਟੀ ਮਿਸ਼ਨ ਵਰਗੀਆਂ ਸਕੀਮਾਂ ਰਾਹੀਂ ਉਪਰਾਲੇ ਕੀਤੇ ਗਏ ਹਨ ।

# ਤਰਨ ਤਾਰਨ 'ਚ ਤਨਵੀਨ ਸਕੈਨ ਐਂਡ ਡਾਇਗਨੌਸਟਿਕ ਸੈਂਟਰ ਸਥਾਪਤ



**ਭਿੱਖੀਵਿੰਡ/ਖਾਲੜਾ(ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**

ਸ਼ਹਿਰ ਵਾਸੀਆਂ ਨੂੰ ਸਸਤੇ ਸਕੈਨ ਤੇ ਲੈਬ ਟੈਸਟ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਡਾ. ਤਨਵੀਨ ਕੌਰ (ਐਮ ਬੀ ਬੀ ਐਸ,ਐੱਮ ਡੀ ਰੇਡੀਓਡਾਇਗਨੌਸਿਸ) ਵੱਲੋਂ ਤਰਨ ਤਾਰਨ ਵਿੱਚ ਤਨਵੀਨ ਸਕੈਨ ਐਂਡ ਡਾਇਗਨੌਸਟਿਕ ਸੈਂਟਰ ਸਥਾਪਤ ਕੀਤਾ ਗਿਆ ਹੈ। ਸੈਂਟਰ ਦੇ ਉਦਘਾਟਨ ਮੌਕੇ ਡਾ. ਤਨਵੀਨ ਕੌਰ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੇ ਵਾਹਿਗੁਰੂ ਦਾ ਆਸ਼ੀਰਵਾਦ ਲਿਆ ਗਿਆ। ਤਨਵੀਨ ਸਕੈਨ ਐਂਡ ਡਾਇਗਨੌਸਟਿਕ ਸੈਂਟਰ ਅੰਮ੍ਰਿਤਸਰ ਰੋਡ 'ਤੇ ਰੈਡ ਟੇਪ ਸ਼ੋਅਰੂਮ ਨਜ਼ਦੀਕ ਸਥਿਤ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਤਨਵੀਨ ਕੌਰ ਨੇ ਦੱਸਿਆ ਕਿ ਤਰਨ ਤਾਰਨ ਸ਼ਹਿਰ ਵਿੱਚ ਸਸਤੇ ਰੇਟਾਂ 'ਤੇ ਟੈਸਟ ਕਰਨ ਵਾਲੇ ਸਕੈਨ ਐਂਡ ਡਾਇਗਨੌਸਟਿਕ ਸੈਂਟਰ ਦੀ ਲੋੜ ਸੀ, ਜਿਸ ਨੂੰ ਉਨ੍ਹਾਂ ਨੇ ਅੱਜ ਪੂਰਾ ਕਰ ਦਿੱਤਾ ਹੈ। ਡਾਕਟਰ ਤਨਵੀਨ ਨੇ ਦੱਸਿਆ ਕਿ ਉਨ੍ਹਾਂ ਦੇ ਸਕੈਨ ਸੈਂਟਰ 'ਤੇ ਕਲਰ ਡੌਪਲਰ, ਐਨਟੀ ਸਕੈਨ, ਪੇਟ ਦੇ ਸਕੈਨ, ਗਰਭਵਤੀ ਔਰਤਾਂ ਦੇ ਹਰ ਤਰ੍ਹਾਂ ਦੇ ਸਕੈਨ ਕੀਤੇ ਜਾਣਗੇ। ਇਸ ਤੋਂ ਇਲਾਵਾ ਮੈਕਸ ਹਸਪਤਾਲ ਵੱਲੋਂ ਮਨਜ਼ੂਰਸੁਦਾ ਡਾਇਗਨੌਸਟਿਕ ਲੈਬ 'ਚ ਸਾਰੇ ਸਰੀਰਕ ਟੈਸਟ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਾਰੇ ਟੈਸਟ ਲੋਕਾਂ ਨੂੰ ਸਸਤੇ ਰੇਟਾਂ 'ਤੇ ਮੁਹੱਈਆ ਕਰਵਾਏ ਜਾਣਗੇ। ਇਸ ਮੌਕੇ ਸੇਵਾਮੁਕਤ ਪ੍ਰਿੰਸੀਪਲ ਸਤਵਿੰਦਰ ਸਿੰਘ ਪੰਨੂ ਨੇ ਕਿਹਾ ਉਨ੍ਹਾਂ ਦੀ ਹੋਣਹਾਰ ਬੇਟੀ ਤਨਵੀਨ ਕੌਰ ਇੱਕ ਤਜਰਬੇਕਾਰ ਡਾਕਟਰ ਹੈ। ਪੰਨੂ ਨੇ ਕਿਹਾ ਕਿ ਤਰਨ ਤਾਰਨ 'ਚ ਤਨਵੀਨ ਸਕੈਨ ਐਂਡ ਡਾਇਗਨੌਸਟਿਕ ਸੈਂਟਰ ਖੋਲ੍ਹਣ ਦਾ ਮਕਸਦ ਲੋਕਾਂ ਦੀ ਸੇਵਾ ਕਰਨਾ ਹੈ। ਇਸ ਮੌਕੇ ਸਿਮਰਨ ਹਸਪਤਾਲ ਭਿੱਖੀਵਿੰਡ ਦੇ ਮੈਨੇਜਿੰਗ ਡਾਇਰੈਕਟਰ ਗੁਰਮੇਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਵਾਰ ਦੇ ਸਾਰੇ ਮੈਂਬਰ ਡਾਕਟਰ ਹਨ ਤੇ ਉਹ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਦੀ ਸੇਵਾ ਕਰਦੇ ਆ ਰਹੇ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਰਨ ਤਾਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਉਨ੍ਹਾਂ ਦੇ ਸ਼ਹਿਰ 'ਚ ਅਜਿਹੇ ਚੰਗੇ ਸਕੈਨ ਤੇ ਡਾਇਗਨੌਸਟਿਕ ਸੈਂਟਰ ਦੀ ਲੋੜ ਸੀ। ਵਿਧਾਇਕ ਸੋਹਲ ਨੇ ਕਿਹਾ ਕਿ ਉਹ ਡਾਕਟਰ ਤਨਵੀਨ ਕੌਰ ਤੇ ਉਨ੍ਹਾਂ ਦੇ ਪਰਵਾਰ ਨੂੰ ਸ਼ੁੱਭਕਾਮਨਾਵਾਂ ਭੇਟ ਕਰਦੇ ਹਨ।

# ਕੁੱਟਮਾਰ ਦੇ ਦੋਸ਼ਾਂ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਕੁੱਟਮਾਰ ਦੇ ਦੋਸ਼ਾਂ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਲੇਖ ਰਾਜ ਪੁੱਤਰ ਹਜ਼ਾਰਾ ਮੱਲ ਵਾਸੀ ਜਾਫਰਪੁਰ ਨੇ ਸਦਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਮੇਰੇ ਭਰਾ ਦੇ ਲੜਕੇ ਦੀਪਕ ਕੁਮਾਰ ਪੁੱਤਰ ਦੇਵ ਰਾਜ ਪਿੰਡ ਗਾਦੜੀਆ ਦਾ ਵਿਆਹ 2023 ਵਿਚ ਰਮੇਸ਼ ਸਿੰਘ ਦੀ ਲੜਕੀ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਦੋਵਾਂ ਦੀ ਆਪਸ ਵਿਚ ਨਹੀਂ ਸੀ ਬਣਦੀ ਅਤੇ ਅਕਸਰ ਹੀ ਝਗੜਾ ਚਲਦਾ ਰਹਿੰਦਾ ਸੀ। 6 ਅਪ੍ਰੈਲ 2024 ਨੂੰ ਲੜਕੀ ਦੇ ਭਰਾਵਾਂ ਗੁਰਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ ਅਤੇ ਪਿਤਾ ਰਮੇਸ਼ ਸਿੰਘ ਨੇ ਮੇਰੇ ਭਤੀਜੇ ਉਤੇ ਘਰ ਅੰਦਰ ਦਾਖਲ ਹੋ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਜਦੋਂ ਮੈਂ ਭਤੀਜੇ ਦੀਪਕ ਨੂੰ ਛੁਡਾਉਣ ਲਈ ਗਿਆ ਤਾਂ ਦੋਸ਼ੀਆਂ ਨੇ ਮੈਨੂੰ ਵੀ ਕੁੱਟਮਾਰ ਕਰਕੇ ਜ਼ਖ਼ਮੀ ਕਰ ਦਿੱਤਾ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫ਼ਰਾਰ ਹੋ ਗਏ। ਏ.ਐਸ.ਆਈ. ਤਿਲਕ ਰਾਜ ਨੇ ਸਾਰੇ ਕੇਸ ਦੀ ਜਾਂਚ ਕਰਨ ਤੋਂ ਬਾਅਦ ਗੁਰਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ ਅਤੇ ਰਮੇਸ਼ ਸਿੰਘ ਵਾਸੀ ਗਾਦੜੀਆਂ ਥਾਣਾ ਦੀਨਾਨਗਰ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਜਦੋਂ ਕਿ ਪੁਲਸ ਅਜੇ ਤੀਕ ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕਰ ਸਕੀ।

# ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਨੇ ਗੰਨੇ ਦੀ ਬਕਾਇਆ ਰਾਸ਼ੀ ਲਈ ਦਿੱਤਾ ਯਾਦ ਪੱਤਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਕਿਸਾਨਾਂ ਵੱਲੋਂ ਬਹੁਤ ਮਿਹਨਤ ਕਰਨ ਤੋਂ ਬਾਅਦ ਆਪਣੀ ਗੰਨੇ ਦੀ ਫਸਲ ਤਿਆਰ ਕੀਤੀ ਜਾਂਦੀ ਹੈ ਜਿਸ ਦੀ ਸਰਕਾਰ ਵੱਲੋਂ 391 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਹੋਣੀ ਤੈਅ ਹੋਈ ਸੀ, ਜਿਸ ਵਿੱਚੋਂ ਮਿੱਲ ਮਾਲਕਾਂ ਵੱਲੋਂ 335 ਰੁਪਏ 50 ਪੈਸੇ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਅਦਾਇਗੀ ਹੋ ਚੁੱਕੀ ਪਰ ਸਰਕਾਰ ਵੱਲੋਂ ਆਪਣੇ ਹਿੱਸੇ ਦੀ 55 ਰੁਪਏ 50 ਪੈਸੇ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਅਜੇ ਤੱਕਰ ਨਹੀਂ ਪਾਏ ਗਏ। ਜਿਸ ਦੀ ਅਦਾਇਗੀ ਲਈ ਇੱਕ ਮੰਗ ਪੱਤਰ ਜ਼ਿਲ੍ਹਾ ਡਿਪਟੀ ਕਮਿਸ਼ਨਰ ਦੀ ਗੈਰ ਹਾਜਰੀ ਵਿੱਚ ਜ਼ਿਲ੍ਹਾ ਡੀ ਆਰ ਓ ਆਫਿਸਰ ਅਰਵਿੰਦ ਕੁਮਾਰ ਸਰਮਾ ਨੂੰ ਆਜਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਲਾਲੀ ਦੀ ਅਗਵਾਈ ਹੇਠ ਦਿੱਤਾ ਗਿਆ ।ਇਸ ਸਮੇਂ ਕਿਸਾਨ ਆਗੂ ਹਰਪ੍ਰੀਤ ਸਿੰਘ ਲਾਲੀ ਗੁਰਦੀਪ ਸਿੰਘ ਖੁਣ ਖੁਣ ਰਣਧੀਰ ਸਿੰਘ ਅਸਲਪੁਰ ਨੇ ਸਾਂਝੇ ਤੌਰ ਤੇ ਕਿਹਾ ਕਿ ਗੰਨੇ ਦੀ ਫਸਲ ਨੂੰ ਤਿਆਰ ਕਰਨ ਵਿੱਚ ਕਿਸਾਨਾਂ ਦਾ ਬਹੁਤ ਖਰਚਾ ਆ ਜਾਂਦਾ ਹੈ। ਸਰਕਾਰ ਵੱਲੋਂ ਆਪਣੇ ਹਿੱਸੇ ਦੀ ਅਦਾਇਗੀ ਨਾ ਹੋਣ ਕਾਰਨ ਫਸਲ ਨੂੰ ਤਿਆਰ ਕਰਨ ਸਮੇਂ ਹੋਏ ਖਰਚਿਆਂ ਦੀ ਅਦਾਇਗੀ ਕਰਨ ਲਈ ਕਿਸਾਨਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਨੂੰ ਬਹੁਤ ਨੁਕਸਾਨ ਝੱਲਣਾ ਪੈ ਰਿਹਾ ਹੈ। ਸਰਕਾਰ ਵੱਲੋਂ ਤੁਰੰਤ ਉਹਨਾਂ ਦੇ ਖਾਤਿਆਂ ਵਿੱਚ ਅਦਾਇਗੀ ਕਰਨੀ ਚਾਹੀਦੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਲੋਕ ਸਭਾ ਚੋਣਾਂ ਵਿੱਚ ਉਹਨਾਂ ਦਾ ਸਖਤੀ ਨਾਲ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਮਨਜੀਤ ਸਿੰਘ ਲੰਬੜਦਾਰ, ਬਲਦੇਵ ਸਿੰਘ ਅਸਲਪੁਰ, ਗੁਰਨਾਮ ਸਿੰਘ ਸਿੰਗੜੀਵਾਲਾ, ਸੁਖਦੇਵ ਸਿੰਘ ਕਾਹਰੀ,ਜਸਪਾਲ ਸਿੰਘ ਰਾਜਾ, ਜਗਤ ਸਿੰਘ ਲੰਬੜਦਾਰ, ਕੁਲਵੰਤ ਸਿੰਘ ਪਟਵਾਰੀ ਆਦਿ ਹਾਜਰ ਸਨ।




# ਸ਼ਿਵ ਮੰਦਰ ਪਾਰਕ 'ਚ ਕੇਕ ਕੱਟ ਕੇ ਮਨਾਇਆ ਸ੍ਰੀ ਰਾਮ ਦਾ ਜਨਮ ਦਿਨ

**ਕਲਾਨੌਰ, (ਮਨਦੀਪ ਕੋਹਲੀ)**

ਸ੍ਰੀ ਰਾਮ ਨੌਮੀ ਦਾ ਤਿਉਹਾਰ ਪੂਰੇ ਦੇਸ਼ ਵਿੱਚ ਬੜੀ ਸ਼ਰਧਾ ਭਾਵਨਾ ਅਤੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਇਸੇ ਪ੍ਰਕਾਰ ਕਲਾਨੌਰ ਸ਼ਿਵ ਮੰਦਰ ਪਾਰਕ ਵਿੱਚ ਸ਼ਿਵ ਜੀ ਮਹਾਰਾਜ ਸ਼ਿਵਾਲਾ ਪ੍ਰਬੰਧਕ ਕਮੇਟੀ ਅਤੇ ਸੂਰਜਵੰਸ਼ੀ ਰਾਮ ਨਾਟਕ ਕਲੱਬ ਦੇ ਪ੍ਰਧਾਨ ਅਮਰਜੀਤ ਖੁੱਲਰ ਦੀ ਅਗਵਾਈ ਵਿੱਚ ਸ੍ਰੀ ਰਾਮ ਨੌਮੀ ਦਾ ਤਿਉਹਾਰ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸੁੰਦਰ ਕਾਂਡ ਦਾ ਪਾਠ ਕੀਤਾ ਗਿਆ, ਹਨੂੰਮਾਨ ਚਾਲੀਸਾ ਪੜ੍ਹਿਆ ਗਿਆ। ਬਾਵਾ ਲਾਲ ਭਜਨ ਮੰਡਲੀ ਵੱਲੋਂ ਸ੍ਰੀ ਰਾਮ ਜੀ ਦੇ ਭਜਨਾਂ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਅਮਰਜੀਤ ਖੁੱਲਰ ਦੀ ਅਗਵਾਈ ਵਿੱਚ ਆਏ ਸਾਰੇ ਰਾਮ ਭਗਤਾਂ ਨੇ ਪ੍ਰਣ ਲਿਆ ਕੇ ਆਉਂਦੀ ਰਾਮ ਨੌਮੀ ਤੇ ਕਲਾਨੌਰ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਵੀ ਕੱਢੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਜੀਤ ਖੁੱਲਰ, ਸੁਰਿੰਦਰ ਵਰਮਾ, ਗੁਰਬਖਸ਼ ਵੋਹਰਾ, ਵਿਜੇ ਸਿਆਲ, ਸੈਰੀ ਸਿੰਘ, ਗੋਪੀ ਬਲਹੋਤਰਾ, ਫਾਰਮਾਸਿਸਟ ਪੰਕਜ ਜੋਸ਼ੀ, ਪੰਡਤ ਸ਼ੁਭਮ ਸ਼ਾਸਤਰੀ, ਪਵਨ ਕੁਮਾਰ, ਰਾਘਵ ਬੇਦੀ, ਮੰਗਤ ਰਾਮ, ਬੌਬੀ ਵਿੱਗ, ਬੱਬਲ ਭਾਰਤੀ, ਬਿੱਲਾ ਮਹਾਜਨ, ਡਿੰਪਲ ਵਰਮਾ, ਕਾਲਾ ਬਡਿਆਲ, ਗਗਨ ਤਲਵਾਰ, ਕਾਕਾ ਖੁੱਲਰ, ਕੁਲਵਿੰਦਰ ਲਾਡਾ, ਕੁੱਕ, ਮੋਨੂੰ, ਹਰੀ ਪ੍ਰਸਾਦ, ਬਾਵਾ ਲਾਲ ਦੀ ਭਜਨ ਮੰਡਲੀ ਦੇ ਸਾਰੇ ਹੀ ਕਲਾਕਾਰਾਂ ਤੋਂ ਇਲਾਵਾ ਕਲਾਨੌਰ ਦੀ ਸੰਗਤ ਹਾਜ਼ਰ ਸੀ। ਇਸ ਮੌਕੇ ਸੰਗਤ ਨੂੰ ਆਲੂ ਪੂਰੀ, ਚੌਲ ਖੀਰ ਅਤੇ ਚਾਹ ਦਾ ਲੰਗਰ ਵੀ ਛਕਾਇਆ ਗਿਆ।



# ਗੁਰਜੀਤ ਸਿੰਘ ਔਜਲਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਕਾਂਗਰਸ ਦੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ।ਉਨ੍ਹਾਂ ਗੁਰੂ ਘਰ ਮੱਥਾ ਟੇਕ ਕੇ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਅਨਦਲੀਬ ਰਾਏ ਔਜਲਾ ਅਤੇ ਬਾਬਰ ਔਜਲਾ ਵੀ ਮੌਜੂਦ ਸਨ।ਗੁਰੂ ਘਰਾਂ ਵਿੱਚ ਮੱਥਾ ਟੇਕਣ ਉਪਰੰਤ ਉਨ੍ਹਾਂ ਕਿਹਾ ਕਿ ਇਸ ਥਾਂ ਤੋਂ ਇਲਾਵਾ ਹੋਰ ਕਿਸੇ ਜਗ੍ਹਾ ਸਕੂਨ ਨਹੀਂ ਹੈ।ਪ੍ਰਮਾਤਮਾ ਨੇ ਗੁਰੂ ਨਗਰੀ ਵਾਸੀਆਂ ਦੀ ਸੇਵਾ ਕਰਨ ਲਈ ਉਨ੍ਹਾਂ ਦੀ ਡਿਊਟੀ ਲਗਾਈ ਹੈ, ਇਸੇ ਲਈ ਉਹ ਧੰਨਵਾਦ ਕਰਨ ਆਏ ਹਨ।ਉਨ੍ਹਾਂ ਕਿਹਾ ਕਿ ਅਮਨ-ਕਾਨੂੰਨ ਦੀ ਹਾਲਤ ਬਹੁਤ ਖ਼ਰਾਬ ਹੈ ਅਤੇ ਹੁਣ ਸਰਕਾਰ ਦੇ ਆਪਣੇ ਵਿਧਾਇਕ ਹੀ ਇਸ ਮੁੱਦੇ ਨੂੰ ਉਠਾ ਰਹੇ ਹਨ। ਗੁਰਜੀਤ ਔਜਲਾ ਨੇ ਭਾਜਪਾ ਅਤੇ ਆਪ ਪਾਰਟੀ ਦੇ ਉਮੀਦਵਾਰਾਂ 'ਤੇ ਨਿਸ਼ਾਨਾ ਸਾਧਿਆ।ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਨੂੰ ਆਪਣੇ ਵਰਕਰਾਂ 'ਤੇ ਭਰੋਸਾ ਨਹੀਂ ਹੈ, ਜਿਸ ਕਾਰਨ ਭਾਜਪਾ ਨੇ ਬਾਹਰੀ ਚਿਹਰਿਆਂ 'ਤੇ ਆਪਣਾ ਦਾਅ ਖੇਡਿਆ ਹੈ ਜਦਕਿ ਆਪ ਨੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਸ ਢੰਗ ਨਾਲ ਆਮ ਆਦਮੀ ਪਾਰਟੀ ਸੱਤਾ ਵਿੱਚ ਆਈ ਹੈ, ਉਹ ਇੱਕ ਭੁਲੇਖਾ ਜਾਪਦਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਦੇ ਕਈ ਸੀਨੀਅਰ ਆਗੂ ਰਜਿੰਦਰ ਮੋਹਨ ਛੀਨਾ ਅਤੇ ਸ਼ਵੇਤ ਮਲਿਕ ਵਰਗੇ ਟਿਕਟ ਧਾਰਕ ਹਨ, ਜਿਨ੍ਹਾਂ ਨੂੰ ਟਿਕਟ ਦਿੱਤੀ ਜਾ ਸਕਦੀ ਸੀ ਪਰ ਉਨ੍ਹਾਂ ਨੇ ਬਾਹਰੋਂ ਇਕ ਵਿਅਕਤੀ ਲਿਆ ਕੇ ਲਾਇਆ ਹੈ। ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਇਹ ਗੁਰੂ ਨਗਰੀ ਹੈ ਅਤੇ ਉਹ ਮਹਿਸੂਸ ਕਰਦੇ ਹਨ ਕਿ ਇੱਥੇ ਘੱਟੋ-ਘੱਟ ਸਾਰਥਕ ਰਾਜਨੀਤੀ ਹੋਣੀ ਚਾਹੀਦੀ ਹੈ।

# ਵੋਟਰ ਜਾਗਰੂਕਤਾ ਲਈ ਵਿਦਿਆਰਥੀ ਉਤਰੇ ਮੈਦਾਨ 'ਚ




**ਜਲੰਧਰ, (ਸ਼ੈਲੀ ਐਲਬਰਟ)**

ਲੋਕ ਸਭਾ ਚੋਣਾਂ-2024 ਦੌਰਾਨ ਵੱਧ ਤੋਂ ਵੱਧ ਵੋਟਿੰਗ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਨੂੰ ਬਿਨਾਂ ਕਿਸੇ ਡਰ, ਭੈਅ ਅਤੇ ਲਾਲਚ ਦੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਸਟੇਮੈਟਿਕ ਵੋਟਰਜ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸਿਪੇਸ਼ਨ (ਸਵੀਪ) ਪ੍ਰੋਗਰਾਮ ਤਹਿਤ ਜ਼ਿਲ੍ਹੇ ਭਰ ਵਿੱਚ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੀਰਵਾਰ ਨੂੰ ਸਵੀਪ ਪ੍ਰੋਗਰਾਮ ਤਹਿਤ ਕਰਵਾਈਆਂ ਜਾਗਰੂਕਤਾ ਸਰਗਰਮੀਆਂ ਵਿੱਚ ਵਧ-ਚੜ੍ਹ ਭਾਗ ਲੈਂਦਿਆਂ ਵੋਟਰਾਂ ਨੂੰ 1 ਜੂਨ ਨੂੰ ਵੋਟਾਂ ਵਾਲੇ ਦਿਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲਸਾੜਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੋਸਾਂਝ ਕਲਾਂ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੁੜਕਾ ਕਲਾਂ ਦੇ ਵਿਦਿਆਰਥੀਆਂ ਵੱਲੋਂ ਜਾਗਰੂਕਤਾ ਰੈਲੀਆਂ ਰਾਹੀਂ ਵੋਟਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਸਤੀ ਦਾਨਿਸ਼ਮੰਦਾ, ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਮਿੱਠੂ ਬਸਤੀ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਸਤੀ ਸ਼ੇਖ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਬਾਦਪੁਰ, ਏ.ਐਨ. ਗੁਜਰਾਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵੋਟਰ ਪ੍ਰਣ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਵੋਟ ਪਾਉਣ ਲਈ ਜਾਗਰੂਕ ਕਰਨ ਲਈ ਪ੍ਰੇਰਿਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਡੀ.ਆਰ. ਜੈਨ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਜਲੰਧਰ ਕੈਂਟ ਤੋਂ ਵੋਟਰ ਜਾਗਰੂਕਤਾ ਸਾਈਕਲ ਰੈਲੀ ਕੱਢੀ ਗਈ। ਸਾਈਕਲ ਰੈਲੀ ਦੌਰਾਨ ਵਿਦਿਆਰਥੀਆਂ ਨੇ ਵੋਟ ਦੀ ਮਹੱਤਤਾ ਨੂੰ ਦਰਸਾਉਂਦੇ ਵੱਖ-ਵੱਖ ਤਰ੍ਹਾਂ ਦੇ ਬੈਨਰ, ਪੋਸਟਰ ਤੇ ਤਖਤੀਆਂ ਰਾਹੀਂ ਵੋਟਰਾਂ ਨੂੰ ਆਪਣੀ ਵੋਟ ਪਾਉਣ ਦਾ ਹੋਕਾ ਦਿੱਤਾ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕ ਸਭਾ ਚੋਣਾਂ ਵਿੱਚ ਵੋਟਰਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਉਲੀਕੀਆਂ ਗਈਆਂ ਹਨ, ਜਿਸ ਤਹਿਤ ਵਿੱਦਿਅਕ ਅਦਾਰਿਆਂ ਦੇ ਸਹਿਯੋਗ ਨਾਲ ਲੋਕਾਂ ਨੂੰ 1 ਜੂਨ ਨੂੰ ਵਧ-ਚੜ੍ਹ ਕੇ ਵੋਟ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

# ਜ਼ਿਲ੍ਹਾ ਪ੍ਰਸ਼ਾਸਨ ਨੇ ਵਿਸ਼ਵ ਵਿਰਾਸਤ ਦਿਵਸ ਮਨਾਇਆ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਵਿਸ਼ਵ ਵਿਰਾਸਤ ਦਿਵਸ 2024' ਮਨਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਲੰਧਰ ਦੇ ਆਰਕੀਟੈਕਚਰਲ ਹੈਰੀਟੇਜ ਸਮਾਰਕ ਨੂੰ ਦਰਸਾਉਂਦੀਆਂ ਤਸਵੀਰਾਂ ਅਤੇ ਦਸਤਾਵੇਜ਼ੀ ਫਿਲਮ 'ਨੂਰਮਹਿਲ ਸਰਾਏ-400 ਈਅਰ ਓਲਡ ਹੈਰੀਟੇਜ ਇਨ ਜਲੰਧਰ' ਦੀ ਝਲਕ ਦੇਖੀ। ਵਿਸਵ ਵਿਰਾਸਤ ਦਿਵਸ 2024 ਮੌਕੇ ਬੋਲਦਿਆਂ ਡਿਪਟੀ ਕਮਿਸਨਰ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਵਿੱਚ ਸਥਿਤ ਸਭ ਤੋਂ ਪ੍ਰਮੁੱਖ ਵਿਰਾਸਤੀ ਸਮਾਰਕਾਂ ਵਿੱਚੋਂ ਇੱਕ ਨੂਰਮਹਿਲ ਸਰਾਏ ਨੂੰ ਦਰਸਾਉਂਦੀ 'ਨੂਰਮਹਿਲ ਸਰਾਏ-400 ਈਅਰ ਓਲਡ ਹੈਰੀਟੇਜ ਇਨ ਜਲੰਧਰ' ਨੌਜਵਾਨਾਂ ਨੂੰ ਪੰਜਾਬ ਦੇ ਅਮੀਰ ਇਤਿਹਾਸ ਤੋਂ ਜਾਣੂ ਕਰਵਾਉਣ ਵਿੱਚ ਸਹਾਇਕ ਸਾਬਤ ਹੋਵੇਗੀ। ਦਸਤਾਵੇਜ਼ੀ ਫਿਲਮ ਮੁਗਲ ਕਾਲ ਦੌਰਾਨ ਪ੍ਰਸ਼ਾਸਨਿਕ ਅਤੇ ਨਿਆਂਇਕ ਗਤੀਵਿਧੀਆਂ ਦੇ ਕੇਂਦਰ ਦੇ ਰੂਪ ਵਿੱਚ ਕੰਮ ਕਰਦੀ ਨੂਰਮਹਿਲ ਸਰਾਏ ਦੀ ਖਾਸ ਮੁਗਲ ਵਾਸਤੂਕਲਾ ਸ਼ੈਲੀ ਨੂੰ ਪ੍ਰਦਰਸ਼ਿਤ ਕਰਦੀ ਹੈ, ਜਿਸ ਵਿੱਚ ਸਮਰੂਪ ਲੇਆਉਟ, ਗੁੰਝਲਦਾਰ ਨੱਕਾਸੀ, ਵਿਸ਼ਾਲ ਵਿਹੜੇ ਅਤੇ ਲਾਲ ਦਾ ਇੱਟ ਆਰਕੀਟੈਕਚਰ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੀਆਂ ਵਿਰਾਸਤੀ ਸਮਾਰਕਾਂ ਦੀ ਸਾਂਭ ਸੰਭਾਲ ਨੂੰ ਪਹਿਲ ਦੇਣਾ ਅਤੇ ਨੌਜਵਾਨ ਪੀੜ੍ਹੀ ਅੰਦਰ ਇਨ੍ਹਾਂ ਦੀ ਇਤਿਹਾਸਕ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਲੇਖਕ ਤੇ ਹੈਰੀਟੇਜ ਪ੍ਰਮੋਟਰ ਹਰਪ੍ਰੀਤ ਸੰਧੂ ਨੇ ਕਿਹਾ ਕਿ 'ਨੂਰਮਹਿਲ ਸਰਾਏ' ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਉਨ੍ਹਾਂ ਵੱਲੋਂ ਤਸਵੀਰਾਂ ਵਾਲਾ ਬ੍ਰੋਸ਼ਰ ਅਤੇ ਦਸਤਾਵੇਜ਼ੀ ਫਿਲਮ ਤਿਆਰ ਕੀਤੀ ਗਈ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਐਸ.ਡੀ.ਐਮ. ਡਾ. ਜੈ ਇੰਦਰ ਸਿੰਘ ਆਦਿ ਵੀ ਮੌਜੂਦ ਸਨ।



# ਮੋਦੀ ਸਰਕਾਰ ਦੀ ਹਾਰ ਯਕੀਨੀ ਬਣਾਉਣ ਲਈ ਹੰਭਲਾ ਮਾਰਿਆ ਜਾਵੇ : ਜਖੇਪਲ

**ਜਲੰਧਰ (ਰਾਜੇਸ਼ ਥਾਪਾ)**- 'ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ', ਸਬੰਧਤ ਸੀ ਟੀ ਯੂ ਪੰਜਾਬ ਦੇ ਸੂਬਾਈ ਅਹੁਦੇਦਾਰਾਂ ਦੀ ਮੀਟਿੰਗ ਕਾਮਰੇਡ ਮੱਖਣ ਸਿੰਘ ਜਖੇਪਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨੂੰ ਸੰਬੋਧਨ ਕਰਨ ਲਈ ਸੀਟੀਯੂ ਪੰਜਾਬ ਦੇ ਪ੍ਰਧਾਨ ਕਾਮਰੇਡ ਦੇਵ ਰਾਜ ਵਰਮਾ ਅਤੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਉਚੇਚੇ ਪੁੱਜੇ। ਇਹ ਜਾਣਕਾਰੀ ਇੱਥੋਂ ਜਾਰੀ ਇਕ ਬਿਆਨ ਰਾਹੀਂ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਪਠਾਨਕੋਟ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਮੀਟਿੰਗ ਵੱਲੋਂ ਭਰਵੀਂ ਵਿਚਾਰ ਚਰਚਾ ਕਰਨ ਉਪਰੰਤ ਪੰਜਾਬ ਸਰਕਾਰ ਵਲੋਂ ਭੱਠਾ ਮਜ਼ਦੂਰਾਂ ਨੂੰ ਲਗਾਤਾਰ ਅਣਗੌਲਿਆਂ ਕੀਤੇ ਜਾਣ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਹੋਰ ਮੁਸ਼ਕਲਾਂ ਦੂਰ ਕਰਵਾਉਣ ਲਈ ਤਿੱਖਾ ਸੰਘਰਸ਼ ਵਿੱਢਣ ਦੀ ਰੂਪ ਰੇਖਾ ਉਲੀਕੀ ਗਈ ਹੈ। ਮੀਟਿੰਗ ਵਲੋਂ ਇਸੇ ਸਾਲ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਮਜ਼ਦੂਰ ਜਮਾਤ 'ਚ ਧਰਮ ਦੇ ਨਾਂਅ 'ਤੇ ਫੁਟ ਪਾਉਣ ਵਾਲੀ ਮੋਦੀ-ਸ਼ਾਹ ਸਰਕਾਰ ਨੂੰ ਹਰਾਉਣਾ ਲਈ ਡੱਟਵੀਂ ਮੁਹਿੰਮ ਚਲਾਉਣ ਦਾ ਨਿਰਣਾ ਲਿਆ ਗਿਆ ਹੈ। ਮੀਟਿੰਗ ਵਲੋਂ ਦੇਸ਼ ਦੇ ਸਮੂਹ ਕਿਰਤੀਆਂ ਖਾਸ ਕਰਕੇ ਭੱਠਾ ਕਾਮਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਕਾਰਪੋਰੇਟ ਘਰਾਣਿਆਂ ਦੀ ਸੇਵਾ ਹਿਤ 44 ਮਜ਼ਦੂਰ ਪੱਖੀ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾਉਣ ਵਾਲੀ ਮੋਦੀ ਸਰਕਾਰ ਦੀ ਹਾਰ ਯਕੀਨੀ ਬਨਾਉਣ ਲਈ ਹੰਭਲਾ ਮਾਰਨ। ਮੀਟਿੰਗ ਵਲੋਂ ਭੱਠਾ ਮਜਦੂਰਾਂ ਦੀਆਂ ਵੱਖੋ-ਵੱਖ ਕੈਟਿਗਿਰੀਆਂ ਦੇ ਰੇਟਾਂ ਵਿਚ ਵਾਧਾ ਕਰਾਉਣ, ਜਮਾਂਦਾਰਾਂ ਨੂੰ ਮਿਨੀਮਮ ਵੇਜ਼ ਅਨੁਸਾਰ ਜਮਾਂਦਾਰੀ ਕਮਿਸ਼ਨ ਲਾਗੂ ਕਰਾਉਣ, ਭੱਠਿਆਂ ਉਪਰ ਔਰਤਾਂ ਤੇ ਮਰਦਾਂ ਲਈ ਵੱਖਰੇ ਸ਼ੌਚਾਲਯ ਅਤੇ ਰਿਹਾਇਸ਼ੀ ਕਵਾਟਰਾਂ ਦਾ ਪ੍ਰਬੰਧ ਕਰਵਾਉਣ ਲਈ ਜਿਲ੍ਹਾ ਹੈਡਕੁਆਰਟਰਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਮੁਟਿੰਗ ਵਲੋਂ ਯੂਨੀਅਨ ਦਾ ਮਜ਼ਬੂਤ ਢਾਂਚਾ ਕਾਇਮ ਕਰਨ ਲਈ ਸਾਰੇ ਜ਼ਿਲ੍ਹਿਆਂ ਵਿੱਚ ਮੈਂਬਰਸ਼ਿਪ ਕਰਕੇ ਮਈ ਦੇ ਅੰਤ ਤੱਕ ਜ਼ਿਲ੍ਹਾ ਅਜਲਾਸ ਕਰਨ ਅਤੇ ਜੂਨ ਮਹੀਨੇ ਯੂਨੀਅਨ ਦਾ ਸੂਬਾਈ ਅਜਲਾਸ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ।



# ਸਰਕਾਰੀ ਪ੍ਰਾਇਮਰੀ ਸਕੂਲ ਕਾਹਲਾ ਵਾਲੀ 'ਚ ਨਸ਼ਿਆਂ ਖਿਲਾਫ ਜਾਗਰੂਕਤਾ ਸੈਮੀਨਾਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਪੁਲਸ ਜ਼ਿਲਾ ਬਟਾਲਾ ਦੇ ਸੀਨੀਅਰ ਪੁਲਸ ਕਪਤਾਨ ਮੈਡਮ ਅਸ਼ਵਨੀ ਗੋਟਿਆਲ ਦੇ ਆਦਸ਼ਾਂ ਹੇਠ ਪੁਲਸ ਜ਼ਿਲ੍ਹਾ ਬਟਾਲਾ ਅਧੀਨ ਚੱਲ ਰਹੇ ਸਮੂਹ ਪੁਲਸ ਸਾਂਝ ਕੇਂਦਰਾਂ ਵੱਲੋਂ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਅਤੇ ਲੋੜ ਪੈਣ 'ਤੇ ਪੁਲਸ ਦੇ ਹੈਲਪ ਲਾਈਨ ਨੰਬਰਾਂ ਬਾਰੇ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ । ਇਸ ਤਹਿਤ ਵੀਰਵਾਰ ਪੁਲਸ ਥਾਣਾ ਸਾਂਝ ਕੇਂਦਰ ਡੇਰਾ ਬਾਬਾ ਨਾਨਕ ਵੱਲੋਂ ਵੀ ਡੇਰਾ ਬਾਬਾ ਨਾਨਕ ਦੇ ਸਬ ਡਵੀਜ਼ਨ ਇੰਚਾਰਜ ਏ.ਐਸ.ਆਈ ਗੁਰਮੇਜ ਸਿੰਘ ਦੀ ਅਗਵਾਈ ਹੇਠ ਏ.ਐਸ.ਆਈ ਬਲਜੀਤ ਸਿੰਘ, ਏ. ਐਸ.ਆਈ ਕੁਲਦੀਪ ਸਿੰਘ ਵੱਲੋਂ ਬਲਾਕ ਡੇਰਾ ਬਾਬਾ ਨਾਨਕ 1 ਅਧੀਨ ਆਉਂਦੇ ਸੈਂਟਰ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਕਾਹਲਾ ਵਾਲੀ ਵਿਖੇ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ । ਇਸ ਮੌਕੇ ਉਨ੍ਹਾਂ ਵੱਲੋਂ ਸਕੂਲ ਦੇ ਬੱਚਿਆਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕੀਤਾ ਗਿਆ ਅਤੇ ਸਾਂਝ ਕੇਦਰਾਂ ਰਾਹੀਂ ਪੁਲਸ ਵਿਭਾਗ ਵੱਲੋਂ ਪਬਲਿਕ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ, ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਅਤੇ ਸਵੈ ਰੱਖਿਆ, ਸਾਇਬਰ ਕ੍ਰਾਇਮ, ਪੁਲਸ ਦੇ ਹੈਲਪ ਲਾਈਨ ਨੰਬਰ 112, 181, ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਅਤੇ ਚੈਟ ਬੋਟ ਦੀ ਜਾਣਕਾਰੀ ਦੇਣ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ । ਇਸ ਮੌਕੇ ਸਕੂਲ ਦੇ ਅਧਿਆਪਕ ਸੁਰਿੰਦਰ ਸਿੰਘ, ਮਨਦੀਪ ਕੌਰ ਬੇਦੀ, ਪਰਮਜੀਤ ਕੌਰ, ਕਵਲਜੀਤ ਕੌਰ, ਆਂਗਨਵਾੜੀ ਵਰਕਰ ਅਮਰਜੀਤ ਕੌਰ, ਕੁਲਵਿੰਦਰ ਕੌਰ, ਹੈਲਪਰ ਦਵਿੰਦਰ ਕੌਰ ਅਤੇ ਜਸਬੀਰ ਕੁਮਾਰੀ ਤੋਂ ਇਲਾਵਾ ਸਕੂਲ ਦੇ ਬੱਚੇ ਹਾਜ਼ਰ ਸਨ।



19-Apral-PAGE-4.qxd 4/18/2024 10:37 PM Page 1


# ਨਵਾਂ ਜ਼ਮਾਨਾ

ਸ਼ੁੱਕਰਵਾਰ, 19 ਅਪ੍ਰੈਲ 2024


## ਯੂ ਪੀ 'ਚ ਰਾਜਪੂਤ ਬਨਾਮ ਬ੍ਰਾਹਮਣ

ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ 102 ਸੀਟਾਂ 'ਤੇ ਅੱਜ ਵੋਟਾਂ ਪੈ ਜਾਣੀਆਂ ਹਨ। ਇਨ੍ਹਾਂ ਵਿੱਚ 8 ਸੀਟਾਂ ਪੀਲੀਭੀਤ, ਸਹਾਰਨਪੁਰ, ਕੈਰਾਨਾ, ਮੁਜ਼ੱਫਰਨਗਰ, ਨਗੀਨਾ, ਮੁਰਾਦਾਬਾਦ, ਬਿਜਨੌਰ ਤੇ ਰਾਮਪੁਰ ਪੱਛਮੀ ਉੱਤਰ ਪ੍ਰਦੇਸ਼ ਦੀਆਂ ਹਨ। ਇਸ ਖੇਤਰ ਦੀਆਂ ਬਾਕੀ ਰਹਿੰਦੀਆਂ 8 ਸੀਟਾਂ ਅਮਰੋਹਾ, ਮੇਰਠ, ਬਾਗਪਤ, ਗਾਜ਼ੀਆਬਾਦ, ਗੌਤਮਬੁੱਧ ਨਗਰ, ਬੁਲੰਦ ਸ਼ਹਿਰ, ਅਲੀਗੜ੍ਹ ਤੇ ਰਾਮਪੁਰ ਉੱਤੇ ਵੋਟਾਂ ਦੂਜੇ ਗੇੜ ਵਿੱਚ 26 ਅਪ੍ਰੈਲ ਨੂੰ ਪੈਣਗੀਆਂ।

ਭਾਜਪਾ ਨੇ ਇਸ ਵਾਰ ਯੂ ਪੀ ਦੀਆਂ ਸਾਰੀਆਂ 80 ਸੀਟਾਂ ਜਿੱਤ ਜਾਣ ਦੀ ਭਵਿੱਖਬਾਣੀ ਕੀਤੀ ਹੈ। ਇਸ ਭਵਿੱਖਬਾਣੀ ਦਾ ਸੱਚ ਹਾਲਤ ਦੀ ਕਸੌਟੀ ਉੱਤੇ ਪਰਖਣ ਲਈ 'ਸੱਤਿਆ ਹਿੰਦੀ' ਦੇ ਪੱਤਰਕਾਰ ਨੇ ਇਸ ਖੇਤਰ ਅਧੀਨ ਆਉਂਦੇ ਕਈ ਹਲਕਿਆਂ ਦਾ ਦੌਰਾ ਕਰਕੇ ਆਪਣੀ ਰਿਪੋਰਟ ਛਾਪੀ ਹੈ। ਪੱਤਰਕਾਰ ਮੁਤਾਬਕ ਇਸ ਵਾਰ ਕਿਸੇ ਹਲਕੇ ਵਿੱਚ ਵੀ ਕਿਸੇ ਪਾਰਟੀ ਦੀ ਕੋਈ ਲਹਿਰ ਨਹੀਂ ਹੈ ਤੇ ਨਾ ਹੀ ਚੋਣ ਪ੍ਰਚਾਰ ਦਾ ਬਹੁਤਾ ਰੌਲਾ ਹੈ।

ਕੇਂਦਰ ਤੇ ਰਾਜ ਵਿਚਲੀ ਸੱਤਾਧਾਰੀ ਪਾਰਟੀ ਭਾਜਪਾ ਦੇ ਵਰਕਰਾਂ ਵਿੱਚ ਵੀ 2014 ਤੇ 2019 ਦੀਆਂ ਚੋਣਾਂ ਸਮੇਂ ਦਾ ਉਤਸ਼ਾਹ ਦੇਖਣ ਨੂੰ ਨਹੀਂ ਮਿਲ ਰਿਹਾ। ਉਲਟਾ ਹਰ ਥਾਂ ਭਾਜਪਾ ਅੰਦਰ ਅੰਦਰੂਨੀ ਕਲੇਸ਼ ਸਿਖਰਾਂ ਉੱਤੇ ਹੈ। ਹਰ ਥਾਂ ਭਾਜਪਾ ਦੋ ਗੁੱਟਾਂ ਵਿੱਚ ਵੰਡੀ ਹੋਈ ਹੈ। ਇੱਕ ਗੁੱਟ ਮੋਦੀ ਤੇ ਅਮਿਤ ਸ਼ਾਹ ਦਾ ਹੈ, ਜੋ ਉਮੀਦਵਾਰਾਂ ਦੀ ਮੁਹਿੰਮ ਚਲਾ ਰਿਹਾ ਹੈ ਤੇ ਦੂਜਾ ਗੁੱਟ ਯੋਗੀ ਅਦਿੱਤਿਆਨਾਥ ਦਾ ਹੈ, ਜਿਸ ਵਿੱਚ ਸਥਾਨਕ ਵਰਕਰ ਸ਼ਾਮਲ ਹਨ, ਜੋ ਪਾਰਟੀ ਉਮੀਦਵਾਰਾਂ ਨੂੰ ਹਰਾਉਣ ਲਈ ਦਿਨ-ਰਾਤ ਇੱਕ ਕਰ ਰਹੇ ਹਨ। ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਜੇਕਰ ਮੋਦੀ ਇਸ ਵਾਰ ਜ਼ਿਆਦਾ ਬਹੁਮਤ ਲੈ ਗਏ ਤਾਂ ਯੋਗੀ ਅਦਿੱਤਿਆਨਾਥ ਦਾ ਹਟਣਾ ਪੱਕਾ ਹੈ। ਦੂਜੇ ਪਾਸੇ ਮੋਦੀ-ਸ਼ਾਹ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਜੇਕਰ ਯੋਗੀ ਦੇ ਖੰਭ ਨਾ ਕੁਤਰੇ ਗਏ ਤਾਂ ਉਹ ਮੋਦੀ ਨੂੰ ਸਿੱਧੀ ਚੁਣੌਤੀ ਦੇਣ ਲੱਗ ਜਾਣਗੇ।

ਰਾਜਪੂਤ ਲਗਾਤਾਰ ਮਹਾਂਪੰਚਾਇਤਾਂ ਕਰਕੇ ਭਾਜਪਾ ਨੂੰ ਹਰਾਉਣ ਦਾ ਸੱਦਾ ਦੇ ਰਹੇ ਹਨ। ਆਖਰੀ ਪੰਚਾਇਤ ਪਿਛਲੇ ਮੰਗਲਵਾਰ ਮੁਜ਼ੱਫਰਨਗਰ ਸੀਟ ਅਧੀਨ ਆਉਂਦੇ ਖੇੜਾ ਪਿੰਡ ਵਿੱਚ ਹੋਈ ਸੀ। ਇਸੇ ਥਾਂ 2013 ਨੂੰ ਰਾਜਪੂਤਾਂ ਦੀ ਚੌਬੀਸੀ (24 ਪਿੰਡ) ਪੰਚਾਇਤ ਹੋਈ ਸੀ। ਮਹਾਂਪੰਚਾਇਤ ਮੌਕੇ ਆਗੂਆਂ ਨੇ ਕਿਹਾ ਕਿ 2013 ਵਿੱਚ ਇਸੇ ਥਾਂ ਤੋਂ ਭਾਜਪਾ ਦੇ ਰਾਜ ਸੱਤਾ ਹਾਸਲ ਕਰਨ ਦਾ ਮੁੱਢ ਬੱਝਾ ਸੀ, ਹੁਣ 10 ਸਾਲ ਬਾਅਦ ਇਹੋ ਥਾਂ ਭਾਜਪਾ ਦੀ ਹਾਰ ਦਾ ਕਾਰਨ ਬਣੇਗੀ। ਇਸ ਮੌਕੇ 'ਤੇ ਮਹਾਂਪੰਚਾਇਤ ਵੱਲੋਂ ਮੁਜ਼ੱਫਰਨਗਰ ਤੋਂ ਭਾਜਪਾ ਦੇ ਸੰਜੀਵ ਬਲਿਆਨ ਨੂੰ ਹਰਾਉਣ ਲਈ ਸਪਾ ਦੇ ਹਰੇਂਦਰ ਮਲਿਕ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ। ਸੰਜੀਵ ਬਲਿਆਨ ਉੱਤੇ ਦੋਸ਼ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ ਉਸ ਨੇ ਰਾਜਪੂਤ ਆਗੂਆਂ ਸੰਗੀਤ ਸੋਮ ਤੇ ਸੁਰੇਸ਼ ਰਾਣਾ ਨੂੰ ਹਰਾਇਆ ਸੀ।

ਰਾਜਪੂਤ ਗਾਜ਼ੀਆਬਾਦ ਹਲਕੇ ਤੋਂ ਵੀ ਕੇ ਸਿੰਘ ਦਾ ਟਿਕਟ ਕੱਟਣ ਤੋਂ ਔਖੇ ਹਨ। ਵੀ ਕੇ ਸਿੰਘ ਪਿਛਲੀ ਵਾਰ 5 ਲੱਖ ਤੋਂ ਵੱਧ ਦੇ ਫ਼ਰਕ ਨਾਲ ਜਿੱਤੇ ਸਨ। ਇਸ ਸੀਟ ਉੱਤੇ ਰਾਜਪੂਤ ਅਬਾਦੀ 5.7 ਲੱਖ, ਮੁਸਲਮਾਨ 5.5 ਲੱਖ, ਬ੍ਰਾਹਮਣ 4.5 ਲੱਖ, ਦਲਿਤ 4.5 ਲੱਖ, ਬਾਣੀਆ 2.5 ਲੱਖ, ਜਾਟ 1.25 ਲੱਖ, ਪੰਜਾਬੀ 1 ਲੱਖ, ਤਿਆਗੀ 75 ਹਜ਼ਾਰ ਤੇ ਗੁੱਜਰ 70 ਹਜ਼ਾਰ ਹੈ। ਭਾਜਪਾ ਨੇ ਅਤੁਲ ਗਰਗ ਨੂੰ ਉਮੀਦਵਾਰ ਬਣਾਇਆ ਹੈ, ਬਸਪਾ ਨੇ ਠਾਕੁਰ ਨੰਦ ਕਿਸ਼ੋਰ ਤੇ ਸਪਾ ਨੇ ਡਾਲੀ ਸ਼ਰਮਾ ਨੂੰ ਖੜ੍ਹਾ ਕੀਤਾ ਹੈ। ਇਸ ਵਾਰ ਹਿੰਦੂ ਰਾਜਪੂਤ ਤੇ ਮੁਸਲਮਾਨ ਰਾਜਪੂਤ ਭਾਜਪਾ ਨੂੰ ਹਰਾਉਣ ਲਈ ਇੱਕ-ਮਿੱਕ ਹਨ।

ਗੌਤਮਬੁੱਧ ਨਗਰ ਸੀਟ ਉੱਤੇ ਭਾਜਪਾ ਦੇ ਇੱਕ ਆਗੂ ਨੇ ਪੱਤਰਕਾਰ ਨੂੰ ਦੱਸਿਆ ਕਿ ਇਸ ਸਮੇਂ ਭਾਜਪਾ ਵਿੱਚ ਰਾਜਪੂਤ ਬਨਾਮ ਬ੍ਰਾਹਮਣ ਦੀ ਜੰਗ ਜ਼ੋਰਾਂ ਉੱਤੇ ਹੈ। ਭਾਜਪਾ ਨੇ ਮਹੇਸ਼ ਸ਼ਰਮਾ ਨੂੰ ਉਮੀਦਵਾਰ ਬਣਾਇਆ ਹੈ ਤੇ ਬਸਪਾ ਨੇ ਰਾਜੇਂਦਰ ਸਿੰਘ ਸੌਲੰਕੀ ਨੂੰ ਖੜ੍ਹਾ ਕੀਤਾ ਹੈ। ਭਾਜਪਾ ਦੀ ਫੁੱਟ ਦਾ ਲਾਭ ਬਸਪਾ ਨੂੰ ਮਿਲ ਸਕਦਾ ਹੈ। ਸਪਾ ਉਮੀਦਵਾਰ ਦੀ ਹਾਲਤ ਕਮਜ਼ੋਰ ਹੈ। ਕੈਰਾਨਾ ਸੀਟ ਸ਼ਾਮਲੀ ਤੇ ਸਹਾਰਨਪੁਰ ਜ਼ਿਲ੍ਹਿਆਂ ਦੀਆਂ ਵਿਧਾਨ ਸਭਾ ਸੀਟਾਂ ਨੂੰ ਮਿਲ ਕੇ ਬਣੀ ਹੈ। ਇਥੋਂ ਭਾਜਪਾ ਨੇ ਗੁੱਜਰ ਜਾਤ ਦੇ ਪ੍ਰਦੀਪ ਚੌਧਰੀ ਨੂੰ ਖੜ੍ਹਾ ਕੀਤਾ ਹੈ ਤੇ ਸਮਾਜਵਾਦੀ ਪਾਰਟੀ ਦੀ ਉਮੀਦਵਾਰ ਲੰਡਨ ਤੋਂ ਪੜ੍ਹੀ ਇਕਰਾ ਹਸਨ ਹੈ। ਉਸ ਦਾ ਪਿਤਾ ਤੇ ਮਾਂ ਸਾਂਸਦ ਰਹਿ ਚੁੱਕੇ ਹਨ ਤੇ ਭਰਾ ਕੈਰਾਨਾ ਤੋਂ ਵਿਧਾਇਕ ਹਨ। ਇਸ ਹਲਕੇ ਵਿੱਚ ਜਾਟ ਵੋਟ ਬਹੁਤ ਹੈ। ਇਹ ਭਾਈਚਾਰਾ ਇਕਰਾ ਹਸਨ ਨਾਲ ਹੈ। ਬੁਲੰਦਪੁਰ ਸੀਟ ਦਲਿਤਾਂ ਲਈ ਰਿਜ਼ਰਵ ਹੈ। ਇੱਥੇ ਵੀ ਰਾਜਪੂਤ ਬਨਾਮ ਬ੍ਰਾਹਮਣ ਦੀ ਲੜਾਈ ਦਾ ਫਾਇਦਾ ਬਸਪਾ ਦੇ ਉਮੀਦਵਾਰ ਸਾਂਸਦ ਗਿਰੀਸ਼ ਚੰਦਰ ਨੂੰ ਮਿਲਦਾ ਲੱਗ ਰਿਹਾ ਹੈ। ਸ਼ਾਇਦ ਕਿਸੇ ਅੰਦਰੂਨੀ ਸਮਝੌਤੇ ਕਾਰਨ ਹੀ ਇਨ੍ਹਾਂ ਸੀਟਾਂ ਉੱਤੇ ਇੰਡੀਆ ਗੱਠਜੋੜ ਨੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ ਹਨ। ਸਹਾਰਨਪੁਰ, ਬਿਜਨੌਰ, ਪੀਲੀਭੀਤ, ਰਾਮਪੁਰ ਤੇ ਨਗੀਨਾ ਸੀਟਾਂ ਉੱਤੇ ਵੀ ਰਾਜਪੂਤ ਖੁੱਲ੍ਹੇਤੌਰ ਉੱਤੇ ਭਾਜਪਾ ਦਾ ਵਿਰੋਧ ਕਰ ਰਹੇ ਹਨ। ਭਾਜਪਾ ਨੇ ਰਾਜਪੂਤਾਂ ਦੀ ਬਗਾਵਤ ਸ਼ਾਂਤ ਕਰਨ ਲਈ ਰਾਜਨਾਥ ਸਿੰਘ ਤੇ ਦੀਆ ਕੁਮਾਰੀ ਨੂੰ ਭੇਜਿਆ ਸੀ ਪਰ ਉਹ ਰਾਜਪੂਤ ਆਗੂਆਂ ਨੂੰ ਮਨਾਉਣ ਵਿੱਚ ਸਫ਼ਲ ਨਹੀਂ ਹੋਏ।

### ਆਮ ਚੋਣਾਂ ਦਾ ਅਰਥ

ਸੱਤਾਧਾਰੀਆਂ ਦੇ ਕਾਰੇ ਮਨਮਰਜ਼ੀ ਦੇ ਹੁੰਦੇ,
ਵੋਟਰ ਵਿਚਾਰੇ ਵਰ੍ਹਿਆਂ ਤੋਂ ਆਏ ਸਹਿੰਦੇ ਨੇ।
'ਭੰਡੀ ਪ੍ਰਾਚਰ' ਜਿਹਦਾ ਕਰ ਕਰ ਜਿੱਤ ਜਾਂਦੇ,
ਜਿੱਤੇ ਹੋਏ ਉਹਦੇ ਹੀ ਬਨੇਰੇ ਜਾ ਕੇ ਬਹਿੰਦੇ ਨੇ।
ਇੱਕੋ ਥਾਲੀ ਵਿੱਚ ਉਂਜ 'ਕੱਠੇ ਬੈਠੇ ਖਾਂਦੇ ਪੀਂਦੇ,
ਜਨਤਾ ਦੇ ਸਾਹਵੇਂ ਇੱਕ-ਦੂਜੇ ਨਾਲ ਖਹਿੰਦੇ ਨੇ।
ਡੱਡੂਆਂ ਦੇ ਵਾਂਗ ਜੋ ਟਪੂਸੀਆਂ ਨੇ ਮਾਰੀ ਜਾਂਦੇ,
ਹੋ ਕੇ ਬੇ-ਯਕੀਨੇ ਲੋਕ-ਮਨਾਂ ਵਿੱਚੋਂ ਲਹਿੰਦੇ ਨੇ।
ਭੁੱਲ ਕੀਤੀ ਪੋਲੇ ਜਿਹੇ ਮੂੰਹ ਦੇ ਨਾਲ ਆਖ ਦਿੰਦੇ,
'ਲੋਕ-ਰੋਹ' ਦੇ ਮਾਰੇ ਜਦੋਂ ਬੁਰੀ ਤਰ੍ਹਾਂ ਢਹਿੰਦੇ ਨੇ।
ਗਲੇ-ਸੜੇ 'ਆਮ' ਪਏ ਹੋਣ ਇੱਕ ਟੋਕਰੀ 'ਚ,
'ਚੰਗਾ ਜਰਾ' ਚੁਣਨੇ ਨੂੰ 'ਆਮ ਚੋਣ' ਕਹਿੰਦੇ ਨੇ!

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਹਿੰਦੂ-ਮੁਸਲਮਾਨ-ਸਿੱਖ ਬਨਾਮ 2024 ਦੀ ਚੋਣ



ਸੁੱਚਾ ਸਿੰਘ ਖੱਟੜਾ

*2024 ਦੀਆਂ ਇਹਨਾਂ ਚੋਣਾਂ ਵਿੱਚ ਭਾਜਪਾ ਵੱਲੋਂ ਪੰਜਾਬ ਅਤੇ ਪੰਜਾਬੋਂ ਬਾਹਰ ਦਿੱਤੇ ਉਮੀਦਵਾਰਾਂ ਨੂੰ ਉਪਰੋਕਤ ਪ੍ਰਸ਼ਨ ਜ਼ਰੂਰ ਪੁੱਛਣੇ ਚਾਹੀਦੇ ਹਨ। ਹੁਣ ਤੱਕ ਦੀ ਸਾਡੀ ਜਾਣਕਾਰੀ ਅਨੁਸਾਰ ਪੰਜਾਬ ਤੋਂ ਇਲਾਵਾ ਬੰਗਾਲ ਵਿੱਚ ਆਸਨਸੋਲ ਤੋਂ ਭਾਜਪਾ ਦਾ ਸਿੱਖ ਉਮੀਦਵਾਰ ਹਰਦੀਪ ਸਿੰਘ ਪੁਰੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਆਸਨਸੋਲ ਲੋਕ ਸਭਾ ਹਲਕੇ ਤੋਂ ਇਲਾਵਾ ਕੋਲਕਾਤਾ ਤੱਕ ਵੱਸਦੇ ਸਿੱਖਾਂ ਨੂੰ ਹਰਦੀਪ ਸਿੰਘ ਪੁਰੀ ਤੋਂ ਇਹ ਪ੍ਰਸ਼ਨ ਵਾਰ-ਵਾਰ ਪੁੱਛਣੇ ਚਾਹੀਦੇ ਹਨ। ਸੱਭਿਆਚਾਰ ਦੀ ਰਾਖੀ ਲਈ ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਭ ਦੇ ਸਾਂਝੇ ਯਤਨਾਂ ਨਾਲ ਭਾਜਪਾ ਦੀਆਂ ਵਿਖੰਡਨਕਾਰੀ ਸ਼ਕਤੀਆਂ ਨੂੰ ਸੱਤਾ ਤੋਂ ਬਾਹਰ ਕਰਨਾ ਜ਼ਰੂਰੀ ਹੋਵੇਗਾ।*

2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦਾ ਮੁੱਖ ਅਜੰਡਾ 'ਹਿੰਦੂਤਵ ਰਾਸ਼ਟਰ' ਹੈ।ਇਸ ਦੇ ਬਾਕੀ ਸਾਰੇ ਮੁੱਦੇ ਇਸੇ ਮੁੱਖ ਅਜੰਡੇ ਦੇ ਉਪ ਅਜੰਡੇ ਹਨ। ਦੂਜੇ ਪਾਸੇ ਇੰਡੀਆ ਗਠਬੰਧਨ ਦਾ ਮੁੱਖ ਅਜੰਡਾ ਸੰਵਿਧਾਨ ਬਚਾਉਣਾ ਹੈ। ਇਸ ਗਠਬੰਧਨ ਵਲੋਂ ਪ੍ਰਚਾਰੇ ਜਾਂਦੇ ਬਾਕੀ ਅਜੰਡੇ ਇਸ ਦੇ ਸਬ-ਅਜੰਡੇ ਹਨ।ਇਸ ਆਰਟੀਕਲ ਦਾ ਵਿਸ਼ਾ ਹੈ ਕਿ ਇਹਨਾਂ ਚੋਣਾਂ ਵਿੱਚ ਵੋਟ ਦੇਣ ਲਈ ਹਿੰਦੂ, ਮੁਸਲਮਾਨ ਅਤੇ ਸਿੱਖਾਂ ਲਈ ਵਿਚਾਰਨਯੋਗ ਬਿੰਦੂ ਕੀ ਹੋਣਗੇ? ਸਰਕਾਰ ਦੀ ਪਿਛਲੇ ਦਸ ਸਾਲ ਦੀ ਕਾਰਗੁਜ਼ਾਰੀ ਵਿੱਚੋਂ ਹੋਏ ਹਾਸਲ ਦੇ ਅਧਾਰ 'ਤੇ ਤਿੰਨਾਂ ਫ਼ਿਰਕਿਆਂ ਨੂੰ ਆਪਣੇ-ਆਪਣੇ ਉੱਤਰ ਲੱਭਣੇ ਪੈਣਗੇ। ਸਭ ਤੋਂ ਪਹਿਲਾਂ ਹਿੰਦੂ ਭਰਾਵਾਂ ਲਈ।ਦੇਸ਼ ਦੇ ਹਿੰਦੂ ਭਰਾਵਾਂ ਨੂੰ ਪਿਛਲੇ ਦਸ ਸਾਲ ਵਿੱਚ ਬਿਨਾਂ ਵਿਤਕਰਾ ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬ-ਅਮੀਰ ਵਿਚਕਾਰ ਆਮਦਨ ਦਾ ਪਾੜਾ, ਅਗਨੀਵੀਰ, ਪਬਲਿਕ ਸੈਕਟਰ ਦੇ ਖ਼ਾਤਮੇ ਦੇ ਨੁਕਸਾਨ, ਕਿਸਾਨ ਵਿਰੋਧੀ ਖੇਤੀ ਕਾਨੂੰਨ, ਮਜ਼ਦੂਰਾਂ ਲਈ ਕੋਡ-ਬਿੱਲ, ਪਰਚੂਨ-ਵਪਾਰ ਦੇ ਖੇਤਰ ਵਿੱਚ ਵੱਡੇ-ਵੱਡੇ ਮਾਲ ਅਤੇ ਆਨਲਾਈਨ ਪਰਚੂਨ ਵਪਾਰ ਨਾਲ਼ ਛੋਟੇ ਦੁਕਾਨਦਾਰਾਂ ਦੀ ਤਬਾਹੀ, ਰਾਜਨੀਤਕ ਵਿਰੋਧੀਆਂ ਨੂੰ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਜੇਲ੍ਹੀਂ ਸੁੱਟਣ ਦੀਆਂ ਹਾਲਤਾਂ ਠੀਕ ਮੁਸਲਮਾਨਾਂ ਅਤੇ ਸਿੱਖਾਂ ਵਾਂਗੂ ਹੀ ਭੁਗਤਣੀਆਂ ਪਈਆਂ ਹਨ। ਭਾਜਪਾ ਦੇ ਮੁੜ ਜਿੱਤਣ ਨਾਲ਼ ਇਹ ਸਾਰੀਆਂ ਸਮੱਸਿਆਵਾਂ ਹੋਰ ਵਿਕਰਾਲ ਹੋਣਗੀਆਂ ਅਤੇ ਹਿੰਦੂ ਭਰਾਵਾਂ ਨੂੰ ਉਹਨਾਂ ਦਾ ਸੇਕ ਮੁਸਲਮਾਨ-ਸਿੱਖਾਂ ਵਾਂਗ ਬਰਾਬਰ ਸਹਾਰਨਾ ਪਏਗਾ।ਉਪਰੋਕਤ ਸਭ ਤੋਂ ਇਲਾਵਾ ਦੇਸ਼ ਵਿੱਚ ਭਾਈਚਾਰਕ ਏਕਤਾ ਦੇ ਸਾਫ਼-ਸੁਥਰੇ ਵਾਯੂਮੰਡਲ ਵਿੱਚ ਆਪਸੀ ਨਫ਼ਰਤ ਦੀ ਜ਼ਹਿਰੀਲੀ ਹਵਾ ਵਿੱਚ ਹਿੰਦੂਆਂ ਨੂੰ ਵੀ ਦੂਜੇ ਫ਼ਿਰਕਿਆਂ ਵਾਂਗ ਹੀ ਸਾਹ ਲੈਣਾ ਪੈਣਾ ਹੈ।

ਪਰ ਘੱਟ-ਗਿਣਤੀਆਂ ਲਈ 2024 ਦੀਆਂ ਚੋਣਾਂ ਉਪਰੋਕਤ ਤੋਂ ਵੱਖਰੀ ਦਿਸ਼ਾ ਤੋਂ ਦੇਖਣ ਦੀ ਮੰਗ ਕਰਦੀਆਂ ਹਨ। ਇਸ ਵਿੱਚ ਸਭ ਤੋਂ ਪਹਿਲਾਂ ਹਿੰਦੂਆਂ ਤੋਂ ਬਿਨਾਂ ਬਾਕੀ ਘੱਟ-ਗਿਣਤੀਆਂ ਨੂੰ ਲੈਂਦੇ ਹਾਂ। ਇਹਨਾਂ ਨਾਲ ਸੰਬੰਧਤ ਸਮੱਸਿਆਵਾਂ ਭਾਜਪਾ ਦੇ ਰਾਸ਼ਟਰਵਾਦ ਪਿੱਛੇ ਕੰਮ ਕਰਦੀ ਵਿਚਾਰਧਾਰਾ ਵਿੱਚੋਂ ਉਪਜਦੀਆਂ ਹਨ। ਇਹ ਵਿਚਾਰਧਾਰਾ ਆਰ ਐੱਸ ਐੱਸ ਦੀ ਹੈ, ਜਿਸ ਨੂੰ ਸੰਖੇਪ ਰੂਪ ਵਿੱਚ ਸਮਝਣ ਲਈ ਆਰ ਐੱਸ ਐੱਸ ਦੀ ਵਿਚਾਰਧਾਰਾ ਦੇ ਸੰਸਥਾਪਕਾਂ ਵਿੱਚੋਂ ਪ੍ਰਮੁੱਖ ਵਿਚਾਰਕ ਮਾਧਵਸਦਾਸ਼ਿਵ ਗੋਲਵਾਲਕਰ ਦਾ ਨੱਬੇ ਕੁ ਸਫ਼ੇ ਦਾ ਕਿਤਾਬਚਾ ਪੜ੍ਹਨਾ ਚਾਹੀਦਾ ਹੈ।ਇਸ ਵਿੱਚ ਰਾਸ਼ਟਰਵਾਦ ਦੀ ਹਿੰਦੂਤਵੀ ਵਿਆਖਿਆ ਵਜੋਂ ਉਸ ਨੇ ਪੰਜ ਤੱਤ ਦਰਸਾਏ ਹਨ। ਭਾਰਤ ਵਿੱਚ ਰਹਿਣ ਵਾਲਾ ਕੋਈ ਵੀ ਫ਼ਿਰਕਾ ਇਹਨਾਂ ਪੰਜਾਂ ਤੱਤਾਂ ਵਿੱਚ ਦਰਸਾਈਆਂ ਸ਼ਰਤਾਂ ਵਿੱਚੋਂ ਜੇਕਰ ਇੱਕ ਉੱਤੇ ਵੀ ਪੂਰਾ ਨਹੀਂ ਉਤਰਦਾ ਤਾਂ ਉਹ ਹਿੰਦੂ-ਰਾਸ਼ਟਰ ਵਿੱਚ ਪੂਰਨ ਨਾਗਰਿਕ ਨਹੀਂ ਹੋਵੇਗਾ। ਉਸ ਨੂੰ ਆਪਣੇ ਹੀ ਦੇਸ ਵਿੱਚ ਦੂਜੇ ਦਰਜੇ ਦਾ ਨਾਗਰਿਕ ਬਣ ਕੇ ਰਹਿਣਾ ਹੋਵੇਗਾ। ਆਰ ਐੱਸ ਐੱਸ ਅਨੁਸਾਰ ਪੂਰਨ ਨਾਗਰਿਕ ਹਿੰਦੂ ਹੀ ਹਨ, ਕਿਉਂਕਿ ਉਹ ਉਪਰੋਕਤ ਪੰਜ ਸ਼ਰਤਾਂ ਪੂਰੀਆਂ ਕਰਦੇ ਹਨ।ਇਹ ਪੰਜ ਸ਼ਰਤਾਂ ਹਨ : ੳ) ਭੂਗੋਲਿਕ ਖਿੱਤਾ ਭਾਵ ਦੇਸ਼ ਅ) ਨਸਲ ਭਾਵ ਆਰੀਆ ੲ) ਧਰਮ ਭਾਵ ਹਿੰਦੂ ਸ) ਹਿੰਦੂ ਸੱਭਿਆਚਾਰ ਹ) ਭਾਸ਼ਾ ਭਾਵ ਸੰਸਕ੍ਰਿਤ ਪਰ ਹੁਣ ਹਿੰਦੀ/ਆਰ ਐੱਸ ਐੱਸ ਅਨੁਸਾਰ ਮੁਸਲਮਾਨ ਘੱਟ ਗਿਣਤੀ ਦਾ ਭਾਰਤ ਦੇਸ਼ ਨਹੀਂ ਹੈ, ਕਿਉਂਕਿ ਉਹ ਬਾਹਰੋਂ ਆਏ ਹਮਲਾਵਰ ਹਨ। ਮੁਸਲਮਾਨ ਨਸਲ ਵਜੋਂ ਆਰੀਆ ਨਹੀਂ ਹਨ, ਕਿਉਂਕਿ ਆਰੀਆ ਭਾਰਤ ਤੋਂ ਬਾਹਰ ਗਏ ਹਨ।ਗੋਲਵਾਲਕਰ ਅਨੁਸਾਰ ਆਰੀਆ ਮੌਜੂਦਾ ਬਿਹਾਰ ਅਤੇ ਉੱਤਰੀ ਓੜੀਸ਼ਾ ਦੇ ਖਿੱਤੇ ਵਿੱਚ ਪੈਦਾ ਹੋਏ।ਆਰ ਐੱਸ ਐੱਸ ਅਨੁਸਾਰ ਪੰਜ ਸ਼ਰਤਾਂ ਵਿੱਚੋਂ ਬਾਕੀ ਤਿੰਨਾਂ 'ਤੇ ਵੀ ਮੁਸਲਮਾਨ ਪੂਰੇ ਨਹੀਂ ਉਤਰਦੇ।ਇਸ ਕਰਕੇ ਇਹਨਾਂ ਨੂੰ ਭਾਰਤ ਵਿੱਚ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਹੀ ਰਹਿਣਾ ਪਵੇਗਾ।ਅੱਜ ਜਦੋਂ ਵੀ ਭਾਜਪਾ ਵੱਲੋਂ ਮੁਸਲਮਾਨਾਂ ਨਾਲ ਵਿਤਕਰਾ ਕਰਨ ਦਾ ਦੋਸ਼ ਲਗਦਾ ਹੈ ਤਾਂ ਭਾਜਪਾ ਦਾ ਉੱਤਰ ਹੁੰਦਾ ਹੈ ਕਿ ਸਰਕਾਰ ਵੱਲੋਂ ਗ਼ਰੀਬਾਂ ਲਈ ਬਣੀਆਂ ਸਕੀਮਾਂ ਅਤੇ ਉਹਨਾਂ ਦੇ ਲਾਭ ਬਿਨਾਂ ਵਿਤਕਰਾ ਘੱਟ-ਗਿਣਤੀਆਂ ਨੂੰ ਦਿੱਤੇ ਜਾਂਦੇ ਹਨ।ਭਾਜਪਾ ਦੇ ਇਸ ਉੱਤਰ ਵਿੱਚ ਇਕ ਤਰ੍ਹਾਂ ਇਹ ਸੁਨੇਹਾ ਹੈ ਕਿ ਮੁਕੰਮਲ ਹਿੰਦੂ ਰਾਸ਼ਟਰ ਬਣਨ ਬਾਅਦ ਸੰਵਿਧਾਨ ਦੀ ਥਾਂ ਮਨੂੰ-ਸਮ੍ਰਿਤੀ ਲਾਗੂ ਕਰਨ ਨਾਲ ਇਹ ਸਕੀਮਾਂ ਦੇਸ਼ ਦੇ ਪੂਰਨ ਨਾਗਰਿਕਾਂ (ਹਿੰਦੂਆਂ) ਤੱਕ ਰਾਖਵੀਆਂ ਵੀ ਕੀਤੀਆਂ ਜਾ ਸਕਦੀਆਂ ਹਨ, ਪਰ ਦੂਜੇ ਵਿਤਕਰਿਆਂ ਲਈ ਭਾਜਪਾ ਕੋਲ ਕੋਈ ਉੱਤਰ ਨਹੀਂ ਹੈ। ਇਹਨਾਂ ਵਿੱਚ ਧਰਮ ਬਦਲਣ ਲਈ ਆਗਿਆ, ਆਪਣੇ ਧਰਮ ਤੋਂ ਬਾਹਰ ਸ਼ਾਦੀ ਕਰਵਾਉਣ ਲਈ ਆਗਿਆ, ਲਵ-ਜਿਹਾਦ, ਭੂਮੀ-ਜਿਹਾਦ, ਵਿਸ਼ੇਸ਼ ਦਿਨਾਂ 'ਤੇ ਮੀਟ ਦੀਆਂ ਦੁਕਾਨਾਂ ਖੋਲ੍ਹਣ ਦੀ ਮਨਾਹੀ, ਵਿਸ਼ੇਸ਼ ਥਾਂਵਾਂ 'ਤੇ ਮੁਸਲਮਾਨਾਂ ਨੂੰ ਦੁਕਾਨਾਂ ਖੋਲ੍ਹਣ ਦੀ ਮਨਾਹੀ, ਸਫ਼ਰ ਅਤੇ ਜਨਤਕ ਥਾਂਵਾਂ 'ਤੇ ਮੁਸਲਮਾਨਾਂ ਦੀ ਸੁਰੱਖਿਆ ਪ੍ਰਤੀ ਅਣਦੇਖੀ, ਬੁਲਡੋਜ਼ਰ ਇਨਸਾਫ਼ ਵਰਗੇ ਵਿਤਕਰੇ ਸ਼ਾਮਲ ਹਨ।ਭਾਵ ਇਹਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾ ਦਿੱਤਾ ਗਿਆ ਹੈ। ਮਸੀਤਾਂ-ਮਸਜਿਦਾਂ ਉੱਤੇ ਕਬਜ਼ੇ ਕਰਨੇ, ਮੁਸਲਮਾਨਾਂ ਦੀ ਲਿੰਚਿੰਗ ਕਰਨੀ ਆਦਿ ਸਭ ਕੁਝ ਹਿੰਦੂ-ਰਾਸ਼ਟਰ ਬਣਨ ਤੋਂ ਪਹਿਲਾਂ ਹੀ ਹੋ ਰਿਹਾ ਹੈ।

ਫ਼ਿਲਹਾਲ ਇਹ ਵਿਤਕਰੇ ਮੁਸਲਮਾਨਾਂ ਅਤੇ ਈਸਾਈਆਂ ਤੱਕ ਸੀਮਿਤ ਹਨ।ਹਾਲਾਂਕਿ ਸਿੱਖ ਧਰਮ ਦਾ ਹਿੰਦੂ ਧਰਮ ਸਮੇਤ ਕਿਸੇ ਵੀ ਧਰਮ ਨਾਲ਼ ਕੋਈ ਟਕਰਾਅ ਨਹੀਂ ਹੈ, ਪਰ ਭਾਜਪਾ ਅਤੇ ਆਰ ਐੱਸ ਐੱਸ ਸਿੱਖਾਂ ਨੂੰ ਵੀ ਆਪਣੇ ਟਕਰਾਅ ਵਿੱਚ ਲਿਆਉਂਦੀ ਹੈ।ਸਿੱਖ ਸੋਚਦੇ ਹੋਣਗੇ ਕਿ ਸਿੱਖਾਂ ਵਿਰੁੱਧ ਅਜਿਹਾ ਕੁਝ ਨਹੀਂ ਹੋਵੇਗਾ, ਪਰ ਵਰਤਮਾਨ ਵਿੱਚ ਸਿੱਖਾਂ ਸੰਬੰਧੀ ਆਰ ਐੱਸ ਐੱਸ ਦੀ ਸੋਚ ਤੋਂ ਸਿੱਖਾਂ ਨੂੰ ਆਪਣਾ ਭਵਿੱਖ ਪੜ੍ਹ ਲੈਣਾ ਚਾਹੀਦਾ ਹੈ।ਆਰ ਐੱਸ ਐੱਸ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਇੱਕ ਫ਼ਿਰਕਾ ਮੰਨਦੀ ਹੈ।ਆਰ ਐੱਸ ਐੱਸ ਅਨੁਸਾਰ ਸਿੱਖ ਗੁਰੂਆਂ ਨੇ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ।'ਖਾਲਸਾ ਸਾਜਨਾ' ਦੀ ਘਟਨਾ ਨੂੰ ਆਰ ਐੱਸ ਐੱਸ ਦਸਵੇਂ ਗੁਰੂ ਵੱਲੋਂ ਮੁਗ਼ਲਾਂ ਨਾਲ ਲੜਨ ਲਈ 'ਹਥਿਆਰਬੰਦ ਦਸਤਾ' ਬਣਾਉਣਾ ਕਿਹਾ ਜਾਂਦਾ ਹੈ।ਉਪਰੋਕਤ ਦੋਨੋਂ ਧਾਰਨਾਵਾਂ ਗ਼ਲਤ ਹਨ। ਉਪਰੋਕਤ ਧਾਰਨਾਵਾਂ ਦੇ ਉੱਤਰ ਦੇ ਨਾਲ-ਨਾਲ ਸਿੱਖਾਂ ਲਈ ਇਹ ਵਿਸ਼ੇ ਕੁਝ ਹੋਰ ਬਿੰਦੂ ਹਨ, ਜੋ ਵੋਟ ਕਰਨ ਤੋਂ ਪਹਿਲਾਂ ਵਿਚਾਰਨੇ ਚਾਹੀਦੇ ਹਨ।

1) ਬਿਨਾਂ ਸ਼ੱਕ ਸਾਰੇ ਗੁਰੂ ਸਾਹਿਬਾਨਾਂ ਦਾ ਪਿਛੋਕੜ ਹਿੰਦੂ ਧਰਮ ਨਾਲ ਹੈ, ਪਰ ਗੁਰਬਾਣੀ ਵਿੱਚ ਮੂਰਤੀ ਪੂਜਾ ਦਾ ਖੰਡਨ ਅਤੇ ਦੇਵਤਾਵਾਦ ਦਾ ਖੰਡਨ ਹੈ, ਕਿਉਂਕਿ ਗੁਰਬਾਣੀ ਕੇਵਲ 'ਇੱਕ ਈਸ਼ਵਰ' ਵਿੱਚ ਵਿਸ਼ਵਾਸ ਰੱਖਦੀ ਹੈ, ਜੋ ਅਮੂਰਤ ਹੈ, ਜੰਮਣ ਮਰਨ ਤੋਂ ਰਹਿਤ ਆਪਣੇ-ਆਪ ਤੋਂ ਹੈ।ਗੁਰਬਾਣੀ ਵਿੱਚ ਇਸ ਵਿਚਾਰਧਾਰਾ ਨੇ ਇੱਕ ਵੱਖਰੇ ਸੱਭਿਆਚਾਰ ਦੀ ਨੀਂਹ ਰੱਖੀ, ਜਿਸ ਵਿੱਚ ਬਹੁਤ ਸਾਰੇ ਹਿੰਦੂ ਕਰਮ-ਕਾਂਡਾਂ ਨੂੰ ਕੋਈ ਥਾਂ ਨਹੀਂ ਹੈ।ਇਸ ਲਈ ਦਸਾਂ ਗੁਰੂਆਂ ਦਾ ਕਾਰਜ ਸਿਰਫ਼ ਹਿੰਦੂ ਧਰਮ ਦੀ ਰਾਖੀ ਲਈ ਨਹੀਂ ਸੀ। ਨਾ ਹੀ ਗੁਰੂ ਗੋਬਿੰਦ ਸਿੰਘ ਨੇ ਕੇਵਲ ਹਿੰਦੂ ਧਰਮ ਦੀ ਰਾਖੀ ਲਈ ਮੁਗ਼ਲਾਂ ਨਾਲ ਲੜਾਈਆਂ ਕੀਤੀਆਂ, ਕਿਉਂਕਿ ਗੁਰੂ ਗੋਬਿੰਦ ਸਿੰਘ ਦੀਆਂ ਦੋ ਲੜਾਈਆਂ ਤਾਂ ਹਿੰਦੂ ਪਹਾੜੀ ਰਾਜਿਆਂ ਨਾਲ਼ ਵੀ ਹੋਈਆਂ ਹਨ।

2) ਸਿੱਖਾਂ ਨੂੰ ਆਰ ਐੱਸ ਐੱਸ ਅਤੇ ਭਾਜਪਾ ਤੋਂ ਪੁੱਛਣਾ ਪਏਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਰਾਬਰ 'ਸਿੱਖ ਸੰਗਤ' ਕਿਉਂ ਬਣਾ ਰੱਖੀ ਹੈ?

3) ਦੂਜੇ ਸੂਬਿਆਂ ਵਾਂਗ ਭਾਸ਼ਾ 'ਤੇ ਅਧਾਰਤ ਪੰਜਾਬੀ-ਸੂਬੇ ਲਈ ਐਜੀਟੇਸ਼ਨਾਂ ਸਮੇਂ ਐਜੀਟੇਸ਼ਨਾਂ ਦਾ ਵਿਰੋਧ ਕਿਉਂ ਕੀਤਾ ਅਤੇ 1961 ਦੀ ਜਨਗਣਨਾ ਵਿੱਚ ਹਿੰਦੀ ਪ੍ਰੈੱਸ ਅਤੇ ਜਨਸੰਘ (1980 ਤੱਕ ਭਾਜਪਾ ਦਾ ਪਹਿਲਾ ਨਾਂਅ) ਨੇ ਪੰਜਾਬੀ ਹਿੰਦੂਆਂ ਨੂੰ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਉਣ ਲਈ ਅਪੀਲਾਂ ਕਿਉਂ ਕੀਤੀਆਂ ?

4) ਆਰ ਐੱਸ ਐੱਸ ਅਤੇ ਭਾਜਪਾ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਕਿਸਾਨਾਂ ਨੂੰ 'ਖ਼ਾਲਿਸਤਾਨੀ' ਅਤੇ ਆਤੰਕਵਾਦੀ ਕਿਉਂ ਕਹਿੰਦੀ ਹੈ?

5) ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਪੰਜਾਬ ਦੀ ਸਰਹੱਦ ਬੰਦ ਕਿਉਂ ਕਰ ਰੱਖੀ ਹੈ?

6) ਲਖੀਮਪੁਰ ਖੀਰੀ (ਯੂ ਪੀ) ਵਿਖੇ ਜਿਸ ਮੰਤਰੀ ਦੇ ਪੁੱਤਰ ਨੇ ਸ਼ਰੇਆਮ ਚਾਰ ਕਿਸਾਨ ਸ਼ਹੀਦ ਕੀਤੇ, ਉਸ ਨੂੰ ਭਾਜਪਾ ਨੇ ਕੇਂਦਰੀ ਮੰਤਰੀ ਕਿਉਂ ਬਣਾ ਰੱਖਿਆ ਅਤੇ ਹੁਣ ਲੋਕ ਸਭਾ ਦਾ ਟਿਕਟ ਕਿਉਂ ਦੇ ਦਿੱਤਾ ?

7) ਜੇਲ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਕਰ ਲੈਣ ਉਪਰੰਤ ਵੀ ਜੇਲ੍ਹਾਂ ਤੋਂ ਬੰਦੀ ਸਿੰਘਾਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਗਿਆ ?

8) ਦਿੱਲੀ, ਯੂ ਪੀ ਅਤੇ ਬਿਹਾਰ ਵਿੱਚ ਆਰ ਐੱਸ ਐੱਸ ਦੇ ਸ਼ਕਤੀਸ਼ਾਲੀ ਸੰਗਠਨ ਹਨ। 1984 ਵਿੱਚ ਸਿੱਖਾਂ ਦੀ ਕਤਲੋ-ਗ਼ਾਰਤ ਸਮੇਂ ਦਿੱਲੀ ਅਤੇ ਦੇਸ਼ ਦੇ ਵੱਖ-ਵੱਖ ਥਾਂਵਾਂ ਉੱਤੇ ਆਰ ਐੱਸ ਐੱਸ ਦੇ ਇਹ ਸੰਗਠਨ ਸਿੱਖਾਂ ਦੀਆਂ ਜਾਨਾਂ ਬਚਾਉਣ ਲਈ ਸੜਕਾਂ 'ਤੇ ਕਿਉਂ ਨਹੀਂ ਆਏ? ਜੇਕਰ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਜਯੋਤੀ ਬਾਸੂ ਕਲਕੱਤਾ ਸਮੇਤ ਸਾਰੇ ਬੰਗਾਲ ਵਿੱਚ ਕਾਮਰੇਡਾਂ ਨੂੰ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਕਰਨ ਦੇ ਆਦੇਸ਼ ਦੇ ਸਕਦਾ ਸੀ ਤਾਂ ਆਰ ਐੱਸ ਐੱਸ, ਬਜਰੰਗ ਦਲ ਅਤੇ ਭਾਜਪਾ ਨੇ ਆਪਣੇ ਸੰਗਠਨਾਂ ਨੂੰ ਅਜਿਹੇ ਆਦੇਸ਼ ਕਿਉਂ ਨਹੀਂ ਦਿੱਤੇ?

ਆਰ ਐੱਸ ਐੱਸ ਅਤੇ ਭਾਜਪਾ ਦਾ ਅਸਲੀ ਚਿਹਰਾ ਪਹਿਚਾਨਣ ਲਈ ਉੱਪਰ ਦਿੱਤਾ ਕਿਤਾਬਚਾ ਸਿੱਖਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਨੂੰ ਪੜ੍ਹਨਾ ਲਾਜ਼ਮੀ ਹੈ। ਉਸ ਵਿੱਚ ਸਪੱਸ਼ਟ ਲਿਖਿਆ ਹੈ ਕਿ ਜੇਕਰ ਇਹਨਾਂ ਨੇ ਭਾਰਤ ਵਿੱਚ ਰਹਿਣਾ ਹੋਵੇ ਤਾਂ ਇਹਨਾਂ ਨੂੰ ਆਪਣਾ-ਆਪਣਾ ਸੱਭਿਆਚਾਰ ਤਿਆਗ ਕੇ ਆਪਣੇ-ਆਪ ਨੂੰ ਹਿੰਦੂ-ਧਰਮ ਅਤੇ ਹਿੰਦੂ-ਸੱਭਿਆਚਾਰ ਵਿੱਚ ਆਤਮਸਾਤ ਕਰਨਾ ਹੋਵੇਗਾ। 2024 ਦੀਆਂ ਇਹਨਾਂ ਚੋਣਾਂ ਵਿੱਚ ਭਾਜਪਾ ਵੱਲੋਂ ਪੰਜਾਬ ਅਤੇ ਪੰਜਾਬੋਂ ਬਾਹਰ ਦਿੱਤੇ ਉਮੀਦਵਾਰਾਂ ਨੂੰ ਉਪਰੋਕਤ ਪ੍ਰਸ਼ਨ ਜ਼ਰੂਰ ਪੁੱਛਣੇ ਚਾਹੀਦੇ ਹਨ। ਹੁਣ ਤੱਕ ਦੀ ਸਾਡੀ ਜਾਣਕਾਰੀ ਅਨੁਸਾਰ ਪੰਜਾਬ ਤੋਂ ਇਲਾਵਾ ਬੰਗਾਲ ਵਿੱਚ ਆਸਨਸੋਲ ਤੋਂ ਭਾਜਪਾ ਦਾ ਸਿੱਖ ਉਮੀਦਵਾਰ ਹਰਦੀਪ ਸਿੰਘ ਪੁਰੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਆਸਨਸੋਲ ਲੋਕ ਸਭਾ ਹਲਕੇ ਤੋਂ ਇਲਾਵਾ ਕਲਕੱਤਾ ਤੱਕ ਵੱਸਦੇ ਸਿੱਖਾਂ ਨੂੰ ਹਰਦੀਪ ਸਿੰਘ ਪੁਰੀ ਤੋਂ ਇਹ ਪ੍ਰਸ਼ਨ ਵਾਰ-ਵਾਰ ਪੁੱਛਣੇ ਚਾਹੀਦੇ ਹਨ।ਪੱਛਮੀ ਬੰਗਾਲ ਵਿੱਚ ਤਾਂ 'ਮਮਤਾ ਦੀਦੀ' ਅਤੇ ਟੀ ਐੱਮ ਸੀ ਤੋਂ ਇਹ ਵੀ ਪੁੱਛਣਾ ਬਣਦਾ ਹੈ ਕਿ ਪੱਛਮੀ ਬੰਗਾਲ ਵਿੱਚੋਂ 'ਲੈਫ਼ਟ ਫ਼ਰੰਟ' ਨੂੰ ਸੱਤਾ ਤੋਂ ਹਟਾਉਣ ਲਈ ਉਸ ਨੇ ਆਰ ਐੱਸ ਐੱਸ ਦੇ ਸੰਗਠਨਾਂ ਤੋਂ ਮਦਦ ਕਿਉਂ ਲਈ ਖੱਬੇ ਮੋਰਚੇ ਦੀ ਚੌਂਤੀ ਸਾਲ ਸਰਕਾਰ ਹੁੰਦਿਆਂ ਸੱਤ ਚੋਣਾਂ ਵਿੱਚ ਪੱਛਮੀ ਬੰਗਾਲ ਦੀ ਵਿਧਾਨ ਸਭਾ ਲਈ ਅਤੇ ਦਿੱਲੀ ਦੀ ਪਾਰਲੀਮੈਂਟ ਲਈ ਭਾਜਪਾ ਇੱਕ ਵੀ ਉਮੀਦਵਾਰ ਜਿਤਾ ਨਹੀਂ ਸਕੇ, ਮਮਤਾ ਦੀਦੀ ਸਮੇਂ ਭਾਜਪਾ ਦੇ 72 ਐੱਮ ਐੱਲ ਏ ਅਤੇ 18 ਲੋਕ ਸਭਾ ਮੈਂਬਰ ਕਿਵੇਂ ਪਹੁੰਚ ਗਏ। ਮਮਤਾ ਦੀਦੀ ਭਾਜਪਾ ਸਰਕਾਰ ਦੀ ਕੇਂਦਰੀ ਕੈਬਨਿਟ ਵਿੱਚ ਦੋ ਵਾਰ ਕੈਬਨਿਟ ਮੰਤਰੀ ਕਿਉਂ ਬਣੀ?

2024 ਦੀਆਂ ਲੋਕ ਸਭਾ ਚੋਣਾਂ ਭਾਰਤ ਦੇ ਸਾਂਝੇ ਸੱਭਿਆਚਾਰ (ਗੰਗਾ-ਜਮਨਾ ਤਹਿਜ਼ੀਬ) ਦੀ ਤੰਦਰੁਸਤੀ ਅਤੇ ਰਾਖੀ ਲਈ ਅਤਿ ਮਹੱਤਵਪੂਰਨ ਹਨ। ਇਸ ਸੱਭਿਆਚਾਰ ਦੀ ਰਾਖੀ ਲਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਸਭ ਦੇ ਸਾਂਝੇ ਯਤਨਾਂ ਨਾਲ ਭਾਜਪਾ ਦੀਆਂ ਵਿਖੰਡਨਕਾਰੀ ਸ਼ਕਤੀਆਂ ਨੂੰ ਸੱਤਾ ਤੋਂ ਬਾਹਰ ਕਰਨਾ ਜ਼ਰੂਰੀ ਹੋਵੇਗਾ।

**# ਸੰਪਰਕ : 94176-52947**

# ਪੁੱਡੂਚੇਰੀ ਯੂਨੀਵਰਸਿਟੀ 'ਚ ਨਾਟਕ ਨੂੰ ਲੈ ਕੇ ਸੰਘੀਆਂ ਵੱਲੋਂ ਹੰਗਾਮਾ

**ਨਰਭਿੰਦਰ**

ਧਰਮ ਜਦੋਂ ਰਾਜਨੀਤੀ ਦੀ ਮੰਡੀ ਦਾ ਵਸਤ ਬਣ ਜਾਵੇ ਤਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਅਲਾਪ ਬਹੁਤ ਵਧ ਜਾਂਦਾ ਹੈ। ਪਿਛਲੇਰੇ ਦੌਰ 'ਚ ਧਰਮ ਰਾਜਨੀਤੀ ਦੀ ਮੰਡੀ ਦੇ ਹੱਥ ਇੱਕ ਤਾਕਤਵਰ ਹਥਿਆਰ ਬਣ ਕੇ ਸਾਹਮਣੇ ਆਇਆ ਹੈ। ਕਿਸੇ ਸਮੇਂ ਧਰਮ ਸੱਤਾਧਾਰੀ ਧਿਰ ਲਈ ਅਵਾਮ ਨੂੰ ਸੰਮੋਹਕ ਕਰਨ ਦਾ ਹਥਿਆਰ ਵੀ ਸੀ। ਰਾਜ ਵੱਲੋਂ ਗੁਲਾਮ ਬਣਾ ਕੇ ਰੱਖਣ ਦਾ ਸੰਦ ਵੀ। ਵਿਸ਼ੇਸ਼ ਕਰਕੇ ਮਨੂੰ ਸਿਮਰਤੀ ਤਾਂ ਕੁਝ ਅਜਿਹਾ ਹੀ ਜ਼ਾਹਿਰ ਕਰਦੀ ਹੈ। ਕਬੀਲਿਆਈ ਦੌਰ ਵਿੱਚ ਮਿੱਥਾਂ ਤੇ ਕਥਾਵਾਂ ਰਾਹੀਂ ਅਵਾਮ ਨੂੰ ਸੱਤਾ ਦੀ ਸਰਦਾਰੀ ਕਬੂਲਣ ਅਤੇ ਉਸ ਦੀ ਰਜ਼ਾ ਵਿੱਚ ਜੀਉਣ ਦਾ ਪਾਠ ਪੜ੍ਹਾਇਆ ਜਾਂਦਾ ਸੀ। ਮਹਾਂਭਾਰਤ ਤੇ ਰਮਾਇਣ ਵੱਖ-ਵੱਖ ਸੱਤਾਧਾਰੀ ਵਰਗਾਂ ਵਿਚਕਾਰ ਸੱਤਾ ਹਾਸਲ ਕਰਨ ਦੇ ਬਿਰਤਾਂਤਾਂ ਦਾ ਸਾਰ ਹੀ ਹੈ ਅਤੇ ਇਨ੍ਹਾਂ ਸੰਬੰਧੀ ਵੱਖ-ਵੱਖ ਸਮੇਂ ਚਰਚਾ ਹੁੰਦੀ ਰਹੀ ਹੈ। ਸੈਂਕੜੇ ਅਲੋਚਨਾਵਾਂ ਇਤਿਹਾਸ ਫਰੋਲਿਆਂ ਮਿਲ ਜਾਣਗੀਆਂ। ਭਗਤੀ ਲਹਿਰ ਭਾਵ ਦਸਤਕਾਰੀ ਯੁੱਗ ਵਿੱਚ ਇਸ ਨੂੰ ਆਪਣੇ ਢੰਗ ਨਾਲ ਚਰਚਾ ਵਿੱਚ ਲਿਆਂਦਾ ਤੇ ਇੱਕ ਨਵੀਂ ਜੀਵਨ-ਜਾਚ ਦਾ ਗੁਰ ਦਿੱਤਾ। ਅਜੋਕੇ ਪੂੰਜੀਵਾਦ ਦੇ ਦੌਰ 'ਚ ਜਦੋਂ ਮਨੁੱਖੀ ਅਧਿਕਾਰਾਂ ਤੇ ਆਜ਼ਾਦੀਆਂ ਦੇ ਡੂੰਘੇ ਤੇ ਨਵੇਂ ਅਰਥ ਸਾਹਮਣੇ ਆ ਰਹੇ ਹਨ, ਪੁਰਾਤਨ ਪਰੰਪਰਾਵਾਂ ਮਿੱਥਾਂ ਨੂੰ ਤਰਕ ਤੇ ਵਿਗਿਆਨ ਦੀ ਕਸਵੱਟੀ ਉੱਤੇ ਰੱਖ ਕੇ ਇਨ੍ਹਾਂ ਦੀਆਂ ਵਿਆਖਿਆਵਾਂ ਸਾਹਮਣੇ ਆ ਰਹੀਆਂ ਹਨ। ਅੱਜ ਜਦੋਂ ਕਾਰਪੋਰੇਟੀ ਪੂੰਜੀ ਸੱਤਾ ਉਤੇ ਮੁਕੰਮਲ ਚੌਧਰ (ਤਾਨਾਸ਼ਾਹੀ) ਸਥਾਪਤ ਕਰਨ ਵੱਲ ਤੇਜ਼ੀ ਨਾਲ ਵਧ ਰਹੀ ਹੈ ਤਾਂ ਉਸ ਲਈ ਤਰਕ, ਦਲੀਲ ਤੇ ਨਵ ਵਿਚਾਰ ਕਦਾਚਿਤ ਬਰਦਾਸ਼ਤ ਨਹੀਂ। ਇਹ ਪੂੰਜੀ ਕੱਟੜਵਾਦੀ ਤਾਕਤਾਂ ਨੂੰ ਉਭਾਰ ਕੇ ਤੇ ਸ਼ਹਿ ਦੇ ਕੇ ਸਮਾਜ ਵਿੱਚ ਇੱਕ ਫਾਸ਼ਿਸ਼ਟ ਮਹੌਲ ਸਿਰਜਣ ਵੱਲ ਵਧ ਰਹੀ ਹੈ।

ਪਿਛਲੇ ਦਿਨੀਂ ਅਜਿਹਾ ਇੱਕ ਮਾਮਲਾ ਪੁਡੂਚਰੀ ਕੇਂਦਰੀ ਯੂਨੀਵਰਸਿਟੀ ਦਾ ਸਾਹਮਣੇ ਆਇਆ ਹੈ। ਜਿੱਥੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਲੱਠਮਾਰਾਂ ਨੇ ਇੱਕ ਨਾਟਕ ਨੂੰ ਨਿਸ਼ਾਨਾ ਬਣਾਇਆ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਇਲਜ਼ਾਮ ਲਾ ਕੇ ਖ਼ੂਬ ਹੋ-ਹੱਲਾ ਕੀਤਾ। ਯੂਨੀਵਰਸਿਟੀ ਪ੍ਰਸ਼ਾਸਨ ਨੇ ਆਪਣੇ ਹੀ ਡਿਪਾਰਟਮੈਂਟ ਆਫ਼ ਪਰਫਾਰਮਿੰਗ ਆਰਟਸ ਦੇ ਮੁਖੀ ਨੂੰ ਬਲੀ ਦਾ ਬੱਕਰਾ ਬਣਾ ਕੇ ਅਸਤੀਫ਼ਾ ਲੈ ਲਿਆ ਅਤੇ ਕਲਾਪੇਟ ਥਾਣੇ ਦੀ ਪੁਲਸ ਨੇ ਨਾਟਕ 'ਸੋਮਯਾਨਮ' ਦੇ ਨਿਰਦੇਸ਼ਕ ਤੇ ਕਲਾਕਾਰ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ। ਹਾਲਾਂਕਿ 31 ਮਾਰਚ ਨੂੰ ਰਜਿਸਟਰਾਰ ਨੇ ਇਹ ਕਿਹਾ ਸੀ ਕਿ ਇੱਕ ਜਾਂਚ ਟੀਮ ਬਣਾ ਦਿੱਤੀ ਗਈ ਹੈ, ਜਿਸ ਦੀ ਰਿਪੋਰਟ ਪਿੱਛੋਂ ਉਸ ਦੇ ਆਧਾਰ 'ਤੇ ਕਾਰਵਾਈ ਹੋਵੇਗੀ, ਪਰ ਜਾਂਚ ਕਮੇਟੀ ਦੇ ਗਠਨ ਤੋਂ ਪਹਿਲਾਂ ਹੀ ਵਿਦਿਆਰਥੀਆਂ, ਅਧਿਆਪਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸੱਭਿਆਚਾਰ ਵਿਭਾਗ ਦੇ ਮੁਖੀ ਤੋਂ ਜਬਰੀ ਅਸਤੀਫ਼ਾ ਲੈਣਾ ਆਪਣੇ-ਆਪ ਵਿੱਚ ਇੱਕ ਗੈਰ ਜਮਹੂਰੀ ਕਦਮ ਹੈ। ਉੱਥੇ ਮਾਸਟਰ ਆਫ਼ ਪਰਫਾਰਮਿੰਗ ਆਰਟਸ ਦੇ ਪਹਿਲੇ ਸਾਲ ਦੇ ਵਿਦਿਆਰਥੀ ਪਸ਼ਪ ਰਾਜ, ਮਿਥੁਨ, ਕ੍ਰਿਸ਼ਨਨਾ, ਸ੍ਰੀ ਪਾਰਵਤੀ, ਅਦਿੱਤਯ ਧਾਂਧੀ ਆਦਿ 'ਤੇ ਨਾਟਕ 'ਚ ਪੇਸ਼ਕਾਰੀ ਕਰਨ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਗਿਆ ਹੈ।

ਪਿਛਲੀ 29 ਮਾਰਚ ਨੂੰ ਪੁਡੂਚੇਰੀ ਯੂਨੀਵਰਸਿਟੀ ਦੇ ਸੱਭਿਆਚਾਰਕ ਵਿਭਾਗ ਨੇ ਸਾਲਾਨਾ ਨਾਟ ਉਤਸਵ 'ਇੰਝਨੀ 2 ਕੇ 24' ਦਾ ਆਯੋਜਨ ਕੀਤਾ ਸੀ ਜਿਸ ਵਿੱਚ ਨਾਟਕ ਸੋਮਯਾਨਮ ਵੀ ਖੇਡਿਆ ਗਿਆ ਸੀ। ਨਾਟਕ ਦਾ ਪ੍ਰਦਰਸ਼ਨ ਖੁੱਲ੍ਹੇ ਹਾਲ ਵਿੱਚ ਕੀਤਾ ਗਿਆ ਸੀ। ਸੱਭਿਆਚਾਰਕ ਵਿਭਾਗ ਦੇ ਮੁਖੀ ਤੇ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਤੋਂ ਇਲਾਵਾ ਸੈਂਕੜੇ ਵਿਦਿਆਰਥੀਆਂ ਨਾਲ ਹਾਲ ਭਰਿਆ ਪਿਆ ਸੀ। ਇਨ੍ਹਾਂ ਨੇ ਸਮੇਂ-ਸਮੇਂ ਨਾਟਕ ਤੋਂ ਆਨੰਦਤ ਹੋ ਕੇ ਤਾੜੀਆਂ ਵੀ ਮਾਰੀਆਂ, ਨਾਟਕ ਨੇ ਦਰਸ਼ਕਾਂ ਨੂੰ ਕੀਲਿਆ ਵੀ, ਪਰ ਕਿਸੇ ਨੇ ਕੋਈ ਇਤਰਾਜ਼ ਨਹੀਂ ਜਤਾਇਆ। ਦੂਸਰੇ ਦਿਨ 30 ਮਾਰਚ ਨੂੰ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ 15-20 ਹੁੱਲੜਬਾਜ਼ ਆਏ ਅਤੇ ਸੱਭਿਆਚਾਰਕ ਸਮਾਗਮ ਦੇ ਬਾਹਰ 'ਜੈ ਸ੍ਰੀ ਰਾਮ' ਦੇ ਨਾਅਰੇ ਲਾਉਣ ਲੱਗੇ। ਭਗਵੇਂ ਝੰਡਿਆਂ ਨਾਲ ਲੈਸ ਇਸ ਹੁੱਲੜਬਾਜ਼ ਫੌਜ ਨੇ ਨਾਟਕ ਸੋਮਯਾਨਮ ਦੇ ਨਿਰਦੇਸ਼ਕ 'ਤੇ ਵਿਭਾਗੀ ਮੁਖੀ ਵਿਰੁੱਧ ਵੀ ਨਾਹਰੇਬਾਜ਼ੀ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਟਕ ਵਿੱਚ ਹਿੰਦੂ ਧਰਮ ਦੇ ਦੇਵੀ-ਦੇਵਤਿਆਂ ਦਾ ਅਪਮਾਨ ਕੀਤਾ ਗਿਆ ਹੈ।'

ਨਾਟਕ-ਥੇਰੁਕੁਥੁ ਸ਼ੈਲੀ (ਸਟਰੀਟ ਪਲੇਅ) ਵਿੱਚ ਲਿਖਿਆ ਤੇ ਖੇਡਿਆ ਗਿਆ ਹੈ। ਇਸ ਵਿੱਚ ਹਾਸਾ-ਮਜ਼ਾਕ ਵੀ ਹੈ ਅਤੇ ਗੰਭੀਰਤਾ ਵੀ। ਦਰਅਸਲ ਵਿੱਚ ਸੋਮਯਾਨਮ ਨਾਟਕ ਔਰਤ ਦੀ ਆਜ਼ਾਦੀ ਅਤੇ ਬਰਾਬਰੀ ਦਾ ਹੋਕਾ ਦੇਣ ਵਾਲਾ ਹੈ। ਸੰਖੇਪ ਵਿੱਚ ਕਥਾ ਇਹ ਹੈ ਕਿ ਇਕ ਪੜ੍ਹੀ-ਲਿਖੀ ਗੀਤਾ ਨਾਂਅ ਦੀ ਔਰਤ ਜੰਗਲ ਦੇ ਇਕਾਂਤ ਵਿੱਚ ਜਾਣ ਲਈ ਰੋਮਾਂਚਿਤ ਹੁੰਦੀ ਹੈ ਅਤੇ ਇਸ ਸਮੇਂ ਔਰਤ ਦੀ ਨਰਾਜ਼ਗੀ ਦੇ ਚੱਲਦਿਆਂ ਇੱਕ ਹੋਰ ਮਰਦ ਸ਼ਾਇਦ ਜੀਜਾ ਵੀ ਉਹਦੇ ਨਾਲ ਜਾਣ ਲਈ ਤਿਆਰ ਹੋ ਜਾਂਦਾ ਹੈ। ਜੰਗਲ ਵਿੱਚ ਕੁਝ ਘਟਨਾਵਾਂ ਵਾਪਰਦੀਆਂ ਹਨ, ਜਿੱਥੇ ਇੱਕ ਜੰਗਲ ਦੀ ਔਰਤ ਨਾਲ ਹਿੰਸਾ ਹੁੰਦੀ ਹੈ, ਹਿੰਸਾ ਕਰਨ ਵਾਲਿਆਂ 'ਚ ਉਹਦੇ ਸਾਥੀ ਹੀ ਹਨ। ਗੀਤਾ ਨਾਰਾਜ਼ ਹੋ ਜਾਂਦੀ ਹੈ। ਉਧਰ ਹਿੰਸਾ ਦੀ ਸ਼ਿਕਾਰ ਔਰਤ ਦਾ ਭਰਾ ਬਵਾਨਾ ਬਦਲਾ ਲੈਣ ਲਈ ਪਹੁੰਚਦਾ ਹੈ। ਉਹ ਗੁੱਸੇ ਵਿੱਚ ਹੈ ਗੀਤਾ ਕੁਲ ਪਹੁੰਚਦਾ ਹੈ। ਅਗਵਾ ਹੋਣ ਦਾ ਸੀਨ ਹੈ, ਗੀਤਾ ਨਾਲ ਉਹਦਾ ਸੰਵਾਦ ਚਲਦਾ ਹੈ, ਮਜ਼ਾਕੀਆ ਵੀ ਤੇ ਗੰਭੀਰ ਵੀ। ਆਧੁਨਿਕ ਗੀਤਾ ਕਹਿੰਦੀ ਹੈ ਕਿ ਉਹ ਸ਼ਾਦੀਸ਼ੁਦਾ ਹੈ, ਪਰ ਉਸ ਦੀ ਦੋਸਤ ਬਣ ਸਕਦੀ ਹੈ। ਗੀਤਾ ਉਸ ਨੂੰ ਮੀਟ ਵੀ ਪਰੋਸ ਕੇ ਦਿੰਦੀ ਹੈ ਤੇ ਗੀਤਾ ਤੇ ਬਵਾਨਾ ਨਾਚ ਵੀ ਕਰਦੇ ਹਨ। ਇਸੇ ਤਰ੍ਹਾਂ ਇਸ ਨਾਟਕ ਵਿੱਚ ਇੱਕ ਹੋਰ ਪਾਤਰ ਹੈ, ਜਿਹੜਾ ਆਪਣੇ ਨਾਲ ਐਨਟੀਨਾ ਬੰਨੀ ਫਿਰਦਾ ਹੈ। ਮਨੁੱਖੀ ਸ਼ਕਲ ਵਿੱਚ ਪੇਸ਼ ਕੀਤੇ ਗਏ ਇਸ ਪਾਤਰ ਦੀ ਭੂਮਿਕਾ ਗੀਤਾ ਦੰਪਤੀ ਉਹਦੇ ਰਿਸ਼ਤੇਦਾਰ ਅਤੇ ਗੀਤਾ ਨਾਲ ਸੰਪਰਕ ਕਰਨ ਸਮੇਂ ਇਸ ਐਨਟੀਨੇ ਦੀ ਵਰਤੋਂ ਕਰਨ ਵਜੋਂ ਹੁੰਦੀ ਹੈ। ਪੂਰੇ ਨਾਟਕ ਵਿੱਚ ਕੋਈ ਅਸ਼ਲੀਲਤਾ ਨਹੀਂ, ਧਾਰਮਿਕ ਕੁਮੈਂਟ ਨਹੀਂ, ਚੁਲਬੁਲੀ ਕਟਾਕਸ਼, ਭਾਸ਼ਾ, ਦਰਸ਼ਕਾਂ ਦਾ ਮਨੋਰੰਜਨ ਵੀ ਕਰਦੀ ਹੈ ਤੇ ਗੰਭੀਰਤਾ ਵੀ ਕਹਾਣੀ 'ਚ ਔਰਤ ਨੂੰ ਮਰਦ ਦੇ ਬਰਾਬਰ ਦੀ ਹੈਸੀਅਤ ਵਿੱਚ ਖੁਦ ਫੈਸਲੇ ਲੈਣ ਵਾਲਾ ਦਿਖਾਇਆ ਗਿਆ ਹੈ ਤੇ ਪੁਰਾਤਨ ਮਿੱਥਾਂ, ਮਾਨਤਾਵਾਂ ਨੂੰ ਨਿਸ਼ਾਨਾ ਵੀ ਬਣਾਇਆ ਗਿਆ ਹੈ।

ਪਰ ਸੰਘੀ ਹੁੱਲੜਬਾਜ਼ਾਂ ਨੇ ਇਹ ਦੋਸ਼ ਲਾਇਆ ਕਿ ਇਹਦੇ 'ਚ ਸਾਡੇ ਦੇਵੀ-ਦੇਵਤਿਆਂ ਦਾ ਮਜ਼ਾਕ ਉਡਾਇਆ ਗਿਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਗੀਤਾ ਦੇ ਪਾਤਰ ਰਾਹੀਂ ਮਾਤਾ ਸੀਤਾ ਦਾ ਮਜ਼ਾਕ ਉਡਾਇਆ ਗਿਆ ਹੈ ਤੇ ਬਵਾਨਾ ਪਾਤਰ ਰਾਵਣ ਦਾ ਰੂਪ ਹੈ, ਜਿਸ ਨੂੰ ਗੀਤਾ ਮਾਸ ਵੀ ਪੇਸ਼ ਕਰ ਰਹੀ ਹੈ, ਉਨ੍ਹਾਂ ਦੇ ਦੋਸ਼ ਮੁਤਾਬਕ ਬੀਫ਼ (ਗਊ ਮਾਸ) ਅਤੇ ਨਾਲ ਨੱਚ ਵੀ ਰਹੀ ਹੈ। ਇਵੇਂ ਐਨਟੀਨਾ ਲੱਗਾ ਅਰਧ ਮਾਨਵ ਪਾਤਰ ਸਿਰਜ ਕੇ ਹਨੂੰਮਾਨ ਦਾ ਮਜ਼ਾਕ ਉਡਾਇਆ ਗਿਆ ਹੈ, ਆਦਿ-ਆਦਿ।

ਹਾਲਾਂਕਿ ਨਾਟਕ ਨਿਰਦੇਸ਼ਕ ਤੇ ਕਲਾਕਾਰ ਮਿਥੁਨ ਕ੍ਰਿਸ਼ਨਨ ਨੇ ਸਾਫ਼ ਕੀਤਾ ਹੈ ਕਿ ਇਹ ਇਕ ਕਾਲਪਨਿਕ ਨਾਟਕ ਹੈ, ਇਸ 'ਚ ਕਿਸੇ ਵੀ ਧਰਮ ਦਾ ਮਜ਼ਾਕ ਉਡਾਉਣ ਬਾਰੇ ਕੋਈ ਵੀ ਕੁਮੈਂਟ ਨਹੀਂ, ਸਗੋਂ ਔਰਤ ਦੀ ਪੇਸ਼ਕਾਰੀ ਰਾਹੀਂ ਮਰਦ ਪ੍ਰਧਾਨਗੀ ਵਾਲੇ ਸਮਾਜ ਦੇ ਸਿਧਾਂਤਾਂ ਨੂੰ ਬੇਪੜਦ ਕੀਤਾ ਗਿਆ ਹੈ, ਇਹ ਔਰਤ ਦੀ ਪੀੜਾ ਤੇ ਮਨੋਸਥਿਤੀ ਪੇਸ਼ ਕਰਨ ਵਾਲੀ ਪੇਸ਼ਕਾਰੀ ਸੀ। ਇਸ ਨੂੰ ਰਾਮ ਕਥਾ ਤੋਂ ਪ੍ਰੇਰਤ ਜ਼ਰੂਰ ਕਿਹਾ ਜਾ ਸਕਦਾ ਹੈ, ਪਰ ਨਾਟਕ ਦਾ ਉਸ ਨਾਲ ਕੋਈ ਸੰਬੰਧ ਨਹੀਂ। ਵੈਸੇ ਵੀ ਭਾਰਤ ਵਿੱਚ ਰਮਾਇਣ ਦੇ ਤਿੰਨ ਸੌ ਤੋਂ ਵੱਧ ਪਾਠ ਉਪਲੱਬਧ ਹਨ? ਤੁਲਸੀ ਤੇ ਬਾਲਮੀਕਿ ਦੀ ਰਮਾਇਣ ਤੋਂ ਇਲਾਵਾ ਦੱਖਣ ਵਿੱਚ ਪ੍ਰਚਲਤ ਰਮਾਇਣਾਂ ਦੇ ਪਾਠਾਂ ਨੂੰ ਵਾਚੀਏ ਤਾਂ ਤੁਲਸੀ ਤੇ ਬਾਲਮੀਕਿ ਵਾਲੀ ਧਾਰਮਿਕਤਾ ਜਾਂ ਸ਼ਰਧਾ ਉਨ੍ਹਾਂ ਵਿੱਚੋਂ ਨਹੀਂ ਮਿਲਦੀ।

ਪਰ ਸੰਘੀ ਹੁੱਲੜਬਾਜ਼ਾਂ ਨੂੰ ਲੇਖਕ, ਕਲਾਕਾਰ, ਸ਼ਿਲਪਕਾਰ ਦੀ ਰਚਨਾਤਮਕਤਾ ਹਜ਼ਮ ਨਹੀਂ ਆਉਂਦੀ। ਇਹ ਪਹਿਲੀ ਮਿਸਾਲ ਨਹੀਂ। ਯਾਦ ਹੋਵੇਗਾ ਕਿ ਦਿੱਲੀ ਯੂਨੀਵਰਸਿਟੀ ਦੇ ਸਿਲੇਬਸ ਵਿੱਚ ਦੱਖਣੀ ਇਤਿਹਾਸਕਾਰ ਰਾਮਾਨੁਜ ਦਾ ਉਹ ਲੇਖ ਜਿਸ ਵਿੱਚ ਤਿੰਨ ਸੌ ਰਮਾਇਣਾਂ ਦਾ ਸੰਖੇਪ 'ਚ ਮੁਤਾਲਿਆ ਕੀਤਾ ਸੀ, ਨੂੰ ਵਾਪਸ ਲੈਣ ਲਈ 2011 ਵਿੱਚ ਵੀ ਹੰਗਾਮਾ ਕੀਤਾ ਸੀ ਤੇ ਸਿਲੇਬਸ ਵਿੱਚੋਂ ਬਾਹਰ ਕਰਨ ਤੱਕ ਦਬਾਅ ਪਾਇਆ ਸੀ। ਇਵੇਂ ਦੀ ਹੀ ਘਟਨਾ ਆਈ ਆਈ ਟੀ ਮੁੰਬਈ ਨਾਲ ਸੰਬੰਧਤ ਹੈ। ਜਿੱਥੇ ਇੱਕ ਨਾਟਕ ਦੇ ਸੰਵਾਦ ਉੱਤੇ ਸੰਘੀ ਲਾਣੇ ਦੇ ਹੁੱਲੜਬਾਜ਼ਾਂ ਨੇ ਹੋ-ਹੱਲਾ ਮਚਾਇਆ ਸੀ। ਉਸ ਨਾਟਕ ਦੇ ਸੰਵਾਦਾਂ ਵਿੱਚ ਕੁਝ ਵੀ ਇਤਰਾਜ਼ਯੋਗ ਨਹੀਂ, ਸਗੋਂ ਪੁਰਾਤਨ ਮੱਧ ਵਰਗੀ ਔਰਤਾਂ ਪ੍ਰਤੀ ਮਰਦ ਪ੍ਰਧਾਨ ਦੀ ਮਾਨਸਿਕਤਾ ਉਤੇ ਹੀ ਚੋਟ ਸੀ। ਕੁਝ ਸੰਵਾਦ ਸਾਂਝੇ ਕਰ ਰਹੇ ਹਾਂ:-

(ਰਾਮ) ਪਾਤਰ ਕਹਿੰਦਾ ਹੈ-ਤੂੰ ਕਿਸੇ ਦੂਸਰੇ ਕੁੱਲ ਵਿੱਚ ਜਾ ਕੇ ਕਿਸੇ ਹੋਰ ਮਰਦ ਦੇ ਰਹਿ ਕੇ ਆਈ ਹੈਂ। ਇਸ ਲਈ ਕਬੀਲਾ ਤੈਨੂੰ ਸਵੀਕਾਰ ਨਹੀਂ ਕਰਦਾ।

ਸੀਤਾ ਪਾਤਰ ਕਹਿੰਦਾ ਹੈ-ਦੂਸਰਾ ਮਰਦ? ਕੀ ਮੈਂ ਕੈਦੀ ਨਹੀਂ ਸਾਂ?

ਰਾਮ ਕਹਿੰਦਾ ਹੈ-ਤੂੰ ਕਬੀਲੇ ਦੀ ਸੀਮਾ ਉਲੰਘੀ ਹੈ।

ਸੀਤਾ ਕਹਿੰਦੀ ਹੈ-ਸਵਾਮੀ ਇੱਕ ਅਜਿਹੇ ਰਾਜ ਵਿੱਚ ਇੱਕ ਇਕੱਲੀ ਸੁਹਾਗਣ ਦਿਲ ਸੰਭਾਲ ਕੇ ਸਾਥ-ਕਰੇ।

ਰਾਮ ਕਹਿੰਦਾ ਹੈ-ਤੂੰ ਕੁਝ ਨਹੀਂ ਕਹੇਂਗੀ। ਬਸ ਮੇਰੀ ਸੁਣੇਂਗੀ।

ਸੀਤਾ ਕਹਿੰਦੀ ਹੈ-ਮਰਦ ਨਿਕਲਿਆ ਨਾ। ਇਨਸਾਨੀਅਤ ਭੁੱਲ ਗਈ।

ਸੀਤਾ ਕਹਿੰਦੀ ਹੈ-ਉਥੇ ਇਕ ਅਲੱਗ ਦੁਨੀਆ ਹੈ

ਰਾਮ ਕਹਿੰਦਾ ਹੈ-ਹੁਣ ਇੱਕ ਔਰਤ ਹੋ ਕੇ ਮੈਨੂੰ ਸਮਝਾਵੇਂਗੀ?

ਸੀਤਾ ਦਾ ਇੱਕ ਹੋਰ ਡਾਇਲਾਗ ਹੈ-ਤੁਸੀਂ ਜਸ਼ਨ ਮਨਾ ਰਹੇ ਹੋ ਕਿ ਦਾਨਵ ਨੂੰ ਮਾਰ ਦਿੱਤਾ। ਅਸਲ ਦਾਨਵ ਤਾਂ ਤੁਸੀਂ ਅਜੇ ਤੱਕ ਅੰਦਰੋਂ ਮਾਰਿਆ ਹੀ ਨਹੀਂ।

ਉਪਰੋਕਤ ਸੰਵਾਦ ਕੀ ਹੈ? ਕੀ ਇਹ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ ਜਾਂ ਮਰਦ ਪ੍ਰਧਾਨ ਮਾਨਸਿਕਤਾ ਨੂੰ ਕਟਹਿਰੇ 'ਚ ਖੜ੍ਹਾ ਕਰਕੇ ਤਿੱਖਾ ਹਮਲਾ ਕਰਨ ਵਾਲਾ ਹੈ।

ਅਜਿਹੀਆਂ ਕਈ ਮਿਸਾਲਾਂ ਹਨ ਜਦੋਂ ਕੱਟੜਪੰਥੀਆਂ ਨੇ 'ਧਾਰਮਿਕ ਭਾਵਨਾਵਾਂ' ਆਹਤ ਹੋਣ ਦੇ ਨਾਂਅ ਹੇਠ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ, ਜੋ ਮਨੁੱਖੀ ਸਮਾਜਿਕ ਬਣਤਰ ਤੇ ਮਨੁੱਖੀ ਰਿਸ਼ਤਿਆਂ ਵਿੱਚ ਪੁਰਾਤਨ ਪਰੰਪਰਾਗਤ ਗਲਤ ਧਾਰਨਾਵਾਂ ਉਤੇ ਨਿਸ਼ਾਨਾ ਸਾਧ ਕੇ ਨਵੀਆਂ ਬਰਾਬਰੀ ਦੀਆਂ ਧਾਰਨਾਵਾਂ ਪਿਓਂਦਨੀਆਂ ਤੇ ਸਥਾਪਤ ਕਰਨਾ ਚਾਹੁੰਦੇ ਹਨ। ਇਹ ਲੋਕ ਔਰਤ ਪਾਸੋਂ ਪਵਿੱਤਰਤਾ ਤੇ ਸਤੀ ਸਵਿਤਰੀ ਦਾ ਸਰਟੀਫਿਕੇਟ ਤਾਂ ਮੰਗਦੇ ਹਨ, ਪਰ ਮਦਦ ਸਮੇਂ ਇਸ ਉੱਤੇ ਖਾਮੋਸ਼ ਹੋ ਜਾਂਦੇ ਹਨ। ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇਸ਼ ਦੀ ਉੱਚ ਵਿੱਦਿਆ ਦੀ ਉਹ ਕਿਹੜੀ ਸੰਸਥਾ ਹੈ, ਜਿੱਥੇ ਵਿਵਾਦ ਨਹੀਂ ਖੜ੍ਹਾ ਕੀਤਾ।

ਵਿਦਿਆਰਥੀ ਜਥੇਬੰਦੀ ਦੇ ਨਾਂਅ ਹੇਠ ਸੰਘੀ ਹੁੱਲੜਬਾਜ਼ ਗਾਲੀ-ਗਲੋਚ ਤੇ ਹਿੰਸਾ ਦੀ ਭਾਵਨਾ ਨਾਲ ਦਹਿਸ਼ਤਜ਼ਦਾ ਕਰਦੇ ਹਨ। ਪੁਡੂਚੇਰੀ ਯੂਨੀਵਰਸਿਟੀ ਦੀਆਂ ਔਰਤ ਅਧਿਆਪਕਾਵਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਮੋਬਾਈਲ ਨੰਬਰਾਂ ਉੱਤੇ ਧਮਕੀਆਂ ਆਈਆਂ ਹਨ। ਉਨ੍ਹਾਂ ਲਿਖਤ ਸ਼ਿਕਾਇਤ ਵਿੱਚ ਕਿਹਾ ਹੈ ਕਿ ਇਸ ਲਈ ਇੰਸਟਾਗ੍ਰਾਮ ਦੀ ਵਰਤੋਂ ਨਾਲ ਅਸ਼ਲੀਲ ਸੰਦੇਸ਼ ਤੇ ਧਮਕੀਆਂ ਭੇਜੀਆਂ ਜਾ ਰਹੀਆਂ ਹਨ, ਪਰ ਜਿਹੜਾ ਯੂਨੀਵਰਸਿਟੀ ਪ੍ਰਸ਼ਾਸਨ ਬਿਨਾਂ ਜਾਂਚ ਰਿਪੋਰਟ ਆਉਣ ਤੋਂ ਵਿਭਾਗ ਦੇ ਮੁਖੀ ਤੋਂ ਅਸਤੀਫ਼ਾ ਲੈ ਲੈਂਦਾ ਹੈ, ਜਿਹੜੀ ਪੁਲਸ ਬਿਨਾਂ ਜਾਂਚ-ਪੜਤਾਲ ਦੇ ਨਾਟਕਕਾਰ, ਨਿਰਦੇਸ਼ਕ ਤੇ ਲੇਖਕ ਤੇ ਕਲਾਕਾਰਾਂ ਉੱਤੇ ਮੁਕੱਦਮਾ ਦਰਜ ਕਰ ਲੈਂਦੀ ਹੈ। ਅਧਿਆਪਕਾਂ ਦੀ ਲਿਖਤੀ ਸ਼ਿਕਾਇਤ ਉਤੇ ਵੀ ਕੁਝ ਨਹੀਂ ਕਰ ਰਹੀ। ਉਧਰ ਇੱਕ ਅਪ੍ਰੈਲ 24 ਨੂੰ ਵਿਭਾਗੀ ਮੁਖੀ ਤੋਂ ਅਸਤੀਫ਼ਾ ਲੈਣ ਤੇ ਪੁਲਸ ਕੇਸ ਦਰਜ ਹੋਣ ਪਿੱਛੋਂ ਯੂਨੀਵਰਸਿਟੀ ਕੈਂਪਸ ਵਿੱਚੋਂ ਵਿਸ਼ੇਸ਼ ਕਰਕੇ ਵਿਦਿਆਰਥਣਾਂ ਕੈਂਪਸ ਛੱਡ ਕੇ ਘਰਾਂ ਨੂੰ ਚਲੇ ਗਈਆਂ ਹਨ, ਕਿਉਂਕਿ ਸੰਘੀ ਜਥੇਬੰਦੀ ਵੱਲੋਂ ਯੂਨੀਵਰਸਿਟੀ ਕੈਂਪਸ ਵਿੱਚ ਹਿੰਸਕ ਅਤੇ ਅਸ਼ਲੀਲ ਪ੍ਰਚਾਰ ਕੀਤਾ ਜਾ ਰਿਹਾ ਸੀ। ਪ੍ਰਸ਼ਾਸਨ ਨੇ ਇਸ ਪ੍ਰਤੀ ਕੋਈ ਮੁਸਤੈਦੀ ਵਰਤਣ ਦੀ ਲੋੜ ਨਹੀਂ ਸਮਝੀ। ਹੁਣ ਜਦੋਂ ਵੱਖ-ਵੱਖ ਢੰਗਾਂ ਨਾਲ ਪਹਿਲਾਂ ਹੀ ਪ੍ਰੋਫ਼ੈਸਰਾਂ, ਵਿਦਿਆਰਥੀਆਂ ਨੂੰ ਸਜ਼ਾਵਾਂ ਦੇਣ ਦੀਆਂ ਕਾਰਵਾਈਆਂ ਹੋ ਚੁੱਕੀਆਂ ਹਨ, ਅਜਿਹੀ ਹਾਲਤ ਵਿੱਚ ਬੈਠਾਈ ਗਈ ਜਾਂਚ ਕਮੇਟੀ ਭਲਾ ਕੀਤੇ ਕਿਹੋ ਜਿਹੀ ਰਿਪੋਰਟ ਦੇਵੇਗੀ? ਇੱਕ ਗੈਰ ਸਰਕਾਰੀ ਚਿਹਰਾ-ਏ ਬੀ ਵੀ ਪੀ ਯੂਨੀਵਰਸਿਟੀ ਤੇ ਪੁਲਸ ਪ੍ਰਸ਼ਾਸਨ ਨੂੰ ਨਿਰਦੇਸ਼ਤ ਕਰ ਰਿਹਾ ਹੈ। ਜਦੋਂ ਯੂਨੀਵਰਸਿਟੀਆਂ 'ਚ ਅਜਿਹਾ ਮਹੌਲ ਪਨਪ ਰਿਹਾ ਹੋਵੇ ਤਾਂ ਰਚਨਾਤਮਿਕਤਾ ਤੇ ਰਚਨਾਸ਼ੀਲਤ ਨੂੰ ਕਿਹੋ ਜਿਹੇ ਸੰਤਾਪੇ ਦੌਰ ਨੂੰ ਹੰਢਾਉਣਾ ਪੈ ਰਿਹਾ ਹੈ, ਇਹ ਦੇਖਿਆ ਜਾ ਸਕਦਾ ਹੈ। ਸਿਤਮ ਦੀ ਗੱਲ ਕਿ ਪੁਡੂਚੇਰੀ ਯੂਨੀਵਰਸਿਟੀ ਵਿੱਚ ਸਿਰਫ਼ 15-20 ਵਿਦਿਆਰਥੀ ਪ੍ਰੀਸ਼ਦ ਦੇ ਮੈਂਬਰਾਂ ਤੋਂ ਇਲਾਵਾ ਬਾਕੀ ਸਾਰੇ ਵੀ ਹਿੰਦੂ ਵਿਦਿਆਰਥੀ ਹੀ ਸਨ ਜਾਂ ਹਿੰਦੂ ਪ੍ਰੋਫ਼ੈਸਰ, ਪਰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਆਹਤ ਨਹੀਂ ਹੋਈਆ।

ਜਿਵੇਂ ਅਸੀਂ ਉਪਰ ਜ਼ਿਕਰ ਕੀਤਾ ਹੈ ਕਿ ਰਮਾਇਣ ਦੇ 300 ਤੋਂ ਵੱਧ ਪਾਠ ਮਿਲਦੇ ਹਨ। ਹਰ ਦੌਰ ਵਿੱਚ ਰਾਮ ਕਥਾ ਦੀ ਨਵੀਂ ਵਿਆਖਿਆ ਹੁੰਦੀ ਰਹੀ ਹੈ। ਕਿਤੇ ਰਾਵਣ ਨੂੰ ਪੂਜਿਆ ਜਾਂਦਾ ਹੈ, ਕਿਤੇ ਸਾੜਿਆ। ਸ਼ਾਇਦ ਕੱਟੜਵਾਦੀ ਇਸ ਹਕੀਕਤ ਨੂੰ ਵੀ ਕਬੂਲ ਨਾ ਕਰਨ ਕਿ ਹਿੰਦੂ ਕੋਈ ਧਰਮ ਹੀ ਨਹੀਂ। ਰਮਾਇਣ, ਮਹਾਂਭਾਰਤ ਕਥਾਵਾਂ ਹਨ। ਜੇ ਪ੍ਰਚਲਿਤ ਅਤੇ ਭਾਰੂ ਫਿਲਾਸਫ਼ੀ ਰਹੀ ਹੈ ਤਾਂ ਉਹ ਹੈ ਬ੍ਰਾਹਮਣੀ ਫਿਲਾਸਫ਼ੀ, ਜਿਸ ਦੇ ਵਾਹਕ ਮਨੂੰ ਵਰਗੇ ਹਨ, ਜਿਨ੍ਹਾਂ ਦੀਆਂ ਸਿਮਰਤੀਆਂ 'ਚ ਰਾਜ ਤੇ ਸਮਾਜ ਦੇ ਸੰਚਾਲਣ ਦੇ ਨਿਯਮ ਉੱਕਰੇ ਹੋਏ ਹਨ। ਔਰਤਾਂ ਪ੍ਰਤੀ ਮਾਨਸਿਕਤਾ ਦਾ ਜੋ ਬੋਝ ਚੁੱਕੀ ਫਿਰਦੇ ਹਨ, ਉਹ ਇਨ੍ਹਾਂ ਸਿਮਤੀਆਂ ਵੱਲੋਂ ਪਿਓਂਦਿਆਂ ਹੋਇਆ ਹੈ। ਰਾਸ਼ਟਰੀ ਸੋਇਮ ਸੇਵਕ ਸੰਘ ਪਿਛਲੇਰੇ 100 ਸਾਲ ਤੋਂ ਇਸ ਕੁੰਠਤ ਮਾਨਸਿਕਤਾ ਅਤੇ ਲੱਕੜਸਿਰੀ ਧਾਰਮਿਕ ਜੜ੍ਹਤਾ ਦਾ ਪ੍ਰਚਾਰ-ਪ੍ਰਸਾਰ ਕਰਦੀ ਆ ਰਹੀ ਹੈ, ਜਿਸ ਦੀ ਗ੍ਰਿਫ਼ਤ ਵਿੱਚ ਨੌਜਵਾਨਾਂ ਦਾ ਇਹ ਵਰਗ ਹੈ। ਜਿਹਨੂੰ ਨਾ ਧਰਮ ਬਾਰੇ ਗਿਆਨ ਹੈ, ਨਾ ਸਮਾਜ ਬਾਰੇ, ਨਾ ਸੱਭਿਆਚਾਰ ਬਾਰੇ, ਨਾ ਹੀ ਫਿਲਾਸਫ਼ੀ ਬਾਰੇ, ਇਤਿਹਾਸਕ ਸਾਹਿਤ ਤੇ ਵਿਸ਼ਵ ਗਿਆਨ ਤੋਂ ਕੋਰੇ ਇਹ ਲੱਠਮਾਰ ਸਿਰਫ਼ ਇਸੇ ਮੰਤਵ ਲਈ ਤਿਆਰ ਕੀਤੇ ਜਾ ਰਹੇ ਹਨ, ਜਿਸ ਦਾ ਪ੍ਰਗਟਾਅ ਉਹ ਦੇਸ਼ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਕਰ ਰਹੇ ਹਨ। ਇਹ ਵਰਤਾਰਾ ਪਿਛਲੇ 10 ਸਾਲ ਤੋਂ ਦੇਸ਼ ਭਰ ਦੇ ਵਿਦਿਅਕ ਅਦਾਰਿਆਂ 'ਚ ਚੱਲ ਰਿਹਾ ਹੈ। ਮੌਲਿਕ ਰਚਨਾਤਮਕਤਾ ਤੇ ਵਿਅਕਤੀ ਦੀ ਆਜ਼ਾਦੀ ਤੇ ਵਿਚਾਰ ਪ੍ਰਗਟਾਵੇ ਨੂੰ ਦਬਾਉਣ ਵਾਲਾ ਤਾਨਾਸ਼ਾਹ ਮਹੌਲ ਇਕ ਖ਼ਤਰਨਾਕ ਵਰਤਾਰਾ ਹੈ। ਦੇਸ਼ ਭਰ ਦੇ ਸਾਹਿਤਕ ਹਲਕਿਆਂ, ਸਾਹਿਤ ਤੇ ਕਲਾਕਾਰਾਂ ਦੀਆਂ ਜਥੇਬੰਦੀਆਂ ਰੰਗ ਮੰਚ ਦੇ ਅਦਾਰਿਆਂ ਨੂੰ ਇਸ ਵਿਰੁੱਧ ਆਵਾਜ਼ ਉਠਾਉਣ ਦੀ ਲੋੜ ਹੈ ਤੇ ਮੰਗ ਕਰਨੀ ਬਣਦੀ ਹੈ ਕਿ ਨਾਟਕ ਨਿਰਦੇਸ਼ਕ ਤੇ ਕਲਾਕਾਰਾਂ ਉਤੇ ਬਣਾਏ ਫਰਜ਼ੀ ਕੇਸ ਵਾਪਸ ਲਏ ਜਾਣ, ਪੁਡੂਚੇਰੀ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ਼ ਪਰਫਾਰਮਿੰਗ ਆਰਟ ਦੇ ਮੁਖੀ ਨੂੰ ਬਹਾਲ ਕੀਤਾ ਜਾਵੇ ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵੱਲੋਂ ਯੂਨੀਵਰਸਿਟੀ ਵਿੱਚ ਦਹਿਸ਼ਤਜ਼ ਦਾ ਮਹੌਲ ਬਣਾਉਣ, ਵਿਦਿਆਰਥਣਾ ਤੇ ਔਰਤ ਅਧਿਆਪਕਾਂ ਨੂੰ ਅਸ਼ਲੀਲ ਤੇ ਬਲਾਤਕਾਰ ਕਰਨ ਵਾਲੇ ਧਮਕੀ ਭਰੇ ਸੰਦੇਸ਼ ਭੇਜਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹ ਤਰਕ ਵਿਹੂਣੇ ਗੁਲਾਮ ਸਮਾਜ ਸਿਰਜਣ ਵੱਲ ਵਧ ਰਹੇ ਹਨ। ਸਾਨੂੰ ਇਸ ਵਿਰੁੱਧ ਨਾ ਸਿਰਫ਼ ਆਵਾਜ਼ ਉਠਾਉਣੀ ਪਵੇਗੀ, ਸਗੋਂ ਜਾਗਰੂਕ ਲਹਿਰ ਵੀ ਉਸਾਰਨੀ ਪਵੇਗੀ।

***# ਸੰਪਰਕ : 93544-30211***

19-APRIL-PAGE-5.qxd 4/18/2024 10:32 PM Page 1



# ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਦਾ ਵਿਰੋਧ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਵੱਲੋਂ ਮੌੜ ਮੰਡੀ ਵਿਖੇ ਹਲਕਾ ਬਠਿੰਡਾ ਤੋਂ ਭਾਜਪਾ ਦੇ ਉਮੀਦਵਾਰ ਪਰਮਪਾਲ ਕੌਰ ਮਲੂਕਾ ਵੱਲੋਂ ਚੋਣ ਪ੍ਰਚਾਰ ਕਰਨ ਪਹੁੰਚਣ 'ਤੇ ਉਸ ਨੂੰ ਕਾਲੀਆਂ ਝੰਡੀਆਂ ਨਾਲ ਅਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕਰਕੇ ਵਿਰੋਧ ਕੀਤਾ ਗਿਆ, ਜਿਸ ਦੌਰਾਨ ਪੁਲਸ ਵੱਲੋਂ ਸ਼ਾਂਤਮਈ ਵਿਰੋਧ ਕਰ ਰਹੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਗਿਆ, ਜਿਸ ਕਾਰਨ ਕਈ ਕਿਸਾਨਾਂ ਦੀਆਂ ਪੱਗਾਂ ਵੀ ਲਹਿ ਗਈਆਂ।

ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਹਕੂਮਤ ਵੱਲੋਂ ਲਿਆਂਦੇ ਕਾਰਪੋਰੇਟ ਪੱਖੀ ਅਤੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਇਕ ਸਾਲ ਤੋਂ ਜ਼ਿਆਦਾ ਸਮਾਂ ਦਿੱਲੀ ਦੇ ਬਾਰਡਰਾਂ 'ਤੇ ਬੈਠ ਕੇ ਮੋਰਚੇ ਲਾਉਣ ਲਈ ਮਜਬੂਰ ਕੀਤਾ, ਜਿਸ ਦੌਰਾਨ ਕਿਸਾਨਾਂ ਤੇ ਔਰਤਾਂ ਦੀਆਂ ਸਾਡੇ ਸੱਤ ਸੌ ਤੋਂ ਉਪਰ ਸ਼ਹੀਦੀਆਂ ਹੋਈਆਂ ਤੇ ਉਸ ਤੋਂ ਬਾਅਦ ਇਸ ਮੋਰਚੇ ਦੌਰਾਨ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕੀਤੀਆਂ ਗਈਆਂ।ਇਨ੍ਹਾਂ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਨੂੰ ਦੁਬਾਰਾ ਲਾਗੂ ਕਰਾਉਣ ਲਈ ਦਿੱਲੀ ਜਾ ਰਹੇ ਕਿਸਾਨਾਂ ਨੂੰ ਹਰਿਆਣਾ ਦੇ ਬਾਰਡਰਾਂ 'ਤੇ ਹੀ ਰੋਕ ਕੇ ਉਨ੍ਹਾਂ ਦਾ ਸੰਘਰਸ਼ ਕਰਨ ਦਾ ਜਮਹੂਰੀ ਅਧਿਕਾਰ ਖੋਹ ਲਿਆ ਹੈ।

ਕਿਸਾਨ ਆਗੂਆਂ ਨੇ ਕਿਹਾ ਭਾਜਪਾ ਦੀ ਇਸ ਧੱਕੇਸ਼ਾਹੀ ਦੇ ਖਿਲਾਫ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਜਪਾ ਦੇ ਉਮੀਦਵਾਰਾਂ ਤੇ ਹੋਰ ਆਗੂਆਂ ਦਾ ਵਿਰੋਧ ਜਾਰੀ ਰਹੇਗਾ।

ਇਕੱਠ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਜਸਵੀਰ ਸਿੰਘ ਸੇਮਾ, ਬਲਾਕ ਪ੍ਰਧਾਨ ਰਾਜਵਿੰਦਰ ਸਿੰਘ ਰਾਮਨਗਰ ਤੇ ਬਲਾਕ ਆਗੂ ਅਮ੍ਰਿਤ ਸਿੰਘ ਮੌੜ, ਗੁਰਜੀਤ ਸਿੰਘ ਬੰਗੇਹਰ, ਭੂਰਾ ਸਿੰਘ ਡਿੱਖ, ਭੋਲਾ ਸਿੰਘ ਮਾੜੀ, ਗੁਰਦੀਪ ਸਿੰਘ ਮਾਈਸਰਖਾਨਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੇ ਅਮਰਜੀਤ ਸਿੰਘ ਹਨੀ, ਮਹਿੰਦਰ ਸਿੰਘ ਬਾਲਿਆਂਵਾਲੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਦੇ ਗੁਰਜੰਟ ਸਿੰਘ, ਜਗਜੀਤ ਸਿੰਘ ਕੋਟਸ਼ਮੀਰ ਅਤੇ ਕਿਸਾਨ ਮਜ਼ਦੂਰ ਤੇ ਮਾਵਾਂ-ਭੈਣਾਂ ਸ਼ਾਮਲ ਸਨ।

# ਗੈਂਗਸਟਰ ਬੰਬੀਹਾ ਗਰੁੱਪ ਦੇ 2 ਮੈਂਬਰ ਨਜਾਇਜ਼ ਅਸਲੇ ਸਮੇਤ ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ, ਗੁਰਮੀਤ ਸਿੰਘ ਮੱਕੜ)**-ਐਸ.ਆਈ ਕੁਲਬੀਰ ਚੰਦ ਇੰਚਾਰਜ ਸੀ.ਆਈ.ਏ ਮਲੋਟ ਟੀਮ ਤੇ ਏਜੀਟੀਐਫ ਟੀਮ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਗੈਂਗਸਟਰ ਬੰਬੀਹਾ ਗਰੁੱਪ ਨਾਲ ਸਬੰਧ ਰੱਖਦੇ 02 ਵਿਅਕਤੀਆਂ ਨੂੰ ਇੱਕ ਅਲਟੋ ਕਾਰ ਤੇ 02 ਪਿਸਟਲ .32 ਬੋਰ 10 ਰੌਂਦ ਜ਼ਿੰਦਾ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ ਗਈ।

ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ) ਨੇ ਦੱਸਿਆ ਕਿ ਸੀ.ਆਈ.ਏ ਮਲੋਟ ਪੁਲਸ ਦੇ ਏ.ਐਸ.ਆਈ ਬਲਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਟੀਮ ਦੇ ਏ.ਐਸ.ਆਈ ਬੂਟਾ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ ਬਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬਠਿੰਡਾ ਚੌਂਕ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਨਮੋਲਦੀਪ ਸਿੰਘ ਮਾਨ ਪੁੱਤਰ ਗੁਰਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ ਵਾਸੀ ਆਧਨੀਆ ਅਤੇ ਗੁਰਮੀਤ ਸਿੰਘ ਪੁੱਤਰ ਸੁਖਮੰਦਰ ਸਿੰਘ ਪੁੱਤਰ ਨੈਬ ਸਿੰਘ ਵਾਸੀ ਪਿੰਡ ਅਬੁਲ ਖੁਰਾਣਾ ਜੋ ਕਾਰ ਅਲਟੋ ਰੰਗ ਚਿੱਟਾ ਨੰਬਰੀ ਪੀਬੀ 30 7206 ਪਰ ਸਵਾਰ ਹੋ ਕੇ, ਜਿਨ੍ਹਾਂ ਪਾਸ ਨਜਾਇਜ਼ ਅਸਲਾ ਹੈ, ਸ਼ਹਿਰ ਵਿਖੇ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਲਈ ਜਾਂ ਫਿਰੌਤੀ ਲੈਣ ਲਈ ਆ ਰਹੇ ਹਨ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਅਸਲਾ ਐਕਟ ਤਹਿਤ ਬਰਖਿਲਾਫ ਅਨਮੋਲਦੀਪ ਸਿੰਘ ਤੇ ਗੁਰਮੀਤ ਸਿੰਘ ਉਕਤਾਨ 'ਤੇ ਥਾਣਾ ਸਿਟੀ ਮਲੋਟ ਵਿਖੇ ਦਰਜ ਕੀਤਾ ਗਿਆ ਅਤੇ ਪੁਲਸ ਵੱਲੋਂ ਇੱਕ ਅਲਟੋ ਕਾਰ ਨੰਬਰੀ 30 7206 ਰੰਗ ਚਿੱਟਾ ਵਿੱਚੋਂ ਅਨਮੋਲਦੀਪ ਸਿੰਘ ਪੁੱਤਰ ਗੁਰਪ੍ਰੀਤ ਵਾਸੀ ਪਿੰਡ ਆਧਨੀਆ ਅਤੇ ਗੁਰਮੀਤ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਪਿੰਡ ਅਬੁਲ ਖੁਰਾਣਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਪੁਲਸ ਵੱਲੋਂ ਉਨ੍ਹਾਂ ਕੋਲੋਂ 02 ਪਿਸਟਲ .32 ਬੋਰ 10 ਰੌਂਦ ਜ਼ਿੰਦਾ ਬਰਾਮਦ ਕੀਤੇ ਹਨ। ਮੁੱਢਲੀ ਪੁੱਛਗਿੱਛ ਦੌਰਾਨ ਉਨ੍ਹਾਂ ਦੱਸਿਆ ਕਿ ਇਹ ਦੋਵੇ ਗੈਂਗਸਟਰ ਦਵਿੰਦਰ ਬੰਬੀਹਾ ਗਰੁੱਪ ਨਾਲ ਸਬੰਧ ਰੱਖਦੇ ਹਨ।

# ਵਿਧਾਨ ਸਭਾ ਹਲਕਾ ਵਾਈਜ਼ ਨਿਯੁਕਤ ਕੀਤੀਆਂ ਫਲਾਇੰਗ ਸੁਕੈਅਡ ਟੀਮਾਂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**
ਡਿਪਟੀ ਕਮਿਸ਼ਨਰ-ਕਮ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਸਬੰਧੀ ਚੋਣ ਜ਼ਾਬਤਾ ਅਮਲ ਵਿੱਚ ਹੈ।ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਫ਼ਰੀਦਕੋਟ ਵਿੱਚ ਪੈਂਦੇ ਸਮੂਹ ਵਿਧਾਨ ਸਭਾ ਚੋਣ ਹਲਕਿਆਂ 87-ਫਰੀਦਕੋਟ, 88-ਕੋਟਕਪੂਰਾ ਤੇ 89-ਜੈਤੋ ਲਈ ਫਲਾਇੰਗ ਸੁਕੈਅਡ ਟੀਮਾਂ ਨਿਯੁਕਤ ਕੀਤੀਆਂ ਗਈਆਂ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਹ ਟੀਮਾਂ ਚੋਣ ਜ਼ਾਬਤਾ ਸ਼ੁਰੂ ਹੋਣ ਤੋਂ ਲੈ ਕੇ ਚੋਣਾਂ ਵਾਲੇ ਦਿਨ ਤੱਕ ਕੰਮ ਕਰਨਗੀਆਂ।ਇਹ ਟੀਮਾਂ ਚੋਣ ਹਲਕੇ ਵਿੱਚ ਵੱਖ-ਵੱਖ ਥਾਂਵਾਂ 'ਤੇ ਹਰ ਵਕਤ ਗਸ਼ਤ ਕਰਨਗੀਆਂ।ਇਨ੍ਹਾਂ ਟੀਮਾਂ ਦੇ ਵਾਹਨ ਕੈਮਰਿਆਂ ਨਾਲ ਲੈੱਸ ਹਨ।ਉਨ੍ਹਾਂ ਕਿਹਾ ਕਿ ਜੇਕਰ ਚੋਣਾਂ ਸਬੰਧੀ ਕੋਈ ਵੀ ਨਗਦੀ ਵੰਡਣ ਜਾਂ ਸ਼ਰਾਬ ਵੰਡਣ ਸਬੰਧੀ ਸ਼ਿਕਾਇਤ ਧਿਆਨ ਵਿੱਚ ਆਉਂਦੀ ਹੈ ਤਾਂ ਹੇਠ ਲਿਖੇ ਅਨੁਸਾਰ ਵਿਧਾਨ ਸਭਾ ਚੋਣ ਹਲਕਿਆਂ ਲਈ ਫਲਾਇੰਗ ਸੁਕਐਂਡ ਟੀਮ ਦੇ ਨੋਡਲ ਅਫ਼ਸਰਾਂ ਨਾਲ ਸੰਪਰਕ ਕਰਕੇ ਸੂਚਨਾ ਦਿੱਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ 87-ਫ਼ਰੀਦਕੋਟ ਵਿਧਾਨ ਸਭਾ ਚੋਣ ਹਲਕੇ ਲਈ ਸ੍ਰੀ ਰਣਬੀਰ ਸਿੰਘ ਨਾਇਬ ਤਹਿਸੀਲਦਾਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਾਕਟਰ ਅੰਬੇਡਕਰ ਦਾ ਜਨਮ ਦਿਨ ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਭਾਰਤ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਸਮੂਹ ਕਿਰਤੀ ਤੇ ਸ਼੍ਰੀ ਕਿਰਸ਼ਾ ਵੱਲੋਂ ਵੱਲੋਂ ਮਨਾਇਆ ਗਿਆ ਤੇ ਉਨ੍ਹਾਂ ਦੀ ਫੋਟੋ 'ਤੇ ਮਾਲਾ ਚੜ੍ਹਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ।ਉਨ੍ਹਾਂ ਡਾਕਟਰ ਅੰਬੇਡਕਰ ਜਨਮ ਦਿਨ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਸਮਾਜ ਵਿੱਚ ਦੱਬੇ ਕੁਚਲੇ ਲੋਕਾਂ ਲਈ ਸੰਵਿਧਾਨ ਵਿੱਚ ਜਿੱਤੇ ਅਧਿਕਾਰ ਸਦਕਾ ਹੀ ਇੱਕ ਮਹਾਨ ਪੁਰਸ਼ ਬਣ ਕੇ ਉਭਰੇ ਸਨ। ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਉਚ ਸਿੱਖਿਆ ਪ੍ਰਾਪਤ ਇੱਕ ਮਹਾਨ ਵਿਦਵਾਨ ਸਨ ਤੇ ਗਰੀਬਾਂ ਦੇ ਮਸੀਹਾ ਵਜੋਂ ਜਾਣਿਆ ਜਾਂਦੇ ਸਨ।ਉਨ੍ਹਾਂ ਨੇ ਸੰਵਿਧਾਨ ਦੀ ਰਚਨਾ ਕਰਕੇ ਦੇਸ਼ ਦੀ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾਇਆ, ਜਿਸ ਕਾਰਨ ਸਮਾਜ ਦੇ ਦੱਬੇ ਕੁਚਲੇ ਵਰਗ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਤੇ ਇਸ ਮਹਾਨ ਸ਼ਖ਼ਸੀਅਤ 'ਤੇ ਪੂਰੇ ਦੇਸ਼ ਨੂੰ ਮਾਣ ਹੈ। ਸਾਨੂੰ ਸਾਰਿਆਂ ਨੂੰ ਡਾਕਟਰ ਅੰਬੇਡਕਰ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਲੋੜ ਹੈ।

## ਸ੍ਰੀ ਰਾਮ ਆਸ਼ਰਮ ਮੰਦਰ 'ਚ ਸ਼੍ਰੀਮਦ ਭਾਗਵਤ ਕਥਾ ਸ਼ੁਰੂ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ੍ਰੀ ਰਾਮ ਆਸ਼ਰਮ ਮੰਦਰ ਵਿਖੇ ਸਾਲਾਨਾ ਮੂਰਤੀ ਸਥਾਪਨਾ ਦਿਵਸ ਸਮਰੋਹ ਦੇ ਮੌਕੇ 'ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਮਦਭਾਗਵਤ ਕਥਾ ਸ਼ੁਰੂ ਹੋਈ, ਜਿਸ ਵਿੱਚ ਅਚਾਰਿਆ ਡਾਕਟਰ ਨਵੀਨ ਸ਼ਰਮਾ ਸੁਨਾਮ ਵਾਲਿਆਂ ਵੱਲੋਂ ਕਥਾ ਪ੍ਰਵਚਨ ਕੀਤਾ ਗਿਆ। ਇਸ ਮੌਕੇ ਮੰਦਰ ਕਮੇਟੀ ਦੇ ਨਾਲ ਨਾਲ ਮਹਿਲਾ ਸਕੀਰਤਨ ਮੰਡਲ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਅਚਾਰੀਆ ਡਾਕਟਰ ਨਵੀਨ ਸ਼ਰਮਾ ਨੇ ਕਿਹਾ ਕਿ ਸ੍ਰੀ ਮੰਦ ਭਾਗਵਤ ਸੁਣਨ ਨਾਲ ਪੁੰਨ ਪ੍ਰਾਪਤ ਹੁੰਦਾ ਹੈ। ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਦਗੀ ਸਫਲ ਬਣਾਉਣ ਲਈ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਪ੍ਰਭੂ ਦੇ ਸਿਮਰਨ ਕਰਨ ਨਾਲ ਸਾਰੀਆਂ ਦੁੱਖ ਤਕਲੀਫਾਂ ਦੂਰ ਹੋ ਜਾਂਦੀਆਂ ਹਨ। ਇਸ ਮੌਕੇ ਪ੍ਰਧਾਨ ਤਰੁਣ ਬਾਂਸਲ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀਮਦ ਭਾਗਵਤ ਕਥਾ ਕਰਾਈ ਜਾ ਰਹੀ ਹੈ, ਜਿਸ 'ਚ ਸ਼ਰਧਾਲੂ ਵਧ-ਚੜ੍ਹ ਕੇ ਭਾਗ ਲੈ ਰਹੇ ਹਨ। ਇਸ ਮੌਕੇ ਮੰਦਰ ਕਮੇਟੀ ਦੇ ਮੈਂਬਰ ਤੇ ਮਹਿਲਾ ਸੰਕੀਰਤਨ ਮੰਡਲ ਦੇ ਮੈਂਬਰ ਮੌਜੂਦ ਸਨ।

## ਕਾਤਰਾਂ

### ਦੋ ਪੋਲਿੰਗ ਬੂਥਾਂ ਦੀਆਂ ਇਮਾਰਤਾਂ 'ਚ ਤਬਦੀਲੀ : ਜ਼ਿਲ੍ਹਾ ਚੋਣ ਅਫ਼ਸਰ



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)** ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ (ਆਈਏਐਸ) ਨੇ ਕਿਹਾ ਕਿ ਚੋਣ ਕਮਿਸ਼ਨ ਦੀ ਪ੍ਰਵਾਨਗੀ ਨਾਲ ਜ਼ਿਲ੍ਹੇ ਵਿਚ 2 ਪੋਲਿੰਗ ਬੂਥਾਂ ਦੇ ਸਥਾਨ ਦੀ ਬਦਲੀ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ 79-ਜਲਾਲਾਬਾਦ ਅਧੀਨ ਪੈਂਦਾ ਪੋਲਿੰਗ ਬੂਥ ਨੰਬਰ 109 ਹੁਣ ਸਰਕਾਰੀ ਪ੍ਰਾਈਮਰੀ ਸਕੂਲ ਚੱਕ ਸੁਹੇਲੇ ਵਾਲਾ ਦੀ ਥਾਂ 'ਤੇ ਸਰਕਾਰੀ ਹਾਈ ਸਕੂਲ ਪਿੰਡ ਚੱਕ ਸੁਹੇਲੇ ਵਾਲਾ ਵਿਖੇ ਬਣੇਗਾ। ਅਜਿਹਾ ਪਹਿਲਾਂ ਵਾਲੇ ਸਥਾਨ ਦੇ ਤੰਗ ਰਸਤੇ ਤੇ ਥਾਂ ਘੱਟ ਹੋਣ ਕਾਰਨ ਕੀਤਾ ਗਿਆ ਹੈ। ਇਸੇ ਤਰ੍ਹਾਂ ਵਿਧਾਨ ਸਭਾ ਹਲਕਾ 82 ਬੱਲੂਆਣਾ ਦੇ ਪੋਲਿੰਗ ਬੂਥ ਨੰਬਰ 60 ਦਾ ਸਥਾਨ ਸਰਕਾਰੀ ਪ੍ਰਾਈਮਰੀ ਸਕੂਲ ਰਾਮਗੜ੍ਹ ਤੋਂ ਬਦਲ ਕੇ ਪੰਚਾਇਤ ਘਰ ਪਿੰਡ ਰਾਮਗੜ੍ਹ ਕੀਤਾ ਗਿਆ ਹੈ। ਅਜਿਹਾ ਸਕੂਲ ਦੀ ਇਮਾਰਤ ਦੇ ਅਣਸੁਰੱਖਿਅਤ ਹੋਣ ਕਾਰਨ ਕੀਤਾ ਗਿਆ ਹੈ। ਉਨ੍ਹਾਂ ਨੇ ਸਬੰਧਤ ਪੋਲਿੰਗ ਬੂਥਾਂ ਦੇ ਸਮੂਹ ਵੋਟਰਾਂ ਨੂੰ ਨਵੇਂ ਥਾਂ ਤੇ ਸਥਾਪਤ ਪੋਲਿੰਗ ਬੂਥ ਤੇ ਜਾ ਕੇ 1 ਜੂਨ ਨੂੰ ਮਤਦਾਨ ਕਰਨ ਦੀ ਅਪੀਲ ਕੀਤੀ ਹੈ।

### ਨਜਾਇਜ਼ ਸ਼ਰਾਬ ਸਮੇਤ 1 ਗ੍ਰਿਫ਼ਤਾਰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**
ਪੁਲਸ ਨੇ 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਸੁਲਤਾਨ ਸਿੰਘ ਵਾਸੀ ਮਾਛੀਵਾੜਾ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਪੁਲਸ ਪਾਰਟੀ ਸਮੇਤ ਚਰਨ ਕੰਵਲ ਸਾਹਿਬ ਚੌਂਕ ਨੇੜੇ ਗਸ਼ਤ ਕਰ ਰਿਹਾ ਸੀ ਤਾਂ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਸੁਲਤਾਨ ਸਿੰਘ ਨਾਂਅ ਦਾ ਵਿਅਕਤੀ ਜੋ ਪਿੰਡ ਚਕਲੀ ਆਦਲ ਵਿਖੇ ਦੁਕਾਨ ਕਰਦਾ ਹੈ, ਉਹ ਚੰਡੀਗੜ੍ਹ ਤੋਂ ਸਸਤੇ ਭਾਅ 'ਤੇ ਸ਼ਰਾਬ ਲਿਆ ਅੱਗੇ ਮਹਿੰਗੇ ਭਾਅ ਵੇਚਦਾ ਹੈ। ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਛਾਪੇਮਾਰੀ ਕੀਤੀ ਗਈ ਤਾਂ 12 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਤੇ ਦੁਕਾਨਦਾਰ ਸੁਲਤਾਨ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ।

### ਅਕਾਲੀ ਦਲ ਵੱਲੋਂ ਫ਼ਰੀਦਕੋਟ ਤੋਂ ਉਮੀਦਵਾਰ ਲਈ ਚੋਣ ਪ੍ਰਚਾਰ ਸ਼ੁਰੂ

**ਕੋਟਕਪੂਰਾ (ਰਛਪਾਲ ਭੁੱਲਰ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਵੱਖ-ਵੱਖ ਪਿੰਡਾਂ ਵਿੱਚ ਮਨਤਾਰ ਸਿੰਘ ਬਰਾੜ (ਮੈਂਬਰ ਕੋਰ ਕਮੇਟੀ, ਸ਼੍ਰੋਮਣੀ ਅਕਾਲੀ ਦਲ), ਸ਼ੇਰ ਸਿੰਘ ਮੰਡ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਫਰੀਦਕੋਟ ਦਿਹਾਤੀ) ਤੇ ਕੁਲਤਾਰ ਸਿੰਘ ਬਰਾੜ (ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਫ਼ਰੀਦਕੋਟ) ਦੀ ਸਰਪ੍ਰਸਤੀ ਹੇਠ ਹਲਕਾ ਕੋਟਕਪੂਰਾ ਦੇ ਸਾਰੇ ਸੀਨੀਅਰ ਅਕਾਲੀ ਆਗੂ ਤੇ ਸਾਰੇ ਸਰਕਲ ਪ੍ਰਧਾਨ ਜਿਨ੍ਹਾਂ ਵਿੱਚ ਕੁਲਦੀਪ ਸਿੰਘ ਢਿੱਲੋਂ (ਸਾਬਕਾ ਸਰਪੰਚ), ਅਮਨ ਸੰਧੂ, ਨਾਹਰ ਸਿੰਘ ਸੇਖੋਂ, ਗੁਰਪਿਆਰ ਸਿੰਘ ਦਿਓਲ (ਸਾਬਕਾ ਸਰਪੰਚ), ਜਤਿੰਦਰ ਸਿੰਘ ਸ਼ਨੀ ਮੌੜ (ਸਾਬਕਾ ਸਰਪੰਚ) ਹੁਰਾਂ ਦੀ ਮੌਜੂਦਗੀ ਵਿਚ ਚੋਣ ਪ੍ਰਚਾਰ ਕੀਤਾ ਗਿਆ।

# ਕਾਤਲਾਂ ਦੀ ਗ੍ਰਿਫ਼ਤਾਰੀ ਲਈ ਪੱਕਾ ਮੋਰਚਾ ਦੂਜੇ ਦਿਨ ਵੀ ਜਾਰੀ



**ਬੁਢਲਾਡਾ (ਅਸ਼ੋਕ ਲਾਕੜਾ)**-ਪਿੰਡ ਅਹਿਮਦਪੁਰ ਦੇ ਲੋਕਾਂ ਦੇ ਸਹਿਯੋਗ ਨਾਲ ਦੂਜੇ ਦਿਨ ਸਿਟੀ ਥਾਣਾ ਦੇ ਗੇਟ ਅੱਗੇ ਦੂਜੀ ਵਾਰ ਦਿਨ-ਰਾਤ ਧਰਨਾ ਦੇ ਕੇ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਪਿਛਲੀ 10 ਜਨਵਰੀ ਦੀ ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਦੇ ਅੰਦਰ ਦਾਖਲ ਹੋ ਕੇ 65 ਸਾਲਾ ਜੰਗੀਰ ਸਿੰਘ ਤੇ 62 ਸਾਲਾ ਰਣਜੀਤ ਕੌਰ ਨੂੰ ਤੇਜ਼ਧਾਰ ਹਥਿਆਰਾਂ ਦੇ ਨਾਲ ਕਤਲ ਕਰ ਦਿੱਤਾ ਗਿਆ ਸੀ, ਜਿਸ ਦੀ ਐਫ.ਆਈ.ਆਰ 11 ਜਨਵਰੀ ਨੂੰ ਸਿਟੀ ਥਾਣਾ 'ਚ ਦਰਜ ਹੋਈ ਸੀ। ਪੁਲਸ ਪ੍ਰਸ਼ਾਸਨ ਦੇ ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਨੂੰ ਵਾਰ-ਵਾਰ ਮਿਲਣ ਦੇ ਬਾਵਜੂਦ ਤਿੰਨ ਮਹੀਨਿਆਂ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਪੁਲਸ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਰਹੀ ਹੈ।

ਪਿਛਲੀ 17 ਮਾਰਚ ਨੂੰ ਵੀ ਸਿਟੀ ਥਾਣਾ ਅੱਗੇ ਇਕ ਦਿਨ ਦਾ ਧਰਨਾ ਲਾ ਕੇ 25 ਮਾਰਚ ਤੱਕ ਦਾ ਅਲਟੀਮੇਟਮ ਦੇ ਦਿਤਾ ਸੀ, ਪਰ ਪੁਲਸ ਅਜੇ ਤੱਕ ਵੀ ਕਾਤਲ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਮਜਬੂਰ ਹੋ ਕੇ ਥਾਣਾ ਸਿਟੀ ਦੇ ਵਾਰ ਅੱਗੇ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ। ਇਹ ਉਸ ਸਮੇਂ ਤੱਕ ਜਾਰੀ ਰਹੇਗਾ, ਜਦੋਂ ਤੱਕ ਜਦੋਂ ਤੱਕ ਪੁਲਸ ਕਾਤਲਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਨਹੀਂ ਭੇਜ ਦਿੰਦੀ। ਇਸ ਸਮੇਂ ਇੰਦਰਜੀਤ ਸਿੰਘ ਝੱਬਰ, ਜਗਸੀਰ ਸਿੰਘ ਦੋਦੜਾ, ਸਰੋਜ ਦਿਆਲਪੁਰਾ ਤੇਜਰਾਮ ਬੀ.ਕੇ.ਯੂ ਧਨੇਰ, ਹੇਮਰਾਜ ਸਾਬਕਾ ਸਰਪੰਚ, ਜਗਮੇਲ ਸਿੰਘ, ਭੂਰਾ ਸਿੰਘ, ਕਰਮ ਸਿੰਘ ਜੱਗਾ ਅਹਿਮਦਪੁਰ ਤੇ ਜਰਨੈਲ ਸਿੰਘ ਟਹਾਲੀਆ ਨੇ ਸਟੇਜ ਦਾ ਸੰਚਾਲਨ ਕੀਤਾ।

# ਅਨੰਦ ਨਗਰ ਵਾਸੀਆਂ 'ਚ ਰਸਤਾ ਚਾਲੂ ਨਾ ਕਰਾਉਣ ਕਾਰਨ ਰੋਸ

**ਕੋਟਕਪੂਰਾ (ਰਛਪਾਲ ਭੁੱਲਰ)**-ਅਨੰਦ ਨਗਰ ਕੋਟਕਪੂਰਾ ਦੀ ਪੌਸ਼ ਕਲੋਨੀ ਮੰਨੀ ਜਾ ਰਹੀ ਹੈ। ਇਸ ਦੇ ਵਸਨੀਕਾਂ ਵਿੱਚ ਮੇਨ ਰਸਤਾ ਖੁਲ੍ਹਵਾਉਣ ਲਈ ਕਾਫੀ ਜੱਦੋ-ਜਹਿਦ ਕੀਤੀ ਜਾ ਰਹੀ ਹੈ। ਰੇਲਵੇ ਵੱਲੋਂ ਜਦੋਂ ਤੋਂ ਆਪਣੀ ਜਗ੍ਹਾ ਸੀਮਿੰਟਡ ਸਲੀਬਾਂ ਨਾਲ ਕਵਰ ਕਰ ਲਈ ਹੈ, ਤਦ ਤੋਂ ਲੋਕਾਂ ਦਾ ਲੰਘਣਾ ਕਾਫੀ ਮੁਸ਼ਕਲ ਭਰਿਆ ਹੋ ਗਿਆ। ਰਜਿੰਦਰ ਸਿੰਘ ਸਰਾਂ, ਜੋਗਿੰਦਰ ਸਿੰਘ ਸੂਰਘੂਰੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪ੍ਰਸ਼ਾਸਨਕ ਪੱਧਰ 'ਤੇ ਕਾਨੂੰਨੀ ਚਾਰਾਜੋਈ ਕਰਨ ਉਪਰੰਤ ਨਗਰ ਕੌਂਸਲ ਨੇ ਕੁਝ ਨਜਾਇਜ਼ ਕਬਜ਼ੇ ਦੂਰ ਕਰਾਏ ਸਨ, ਪਰ ਮਲਬਾ ਅਜੇ ਤੱਕ ਨਹੀਂ ਚੁਕਵਾਇਆ ਗਿਆ।

ਉਨ੍ਹਾਂ ਦੱਸਿਆ ਕਿ ਦਸਮੇਸ਼ ਗਲੋਬਲ ਸਕੂਲ ਦੇ ਹਜ਼ਾਰਾਂ ਬੱਚੇ ਬੱਸਾਂ, ਮਿੰਨੀ ਬੱਸਾਂ ਤੇ ਕਾਰਾਂ ਆਦਿ ਰਾਹੀਂ ਇਸ ਰਸਤੇ ਸਕੂਲ ਨੂੰ ਆਉਂਦੇ ਤੇ ਜਾਂਦੇ ਹਨ ਤੇ ਹਰ ਰੋਜ਼ ਤੰਗ ਰਸਤਾ ਹੋਣ ਕਾਰਨ ਟ੍ਰੈਫਿਕ ਜਾਮ ਰਹਿੰਦਾ ਹੈ। ਰੇਤ ਭਰੀ ਟਰਾਲੀ ਇੱਥੇ ਫਸ ਗਈ, ਜਿਸ ਕਾਰਨ ਮੁਹੱਲਾ ਵਸਨੀਕਾਂ ਨੂੰ 6-7 ਘੰਟੇ ਖੱਜਲ-ਖੁਆਰ ਹੋਣਾ ਪਿਆ। ਵਿਸਾਖਾ ਸਿੰਘ ਸਰਾਂ, ਰਜਿੰਦਰ ਸਿੰਘ ਸਰਾਂ, ਜਗਸੀਰ ਸਿੰਘ ਖਾਰਾ ਪ੍ਰਧਾਨ ਮੁਹੱਲਾ ਵਿਕਾਸ ਕਮੇਟੀ, ਜੋਗਿੰਦਰ ਸਿੰਘ ਸੂਰਘੂਰੀ, ਮਾਸਟਰ ਕੁਲਵੰਤ ਰਾਜ, ਨਗਿੰਦਰ ਸਿੰਘ ਮੁਹਾਰ, ਦਲਜਿੰਦਰ ਸਿੰਘ ਸੰਧੂ, ਲਾਲੀ ਸੰਧੂ, ਪਿਆਰਾ ਸਿੰਘ, ਸੇਵਾ ਸਿੰਘ, ਬਲਜੀਤ ਸਿੰਘ, ਮਨਜੀਤ ਸਿੰਘ ਬਾਗੜੀ, ਹਰਪ੍ਰੀਤ ਸਿੰਘ, ਪਿੰਸੀਪਲ ਰਵਿੰਦਰ ਚੌਧਰੀ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਰਸਤਾ ਜਲਦੀ ਤੋਂ ਜਲਦੀ ਖੁਲ੍ਹਵਾਇਆ ਜਾਵੇ ਤੇ ਮਲਬਾ ਚੁਕਵਾਇਆ ਜਾਵੇ। ਇਸ ਸਬੰਧੀ ਜਦ ਈ.ਓ ਅਮਰਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇੱਕ ਵਿਅਕਤੀ ਨੇ ਸਿਵਲ ਅਦਾਲਤ ਫ਼ਰੀਦਕੋਟ ਵਿਖੇ ਕੇਸ ਪਾਇਆ ਹੋਇਆ ਹੈ ਤੇ ਅਦਾਲਤ ਵੱਲੋਂ ਐਸ ਡੀ ਐਮ ਕੋਟਕਪੂਰਾ ਨੂੰ ਲੋਕਲ ਕਮਿਸ਼ਨ ਤਾਇਨਾਤ ਕੀਤਾ ਹੋਇਆ ਹੈ, ਜਿਨ੍ਹਾਂ ਦੀ ਰਿਪੋਰਟ ਉਪਰੰਤ ਮਾਨਯੋਗ ਅਦਾਲਤ ਜੋ ਹੁਕਮ ਸੁਣਾਏਗੀ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਅਹੁਦੇਦਾਰਾਂ ਦੀ ਨਿਯੁਕਤੀ



**ਰਾਜਪੁਰਾ (ਰਮੇਸ਼ ਕਟਾਰੀਆ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਬਲਾਕ ਰਾਜਪੁਰਾ ਇਕਾਈ ਦੇ ਪ੍ਰਧਾਨ ਲਸ਼ਕਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਗੁਰਮੀਤ ਸਿੰਘ ਦਿੱਤੂਪੁਰ, ਮੈਂਬਰ, ਸੈਂਟਰਲ ਕਮੇਟੀ ਪੰਜਾਬ , ਅਵਤਾਰ ਸਿੰਘ ਕੌਰਜੀਵਾਲਾ, ਜਨਰਲ ਸਕੱਤਰ ਜ਼ਿਲ੍ਹਾ ਪਟਿਆਲਾ ਅਤੇ ਗੁਰਬਖ਼ਸ਼ ਸਿੰਘ ਕੌਰਜੀਵਾਲਾ ਦੀ ਮੌਜੂਦਗੀ ਵਿੱਚ ਬਲਾਕ ਰਾਜਪੁਰਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਇਕਾਈ ਦੇ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਸ੍ਰੀ ਦੀਦਾਰ ਸਿੰਘ, ਖਾਨਪੁਰ ਗੰਡਿਆਂ, ਸੀਨੀਅਰ ਮੀਤ ਪ੍ਰਧਾਨ, ਗੁਰਮੁਖ ਸਿੰਘ, ਢੀਂਡਸਾ, ਸਕੱਤਰ ਵਿੱਤ, ਬਿਕਰਮਜੀਤ ਸਿੰਘ, ਸਰਦਾਰਗੜ੍ਹ, ਮੀਤ ਪ੍ਰਧਾਨ, ਸ੍ਰੀ ਨਿਰਮਲ ਸਿੰਘ ਢਿੱਲੋਂ, ਸ਼ਾਹਪੁਰ, ਮੀਤ ਪ੍ਰਧਾਨ , ਸ੍ਰੀਮਤੀ ਬਲਵੀਰ ਕੌਰ, ਖੰਡੌਲੀ, ਲੇਡੀ ਮੀਤ ਪ੍ਰਧਾਨ ਤੇ ਸਾਧ ਸਿੰਘ ਪਿੰਡ ਪਬਰੀ ਨੂੰ ਸਰਬਸੰਮਤੀ ਨਾਲ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਕਿਸਾਨੀ ਦੀਆਂ ਮੁਸ਼ਕਲਾਂ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਕੀਤੀ ਗਈ। ਮੀਟਿੰਗ ਬੜੇ ਸ਼ਾਂਤੀਪੂਰਕ ਮਾਹੌਲ ਵਿੱਚ ਸੰਪੰਨ ਹੋਈ।

## ਪਰਮਪਾਲ ਕੌਰ ਸਿੱਧੂ ਨੂੰ ਉਮੀਦਵਾਰ ਐਲਾਨਣ 'ਤੇ ਖੁਸ਼ੀ ਦੀ ਲਹਿਰ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਜਨਤਾ ਪਾਰਟੀ ਵੱਲੋਂ 2024 ਬਠਿੰਡਾ ਲੋਕ ਸਭਾ ਹਲਕੇ ਤੋਂ ਪਰਮਪਾਲ ਕੌਰ ਸਿੱਧੂ ਨੂੰ ਉਮੀਦਵਾਰ ਐਲਾਨਨ 'ਤੇ ਹਲਕੇ ਅੰਦਰ ਭਾਜਪਾ ਵਰਕਰਾਂ ਅਤੇ ਅਹੁਦੇਦਾਰਾਂ ਵਿੱਚ ਖੁਸ਼ੀ ਲਹਿਰ ਪਾਈ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਦੀ ਅਗਵਾਈ ਹੇਠ ਸ਼ਹਿਰ ਅੰਦਰ ਵਰਕਰਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਇਜਹਾਰ ਕੀਤਾ ਗਿਆ।ਰਾਕੇਸ਼ ਜੈਨ ਨੇ ਕਿਹਾ ਕਿ ਸਿੱਧੂ ਨੂੰ ਉਮੀਦਵਾਰ ਉਤਾਰਨ ਦਾ ਫੈਂਸਲਾ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਪਰਮਪਾਲ ਕੌਰ ਪੜ੍ਹੇ-ਲਿਖੇ, ਬੇਦਾਗ ਤੇ ਸਿਆਸੀ ਪਰਵਾਰ ਦੇ ਮੁੱਢ ਵਜੋਂ ਬਠਿੰਡਾ ਲੋਕ ਸਭਾ ਚੋਣਾਂ 'ਚ ਭਾਰੀ ਵੋਟਾਂ ਤੇ ਜਿੱਤ ਪ੍ਰਾਪਤ ਕਰਕੇ ਭਾਰਤੀ ਜਨਤਾ ਪਾਰਟੀ ਦੀ ਝੋਲੀ ਪਾਉਣਗੇ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਨਿੱਤ ਦਿਨ ਵੱਡੀਆਂ-ਵੱਡੀਆਂ ਪਾਰਟੀਆਂ ਦੇ ਦਿੱਗਜ ਆਗੂ ਭਾਜਪਾ ਨੂੰ ਪੰਜਾਬ ਦੇ ਉਜਵਲ ਭਵਿੱਖ ਵਜੋਂ ਦੇਖ ਰਹੇ ਹਨ।ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਵਾਗਡੋਰ ਭਾਜਪਾ ਦੇ ਹੱਥਾਂ ਵਿੱਚ ਹੋਵੇਗੀ ਤੇ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਪੂਰੀਆਂ ਕੀਤੀਆਂ ਜਾਣਗੀਆਂ।

## ਪੁਲਸ ਕਰਮਚਾਰੀ ਕੁਲਵਿੰਦਰ ਸਿੰਘ ਵਧੀਆ ਸੇਵਾਵਾਂ ਬਦਲੇ ਸਨਮਾਨਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹੋਮਗਾਰਡ ਕੁਲਵਿੰਦਰ ਸਿੰਘ ਨੂੰ ਵਧੀਆ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ। ਡੀ.ਐੱਸ.ਪੀ. ਕਰਮਵੀਰ ਸਿੰਘ ਤੂਰ ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਵਲੋਂ ਹੋਮਗਾਰਡ ਕੁਲਵਿੰਦਰ ਸਿੰਘ ਨੂੰ ਦੋਸ਼ਾਲਾ ਭੇਟ ਕਰ ਸਨਮਾਨਤ ਕਰਦਿਆਂ ਕਿਹਾ ਕਿ ਇਸ ਪੁਲਸ ਕ੍ਰਮਚਾਰੀ ਨੇ ਆਪਣੀ ਡਿਊਟੀ ਪੂਰੀ ਈਮਾਨਦਾਰੀ ਤੇ ਤਨਦੇਹੀ ਨਾਲ ਨਿਭਾਈ ਅਤੇ ਕਦੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਹੋਮਗਾਰਡ ਕੁਲਵਿੰਦਰ ਸਿੰਘ ਨੇ ਡਿਊਟੀ ਦੌਰਾਨ ਹਮੇਸ਼ਾ ਲੋਕਾਂ ਦੀ ਸੁਰੱਖਿਆ ਤੇ ਉਨ੍ਹਾਂ ਦੀ ਸੇਵਾ ਵਿਚ ਤਤਪਰ ਰਿਹਾ, ਜਿਸ ਕਾਰਨ ਅੱਜ ਉਸਦੀ ਨੌਕਰੀ ਦੀ ਸੇਵਾਮੁਕਤੀ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮਦਨ ਲਾਲ, ਸੰਜੀਵ ਕੁਮਾਰ, ਕਰਨੈਲ ਸਿੰਘ (ਸਾਰੇ ਸਹਾਇਕ ਥਾਣੇਦਾਰ) ਤੇ ਮੁਨਸ਼ੀ ਕਰਨ ਸਿੰਘ ਵੀ ਮੌਜੂਦ ਸਨ।

# ਗੀਤਾ ਪ੍ਰਚਾਰ ਮੰਦਰ 'ਚ ਸਜਿਆ ਬਾਲਾ ਜੀ ਧਾਮ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਗੀਤਾ ਪ੍ਰਚਾਰ ਮੰਦਰ ਵਿਖੇ ਪੂਜਾ ਅਰਚਨਾ ਤੇ ਹਵਨ ਯੱਗ ਉਪਰੰਤ ਬਾਲਾ ਜੀ ਦਾ ਧਾਮ ਸਜਿਆ।ਸਾਲਾਸਰ ਦੇ ਬਾਲਾ ਜੀ ਮੰਦਰ ਰਾਜਸਥਾਨ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸ੍ਰੀ ਨਿਤਿਨ ਪੁਜਾਰੀ ਦੀ ਸਰਪ੍ਰਸਤੀ ਹੇਠ ਧਾਰਮਿਕ ਸਮਾਗਮ ਦੌਰਾਨ ਬਾਲਾ ਜੀ ਧਾਮ ਵਿੱਚ ਸਾਲਾਸਰ ਦੇ ਸ੍ਰੀ ਬਾਲਾ ਜੀ, ਜੈਪੁਰ ਦੇ ਸੰਦੂਰ ਵਾਲੇ ਗਣੇਸ਼ ਜੀ ਤੇ ਸਾਲਾਸਰ ਦੇ ਸੰਤ ਮੋਹਨ ਦਾਸ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ।ਇਸ ਧਾਰਮਿਕ ਸਮਾਗਮ ਦੌਰਾਨ ਯਗ ਅਚਾਰਿਆ ਪੰਡਤ ਰਾਹੁਲ ਸੇਮਵਾਲ ਵੱਲੋਂ ਮੂਰਤੀ ਸਥਾਪਨਾ ਯਗ ਦੇ ਸ਼ਰਧਾਲੂਆਂ ਨਾਲ ਮੂਰਤੀ ਸਥਾਪਨਾ ਦੇ ਸੰਬੰਧ ਵਿੱਚ ਧਾਰਮਿਕ ਰਸਮਾਂ ਨਿਭਾਈਆਂ। ਇਸ ਮੌਕੇ ਕਰਾਏ ਗਏ ਹਵਨ ਯੱਗ ਵਿੱਚ ਵੱਡੀ ਗਿਣਤੀ 'ਚ ਪੁੱਜੇ ਸ਼ਰਧਾਲੂਆਂ ਨੇ ਆਹੂਤੀਆਂ ਪਾਈਆਂ।ਇਸ ਮੌਕੇ ਸਾਲਾਸਰ ਬਾਲਾ ਜੀ ਮੰਦਿਰ ਰਾਜਸਥਾਨ ਦੇ ਨਿਤਿਨ ਪੁਜਾਰੀ ਨੇ ਜਗਰਾਉਂ ਦੇ ਸ਼ਰਧਾਲੂਆਂ ਨੂੰ ਭਾਗਾਂ ਵਾਲੇ ਦੱਸਦਿਆਂ ਕਿਹਾ ਕਿ ਹੁਣ ਉਨ੍ਹਾਂ ਨੂੰ ਰੋਜ਼ ਇਸ ਬਾਲਾ ਜੀ ਦੇ ਧਾਮ ਵਿੱਚ ਭਗਵਾਨ ਬਾਲਾ ਜੀ ਦੇ ਦਰਸ਼ਨੇ ਦੀਦਾਰ ਹੋਣਗੇ।ਉਨ੍ਹਾਂ ਕਿਹਾ ਕਿ ਭਗਵਾਨ ਬਾਲਾ ਜੀ ਦੇ ਦਰ ਤੇ ਸੱਚੇ ਦਿਲੋਂ ਪੁੱਜਣ ਵਾਲੇ ਹਰ ਇੱਕ ਸ਼ਰਧਾਲੂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।ਸ੍ਰੀ ਬਾਲਾ ਜੀ ਧੀ ਕ੍ਰਿਪਾ ਸ਼ਰਧਾਲੂਆਂ 'ਤੇ ਬਣੀ ਰਹੇ।ਇਸ ਮੌਕੇ ਭਾਜਪਾ ਦੇ ਸੂਬਾਈ ਆਗੂ ਡਾਕਟਰ ਰਜਿੰਦਰ ਸ਼ਰਮਾ, ਧਰਮਵੀਰ ਗੋਇਲ, ਤਰਸੇਮ ਲਾਲ ਗੁਪਤਾ, ਪ੍ਰੇਮ ਪ੍ਰਕਾਸ਼ ਕੱਕੜ, ਕਪਤਾਨ ਨਰੇਸ਼ ਵਰਮਾ, ਅਸ਼ਵਨੀ ਗਰਗ, ਪਿਊਸ਼ ਗਰਗ, ਅਨਿਲ ਸਿੰਘਲਾ ਕਾਲਾ, ਆਸ਼ੀਸ਼ ਗੁਪਤਾ, ਪ੍ਰਿੰਸੀਪਲ ਨੀਲਮ ਸ਼ਰਮਾ, ਡੀਕੇ ਸ਼ਰਮਾ, ਮੁਕੇਸ਼ ਬਾਂਸਲ, ਅਮਿਤ ਸ਼ਰਮਾ, ਸਤਪਾਲ, ਸੋਨੂੰ ਗੁਪਤਾ, ਸੰਜੀਵ ਕੁਮਾਰ, ਸਤੀਸ਼ ਕੁਮਾਰ ਫੌਜੀ, ਓਪੀ ਅਰੋੜਾ ਤੇ ਆਦਿ ਹਾਜ਼ਰ ਸਨ।

# ਦਸਵੀਂ ਦੇ ਨਤੀਜਿਆਂ 'ਚ ਸੁਖਮਨ ਜ਼ਿਲ੍ਹੇ 'ਚੋਂ ਪਹਿਲਾ ਨੰਬਰ 'ਤੇ



**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 10ਵੀਂ ਜਮਾਤ ਦੇ ਨਤੀਜਿਆਂ ਵਿਚ ਲੰਬੀ ਤੋਂ ਸਾਬਕਾ ਫੌਜੀ ਤਰਸੇਮ ਸਿੰਘ ਦੀ ਬੇਟੀ ਸੁਖਮਨ ਕੌਰ ਨੇ ਜਿਲ੍ਹੇ ਵਿਚੋਂ ਪਹਿਲਾ ਸਥਾਨ ਅਤੇ ਪੰਜਾਬ ਭਰ ਵਿਚੋਂ 10ਵਾਂ ਸਥਾਨ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਦਸ਼ਮੇਸ਼ ਗਰਲਜ਼ ਸਕੂਲ ਬਾਦਲ ਦੀ ਵਿਦਿਆਰਥਣ ਸੁਖਮਨ ਕੌਰ ਨੇ 650 ਵਿੱਚੋਂ 636 ਅੰਕ ਪ੍ਰਾਪਤ ਕਰਕੇ 97.85 ਫੀਸਦੀ ਨਾਲ ਜਿਲ੍ਹੇ ਵਿਚੋਂ ਪਹਿਲਾ ਰੈਂਕ ਪ੍ਰਾਪਤ ਕੀਤਾ ਹੈ। ਸੁਖਮਨ ਨੇ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਅਧਿਆਪਕਾਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਦਿੰਦਿਆਂ ਕਿਹਾ ਕਿ ਉਹ ਵੱਡੀ ਹੋ ਕੇ ਸਿੱਖਿਆ ਦੇ ਖੇਤਰ ਵਿਚ ਹੀ ਆਉਣਾ ਚਾਹੁੰਦੀ ਹੈ। ਉਹ ਇਕ ਅਧਿਆਪਕ, ਪ੍ਰੋਫੈਸਰ ਜਾਂ ਫਿਰ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰ ਵਿੱਦਿਆ ਦਾ ਚਾਨਣ ਘਰ ਘਰ ਫੈਲਾਉਣ ਦੀ ਇੱਛੁਕ ਹੈ। ਸੁਖਮਨ ਦੀ ਪਿਤਾ ਸਾਬਕਾ ਫੌਜੀ ਤਰਸੇਮ ਸਿੰਘ ਲੰਬੀ ਨੇ ਕਿਹਾ ਕਿ ਅਜੋਕੇ ਯੁੱਗ ਵਿਚ ਬੇਟੀਆਂ ਹੀ ਹਰ ਖੇਤਰ ਵਿਚ ਅੱਗੇ ਹਨ ਅਤੇ ਉਨ੍ਹਾਂ ਨੂੰ ਸੁਖਮਨ ਦਾ ਪਿਤਾ ਹੋਣ 'ਤੇ ਹਮੇਸ਼ਾਂ ਮਾਣ ਰਿਹਾ ਹੈ। ਦਸ਼ਮੇਸ਼ ਗਰਲਜ਼ ਸਕੂਲ ਬਾਦਲ ਦੀਆਂ ਦੋ ਹੋਰ ਕੁੜੀਆਂ ਪਵਨਪ੍ਰੀਤ ਕੌਰ ਪੁੱਤਰੀ ਬਲਜਿੰਦਰ ਸਿੰਘ ਨੇ 96.92 ਫੀਸਦੀ ਅੰਕ ਲੈ ਕੇ ਜਿਲ੍ਹੇ ਵਿੱਚੋਂ ਤੀਜਾ ਅਤੇ ਪੰਜਾਬ ਵਿਚ 16ਵਾਂ ਰੈਂਕ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਸੁਮਨਦੀਪ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ 96.46 ਫੀਸਦੀ ਅੰਕ ਪ੍ਰਾਪਤ ਕਰਕੇ ਜਿਲ੍ਹੇ ਵਿਚੋਂ ਚੌਥਾ ਅਤੇ ਪੰਜਾਬ ਵਿਚ 19ਵਾਂ ਰੈਂਕ ਹਾਸਲ ਕੀਤਾ ਹੈ।

## ਲੋਕ ਸਭਾ ਚੋਣਾਂ 'ਚ ਸਿਮਰਨਜੀਤ ਸਿੰਘ ਮਾਨ ਦਾ ਡਟ ਕੇ ਸਾਥ ਦਿਉ : ਬਲਰਾਜ ਸਿੰਘ ਖਾਲਸਾ



**ਅਜੀਤਵਾਲ (ਨਛੱਤਰ ਸੰਧੂ)**-ਝੂਠ, ਫਰੇਬ ਦਲ ਬਦਲੂ ਅਤੇ ਮੌਕਾ ਪ੍ਰਸਤ ਰਾਜਨੀਤੀ ਨੂੰ ਛੱਡ ਕੇ ਪੰਜਾਬ ਦੇ ਸੂਝਵਾਨ ਲੋਕ ਆਉਦੀਆਂ ਲੋਕ ਸਭਾ ਚੋਣਾਂ ਵਿੱਚ ਸਿਮਰਨਜੀਤ ਸਿੰਘ ਮਾਨ ਦਾ ਡਟ ਕੇ ਸਾਥ ਦੇਣ। ਇੰਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਕਰਦਿਆ ਸ਼੍ਰੋਮਣੀ ਅਕਾਲੀ ਦਲ(ਅ) ਜਿਲ੍ਹਾ ਮੋਗਾ ਦੇ ਪ੍ਰਧਾਨ ਬਲਰਾਜ ਸਿੰਘ ਖਾਲਸਾ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਅੰਦਰ ਜੰਗਲ ਰਾਜ ਬਣ ਚੁੱਕਾ ਹੈ। ਪੰਜਾਬ ਦੇ ਲੋਕ ਇਨਸਾਫ ਲੈਣ ਲਈ ਸਰਕਾਰੀ ਦਫਤਰਾ ਦੀਆਂ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ ਅਤੇ ਹਰ ਪਾਸੇ ਝੂਠ ਅਤੇ ਫਰੇਬ ਨੇ ਆਪਣਾ ਜਾਲ ਵਿਛਾ ਰੱਖਿਆ ਹੈ। ਉਨ੍ਹਾ ਕਿਹਾ ਕਿ ਅਕਾਲੀ ਦਲ ਬਾਦਲ ਦੇ ਰਾਜ ਅੰਦਰ ਬੇਅਦਬੀਆਂ ਹੋਈਆਂ, ਕਾਂਗਰਸ ਦੇ ਰਾਜ ਵਿੱਚ ਸਾਡੇ ਸਿੱਖਾ ਦੀ ਸਿਰਮੌਰ ਸੰਸਥਾ ਸ੍ਰੀ ਹਰਮੰਦਰ ਸਾਹਿਬ ਨੂੰ ਫੌਜ ਰਾਹੀ ਟੈਕਾਂ ਅਤੇ ਤੋਪਾ ਨਾਲ ਜਿੱਥੇ ਢਾਹਿਆ ਗਿਆ। ਉਨ੍ਹਾ ਕਿਹਾ ਕਿ ਸਿੱਖ ਨੌਜਵਾਨ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵਰਗੇ ਨੌਜਵਾਨਾ ਨੂੰ ਡਿਬਰੂ ਦੀਆ ਜੇਲ੍ਹਾ ਵਿੱਚ ਬੰਦ ਕਰਵਾਇਆ ਗਿਆ ਹੈ। ਜਿਸਦਾ ਖਮਿਆਜਾ ਇਸ ਸਰਕਾਰ ਨੂੰ ਹੁਣ ਲੋਕ ਸਭਾ ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਹੀਰੇ ਸਿਮਰਨਜੀਤ ਸਿੰਘ ਮਾਨ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਈ ਬਲਦੇਵ ਸਿੰਘ ਗਗੜਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ ਅਤੇ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸੀਟ ਤੋਂ ਉਨ੍ਹਾ ਨੂੰ ਵੱਡੀ ਲੀਡ ਨਾਲ ਜਿਤਾਇਆ ਜਾਵੇ। ਇਸ ਸਮੇ ਉਨ੍ਹਾ ਨਾਲ ਅਰਜਨ ਸਿੰਘ ਕਿਸਨਪੁਰਾ, ਪ੍ਰੀਤਮ ਸਿੰਘ ਧਰਮੀ ਫੌਜੀ, ਸੁਰਜਨ ਸਿੰਘ ਤਲਵੰਡੀ, ਜਰਨੈਲ ਸਿੰਘ ਦੌਧਰ, ਗੁਰਮੇਲ ਚੂਹੜਚੱਕ, ਭੋਲਾ ਧੂੜਕੋਟ, ਸਰਬਜੀਤ ਸਿੰਘ ਸਮਾਲਸਰ, ਲਖਵਿੰਦਰ ਸਿੰਘ, ਲੱਕੀ ਮੋਗਾ ਅਤੇ ਕਿਸ਼ਨ ਸਿੰਘ ਮੋਗਾ ਆਦਿ ਵੀ ਹਾਜ਼ਰ ਸਨ।

## ਪੱਲੇਦਾਰ ਯੂਨੀਅਨ ਨੇ ਮੰਗਾਂ ਸੰਬੰਧੀ ਕੀਤੀ ਹੜਤਾਲ



**ਜਗਰਾਉਂ (ਸੰਜੀਵ ਅਰੋੜਾ)**-ਪੱਲੇਦਾਰ ਯੂਨੀਅਨ ਪੰਜਾਬ ਨੇ ਪਿੱਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਸਬੰਧੀ ਕੰਮ ਛੱਡ ਹੜਤਾਲ ਕੀਤੀ ਗਈ। ਪੱਲੇਦਾਰ ਯੂਨੀਅਨ ਦੇ ਆਗੂ ਰਮੇਸ਼ ਕੁਮਾਰ ਮੇਸ਼ੀ ਸਹੋਤਾ ਨੇ ਦੱਸਿਆ ਕਿ ਪੱਲੇਦਾਰਾਂ ਦੀਆਂ ਜਥੇਬੰਦੀਆਂ ਨੇ ਫ਼ੈਸਲਾ ਲਿਆ ਕਿ 21 ਅਪ੍ਰੈਲ ਤੋਂ ਕੰਮ ਛੱਡ ਹੜਤਾਲ ਕੀਤੀ ਜਾਵੇਗੀ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਮੰਗਾਂ ਲਟਕ ਰਹੀਆਂ ਹਨ ਤੇ ਵਿਭਾਗ ਵੱਲੋਂ ਠੇਕੇਦਾਰੀ ਪ੍ਰਥਾ ਖ਼ਤਮ ਕਰਨ ਲਈ ਕੋਈ ਵੀ ਫੈਸਲਾ ਅੱਜ ਤੱਕ ਨਹੀਂ ਲਿਆ ਗਿਆ। ਪੱਲੇਦਾਰ ਯੂਨੀਅਨ ਨੇ ਮੰਗ ਕੀਤੀ ਕਿ ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਨਾ ਮੰਗੀਆਂ ਤੇ ਠੇਕੇਦਾਰੀ ਪ੍ਰਥਾ ਖ਼ਤਮ ਨਾ ਕੀਤੀ ਤਾਂ ਯੂਨੀਅਨ ਕੰਮ ਛੱਡ ਹੜਤਾਲ ਜ਼ਰੂਰ ਕਰੇਗੀ, ਜਿਸ ਦੀ ਜ਼ਿੰਮੇਵਾਰੀ ਵਿਭਾਗ ਦੀ ਹੋਵੇਗੀ। ਇਸ ਮੌਕੇ ਸਿੰਦਪਰਲਾ ਸਿੰਘ, ਰਾਮ ਸਿੰਘ, ਖੁਸ਼ੀਮ ਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

## ਨਵੇਂ ਆਏ ਤਹਿਸੀਲਦਾਰ ਪੁਨੀਤ ਬਾਂਸਲ ਦਾ ਸਵਾਗਤ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਨੰਬਰਦਾਰ ਯੂਨੀਅਨ ਪੰਜਾਬ ਰਜਿ: 643 ਦੇ ਜ਼ਿਲ੍ਹਾ ਪਟਿਆਲਾ ਦੇ ਕਾਰਜਕਾਰੀ ਪ੍ਰਧਾਨ ਤੇ ਪੰਜਾਬ ਕਮੇਟੀ ਮੈਂਬਰ ਗੁਰਦੇਵ ਸਿੰਘ ਆਲਮਪੁਰ ਤੇ ਜ਼ਿਲ੍ਹਾ ਪਟਿਆਲਾ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਸਮਾਣਾ ਤਹਿਸੀਲ ਵਿਖੇ ਨਵੇਂ ਆਏ ਤਹਿਸੀਲਦਾਰ ਪੁਨੀਤ ਬਾਂਸਲ ਦੇ ਚਾਰਜ ਸੰਭਾਲਣ ਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਹੋਏ ਸਨਮਾਨਤ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਗੁਰਦੇਵ ਆਲਮਪੁਰ ਵੱਲੋਂ ਤਹਿਸੀਲਦਾਰ ਸ਼੍ਰੀ ਬਾਂਸਲ ਨੂੰ ਨੰਬਰਦਾਰਾਂ ਨੂੰ ਆ ਰਹੀਆਂ ਮੁਸਕਲਾਂ ਸੰਬੰਧੀ ਜਾਣੂ ਕਰਾਇਆ ਗਿਆ, ਜਿਸ 'ਤੇ ਤਹਿਸੀਲਦਾਰ ਪੁਨੀਤ ਬਾਂਸਲ ਨੇ ਨੰਬਰਦਾਰ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਤਹਿਸੀਲ ਦੇ ਨੰਬਰਦਾਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਦਿੱਕਤ ਆਉਂਦੀ ਹੈ ਤਾਂ ਉਹ ਉਨ੍ਹਾਂ ਨੂੰ ਕਿਸੇ ਵੀ ਸਮੇਂ ਮਿਲ ਸਕਦੇ ਹਨ।ਇਸ ਮੌਕੇ ਨੰਬਰਦਾਰ ਅਜੈਬ ਸਿੰਘ ਫਹਿਤਮਾਜਰੀ ਮੀਤ ਪ੍ਰਧਾਨ ਪਟਿਆਲਾ, ਨੰਬਰਦਾਰ ਮਹਿੰਦਰ ਕੁਮਾਰ ਮਾਮਗੜ੍ਹ ਤੇ ਨੰਬਰਦਾਰ ਸੁਰਿੰਦਰ ਕੁਮਾਰ ਵੜੈਚਾਂ ਆਦਿ ਵੀ ਮੌਜੂਦ ਰਹੇ।

# ਤਨਖਾਹ ਕਟੌਤੀ ਵਿਰੁੱਧ ਬਲਾਕ ਤੇ ਜ਼ਿਲ੍ਹਾ ਪੱਧਰੀ ਜਥੇਬੰਦਕ ਪ੍ਰੋਗਰਾਮ ਉਲੀਕੇ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ/ਪ੍ਰਵੀਨ ਸਿੰਘ)**
ਦੇਸ਼ ਪੱਧਰੀ ਹੜਤਾਲ ਸਬੰਧੀ ਅਧਿਆਪਕਾਂ ਦੇ ਸਾਂਝੇ ਮੋਰਚੇ, ਸੰਯੁਕਤ ਕਿਸਾਨ ਮੋਰਚੇ ਤੇ ਭਰਾਤਰੀ ਮਜ਼ਦੂਰ ਅਤੇ ਜਨਤਕ ਜ਼ਮਹੂਰੀ ਜਥੇਬੰਦੀਆਂ ਦੀ ਮੀਟਿੰਗ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ।ਇਸ ਵਿੱਚ ਜ਼ਿਲ੍ਹੇ ਦੇ ਲਹਿਰਾਗਾਗਾ, ਚੀਮਾ ਤੇ ਸੰਗਰੂਰ-1 ਬਲਾਕ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੁਆਰਾ ਆਪਣੀ ਮਨਮਰਜ਼ੀ ਨਾਲ ਅਧਿਆਪਕ, ਮੁਲਾਜ਼ਮ ਤੇ ਲੋਕ ਲਹਿਰ ਦੇ ਵਿਰੋਧ ਵਿੱਚ ਜਾਂਦਿਆਂ 7 ਅਧਿਆਪਕ ਆਗੂਆਂ ਦੀ ਹੜਤਾਲ ਵਾਲੇ ਦਿਨ ਦੀ ਤਨਖਾਹ ਕਟੌਤੀ ਕਰਨ ਵਿਰੁੱਧ ਬਲਾਕ ਤੇ ਜ਼ਿਲ੍ਹਾ ਪੱਧਰੀ ਜਥੇਬੰਦਕ ਐਕਸ਼ਨਾਂ ਦੀ ਰੂਪ ਰੇਖਾ ਉਲੀਕੀ ਗਈ।ਚੋਣਾਂ ਦੇ ਦਿਨਾਂ ਵਿੱਚ ਜਾਣ-ਬੁੱਝ ਕੇ ਜ਼ਿਲ੍ਹੇ ਦਾ ਮਾਹੌਲ ਖਰਾਬ ਕਰਨ ਦੀਆਂ ਇਨ੍ਹਾਂ ਅਫ਼ਸਰਾਂ ਦੀਆਂ ਕੋਝੀਆਂ ਚਾਲਾਂ ਦਾ ਸਖ਼ਤ ਨੋਟਿਸ ਲਿਆ ਗਿਆ।ਫ਼ੈਸਲਾ ਲਿਆ ਗਿਆ ਕਿ 22 ਅਪ੍ਰੈਲ ਨੂੰ ਬੀ.ਪੀ.ਈ.ਓ. ਚੀਮਾ ਦੀ ਤੇ 24 ਅਪ੍ਰੈਲ ਨੂੰ ਬੀ.ਪੀ.ਈ.ਓ. ਸੰਗਰੂਰ -1 ਦੀ ਅਰਥੀ ਇਨ੍ਹਾਂ ਦੇ ਦਫ਼ਤਰਾਂ ਵਿਖੇ ਸਾੜ ਕੇ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਲੋਕ ਮਸਲਿਆਂ ਨੂੰ ਹੱਲ ਕਰਾਉਣ ਲਈ ਬਣ ਰਹੀ ਲੋਕ ਲਹਿਰ ਵਿਰੁੱਧ ਭੁਗਤਣ ਵਾਲੇ ਇਹਨਾਂ ਅਫਸਰਾਂ ਦਾ ਚਿਹਰਾ ਲੋਕਾਂ ਸਾਹਮਣੇ ਕੀਤਾ ਨੰਗਾ ਕੀਤਾ ਜਾਵੇਗਾ।

29 ਅਪ੍ਰੈਲ ਨੂੰ ਡੀ.ਈ.ਓ.(ਐ.ਸਿੱ.) ਸੰਗਰੂਰ ਨੂੰ ਸਾਰੀਆਂ ਜਥੇਬੰਦੀਆਂ ਦਾ ਮਾਸ ਡੈਪੂਟੇਸ਼ਨ ਮਿਲ ਕੇ ਚੇਤਾਵਨੀ ਪੱਤਰ ਦੇਵੇਗਾ ਤੇ ਤੈਅ ਸਮੇਂ ਵਿੱਚ ਮਸਲਾ ਹੱਲ ਨਾ ਕਰਨ ਦੀ ਸੂਰਤ ਵਿੱਚ ਡੀ.ਈ.ਓ. ਦਫ਼ਤਰ ਵਿਖੇ ਵਿਸ਼ਾਲ ਲਾਮਬੰਦੀ ਨਾਲ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕੀਤਾ ਜਾਵੇਗਾ।

ਬਲਾਕਾਂ ਵਿੱਚ ਅਧਿਆਪਕ ਵਿਰੋਧੀ, ਤਾਨਾਸ਼ਾਹੀ ਤੇ ਬੇਨਿਯਮੀਆਂ ਕਰਵਾਈਆਂ ਕਰਨ ਵਾਲੇ ਬਲਾਕ ਅਫਸਰਾਂ, ਜਿਨ੍ਹਾਂ ਦਾ ਲਗਾਤਾਰ ਜਥੇਬੰਦਕ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਜਥੇਬੰਦੀਆਂ ਨਾਲ ਰੰਜਿਸ਼ ਤਹਿਤ ਕੀਤੀ ਇਸ ਕਾਰਵਾਈ ਦੀ ਮੀਟਿੰਗ ਵਿੱਚ ਕਰੜੀ ਨਿੰਦਿਆ ਕੀਤੀ ਗਈ ਤੇ ਜਥੇਬੰਦਕ ਐਕਸ਼ਨਾਂ ਨਾਲ ਇਨ੍ਹਾਂ ਨੂੰ ਸਬਕ ਸਿਖਾਉਣ ਦਾ ਅਹਿਦ ਕੀਤਾ ਗਿਆ।ਡੀ.ਈ.ਓ. ਤੋਂ ਅਗਵਾਈ ਮੰਗਣ ਅਤੇ ਅਗਵਾਈ ਉਡੀਕੇ ਬਿਨਾਂ ਤਨਖਾਹ ਕੱਟਣ, 01.01.2020 ਦੇ ਮੁਲਾਜ਼ਮ ਵਿਰੋਧੀ ਪੱਤਰ ਨੂੰ ਮਨਮਰਜ਼ੀ ਨਾਲ ਲਾਗੂ ਕਰਨ ਵਾਲੇ ਬਲਾਕ ਅਫਸਰਾਂ ਨੂੰ ਡੀ.ਈ.ਓ. ਵੱਲੋਂ ਹੁਕਮ ਅਦੂਲੀ ਲਈ ਨੋਟਿਸ ਕੱਢੇ ਜਾਣ ਦੀ ਮੰਗ ਵੀ ਡੈਪੂਟੇਸ਼ਨ ਵੱਲੋਂ ਕੀਤੀ ਜਾਵੇਗੀ।01.01.2020 ਦੇ ਹੜਤਾਲ ਕਰਨ ਦਾ ਅਧਿਕਾਰ ਖੋਹਣ ਵਾਲੇ ਪੱਤਰ ਨੂੰ ਰੱਦ ਕਰਾਉਣ ਲਈ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ।ਜ਼ਿਲ੍ਹੇ ਵਿੱਚ ਬਣੇ ਨਵੇਂ ਸਮੀਕਰਨਾਂ ਦੇ ਮੱਦੇਨਜ਼ਰ 18 ਅਪ੍ਰੈਲ ਦਾ ਬੀ.ਪੀ.ਈ.ਓ. ਲਹਿਰਾਗਾਗਾ ਵਿਰੁੱਧ ਪੱਕਾ ਮੋਰਚਾ ਲਾਉਣ ਦਾ ਫੈਸਲਾ ਹਾਲ ਦੀ ਘੜੀ ਮੁਲਤਵੀ ਕੀਤਾ ਗਿਆ।

ਮੀਟਿੰਗ ਵਿੱਚ ਅਧਿਆਪਕ ਜਥੇਬੰਦੀਆਂ ਡੀ.ਟੀ.ਐੱਫ. (ਸਬੰਧਤ ਡੀ.ਐੱਮ.ਐੱਫ਼) ਦੇ ਸੂਬਾ ਆਗੂ ਰਘਵੀਰ ਭਵਾਨੀਗੜ੍ਹ, ਜ਼ਿਲ੍ਹਾ ਆਗੂ ਸੁਖਵੀਰ ਸਿੰਘ, ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਪ੍ਰੈਸ ਸਕੱਤਰ ਜਸਬੀਰ ਨਮੋਲ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਗੋਬਿੰਦਰ ਸਿੰਘ, ਸੁਸ਼ੀਲ ਕੁਮਾਰ, ਤਰਕਸ਼ੀਲ ਸੁਸਾਇਟੀ ਦੇ ਮਾਸਟਰ ਪਰਮਵੇਦ, ਦੇਸ਼ ਭਗਤ ਯਾਦਗਾਰ ਕਮੇਟੀ ਲੌਂਗੋਵਾਲ ਦੇ ਜੁਝਾਰ ਲੌਂਗੋਵਾਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਮੋਲ ਤੇ ਜਮਹੂਰੀ ਅਧਿਕਾਰ ਸਭਾ ਦੇ ਆਗੂ ਅਮਰੀਕ ਖੋਖਰ ਸ਼ਾਮਲ ਹੋਏ।ਜੀ.ਟੀ.ਯੂ. ਦੇ ਜ਼ਿਲ੍ਹਾ ਪ੍ਰਧਾਨ ਦੇਵੀ ਦਿਆਲ, ਕਿਰਤੀ ਕਿਸਾਨ ਯੂਨੀਅਨ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਵੀ ਪ੍ਰੋਗਰਾਮਾਂ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਗਿਆ।

# ਵਿਧਾਇਕ ਦਹੀਆ ਦੇ ਨਵੇਂ ਦ਼ਫਤਰ ਦਾ ਉਦਘਾਟਨ



**ਫ਼ਿਰੋਜ਼ਪੁਰ/ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਲੋਕਾਂ ਦੀ ਸਹੂਲਤ ਵਾਸਤੇ ਐਡਵੋਕੇਟ ਰਜਨੀਸ਼ ਦਹੀਯਾ ਐਮ.ਐਲ.ਏ ਹਲਕਾ ਫ਼ਿਰੋਜ਼ਪੁਰ ਦਿਹਾਤੀ ਵੱਲੋਂ ਸਤੀਏਵਾਲਾ (ਫ਼ਿਰੋਜ਼ਪੁਰ ਛਾਉਣੀ) ਵਿਖੇ ਨਵਾਂ ਦਫ਼ਤਰ ਖੋਲ੍ਹਿਆ ਜਾ ਰਿਹਾ ਹੈ। ਫ਼ਿਰੋਜ਼ਪੁਰ ਛਾਉਣੀ ਦੇ ਸਤੀਏਵਾਲਾ ਵਿਖੇ ਸਥਿਤ ਸ਼ਾਂਤੀ ਵਿੱਦਿਆ ਮੰਦਰ ਸਕੂਲ ਦੇ ਸਾਹਮਣੇ ਨਵੇਂ ਦਫ਼ਤਰ ਦੇ ਸ਼ੁਭ ਮਹੂਰਤ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਾਏ ਗਏ। ਉਪਰੰਤ ਰਾਗੀ ਜਥੇ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਗੁਰ ਚਰਨਾਂ ਨਾਲ ਜੋੜਿਆ। ਸ੍ਰੀ ਦਹੀਆ ਦੇ ਦਫ਼ਤਰ ਦੇ ਸ਼ੁਭ ਮਹੂਰਤ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮੰਤਰੀ ਦੇ ਮਾਤਾ ਸ਼੍ਰੀਮਤੀ ਹਰਪਾਲ ਕੌਰ, ਰਣਬੀਰ ਸਿੰਘ ਭੁੱਲਰ ਐਮ.ਐਲ.ਏ ਹਲਕਾ ਫ਼ਿਰੋਜ਼ਪੁਰ ਸ਼ਹਿਰੀ, ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਾਕਾ ਬਰਾੜ ਦੀ ਧਰਮ ਪਤਨੀ ਜੋਗਿੰਦਰ ਕੌਰ ਬਰਾੜ, ਬੇਅੰਤ ਸਿੰਘ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿੱਚ ਸ਼੍ਰੀ ਦਹੀਆ ਤੇ ਸਮੂਹ ਪਰਵਾਰ ਨੂੰ ਮੁਬਾਰਕਬਾਦ ਦੇਂਦਿਆਂ ਹੋਇਆਂ ਉਮੀਦ ਜ਼ਾਹਰ ਕੀਤੀ ਕਿ ਇਸ ਦਫ਼ਤਰ ਦੇ ਬਣ ਜਾਣ ਨਾਲ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਫ਼ਾਇਦਾ ਹੋਵੇਗਾ। ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

# ਕਾਂਗਰਸ ਹਾਈਕਮਾਂਡ ਨੇ ਗੋਲਡੀ ਖੰਗੂੜਾ ਦੀ ਨਰਾਜ਼ਗੀ ਕੀਤੀ ਦੂਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**
ਲੋਕ ਸਭਾ ਹਲਕਾ ਸੰਗਰੂਰ ਤੋਂ ਸਾਬਕਾ ਹਲਕਾ ਵਿਧਾਇਕ ਤੇ ਪਾਰਟੀ ਦੇ ਮੌਜੂਦਾ ਜ਼ਿਲ੍ਹਾ ਪ੍ਰਧਾਨ ਦਲਵੀਰ ਸਿੰਘ ਗੋਲਡੀ ਨੂੰ ਨਜ਼ਰਅੰਦਾਜ਼ ਕਰਕੇ ਕਾਂਗਰਸ ਦੇ ਦਿੱਗਜ ਤੇ ਤੇਜ਼ ਤਰਾਰ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਟਿਕਟ ਦੇਣ ਕਾਰਨ ਗੋਲਡੀ ਖੰਗੂੜਾ ਵੱਲੋਂ ਪਾਰਟੀ ਆਗੂਆਂ ਦੀ ਕੀਤੀ ਆਨਲਾਈਨ ਲਾਹ-ਪਾਹ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਉਮੀਦਵਾਰ ਸੁਖਪਾਲ ਸਿੰਘ ਖਹਿਰਾ, ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਕੈਪਟਨ ਸੰਦੀਪ ਸੰਧੂ ਨੇ ਸਾਬਕਾ ਵਿਧਾਇਕ ਗੋਲਡੀ ਖੰਗੂੜਾ ਦੀ ਨਰਾਜ਼ਗੀ ਦੂਰ ਕੀਤੀ।

ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੇ ਸੁਖਪਾਲ ਸਿੰਘ ਖਹਿਰਾ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਇਸ ਮੁਹਿੰਮ ਨੂੰ ਤੁਹਾਡੀ ਨਹੀਂ, ਬਲਕਿ ਆਪਣੀ ਖੁਦ ਦੀ ਚੋਣ ਮੁਹਿੰਮ ਬਣਾ ਕੇ ਤੁਰਨਗੇ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਉਮੀਦਵਾਰ ਦੀ ਜਿੱਤ ਯਕੀਨੀ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ ਜਿਹੜੀਆਂ ਦਿੱਕਤਾਂ ਉਨ੍ਹਾਂ 2022 ਦੀਆਂ ਲੋਕ ਸਭਾ ਚੋਣਾਂ ਵੇਲੇ ਦੇਖੀਆਂ ਹਨ, ਪਰ ਕੁੱਝ ਬੰਦਿਆਂ ਨੇ ਉਸ ਵੇਲੇ ਮੇਰੀ ਬਾਂਹ ਨਹੀਂ ਫੜੀ, ਪਰ ਮੇਰੇ ਨਾਲ ਹੋਈਆਂ ਉਹ ਗੱਲਾਂ ਨੂੰ ਤੁਹਾਡੇ ਨਾਲ ਨਹੀਂ ਹੋਣ ਦਿਆਂਗੇ।ਇਸ ਮੌਕੇ ਦਲਵੀਰ ਸਿੰਘ ਗੋਲਡੀ ਦੀ ਪਤਨੀਂ ਸਿਮਰਤ ਖੰਗੂੜਾ ਨੇ ਆਪਣੇ ਸੰਬੋਧਨ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੂੰ ਵਫ਼ਾਦਾਰੀ, ਇਮਾਨਦਾਰੀ ਤੇ ਜਜ਼ਬੇ ਨਾਲ ਲੋਕ ਸਭਾ ਹਲਕਾ ਸੰਗਰੂਰ ਤੋਂ ਜਿਤਾਉਣ ਦਾ ਭਰੋਸਾ ਵੀ ਦਿਵਾਇਆ।ਇਸ ਮੌਕੇ ਸੰਬੋਧਨ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੈਨੂੰ ਦਲਵੀਰ ਸਿੰਘ ਗੋਲਡੀ ਵਿੱਚ ਮੈਨੂੰ ਮੇਰਾ ਪੁੱਤਰ ਮਹਿਤਾਬ ਖਹਿਰਾ ਹੀ ਦਿਖਾਈ ਦੇ ਰਿਹਾ ਹੈ।ਉਨ੍ਹਾਂ ਕਿਹਾ ਕਿ ਜਜ਼ਬਾਤੀ ਲੋਕਾਂ ਦਾ ਸਫ਼ਰ ਹਮੇਸ਼ਾ ਲੰਮਾ ਹੁੰਦਾ ਹੈ ਤੇ ਕਿਹਾ ਕਿ ਮੇਰੇ ਖਿਲਾਫ਼ ਸਿਆਸੀ ਰੰਜ਼ਿਸ਼ਬਾਜੀ ਤਹਿਤ 17 ਮੁਕੱਦਮੇ ਦਰਜ ਹੋਏ ਤੇ ਮੇਰੀ ਜ਼ਿੰਦਗੀ ਵਿੱਚ ਦੁਨੀਆਂ ਭਰ ਵਿੱਚ ਬੈਠੇ ਲੋਕਾਂ ਨੇ ਮੇਰੀ ਮੱਦਦ ਕੀਤੀ। ਉਨ੍ਹਾਂ ਕਿਹਾ ਕਿ ਮੈਂ ਕਦੇ ਆਪਣੀ ਚੋਣ ਖੁਦ ਨਹੀਂ ਲੜੀ ਤੇ ਮੇਰੀ ਕਮਾਈ ਮੇਰੇ ਲੋਕ ਹੀ ਹਨ।ਉਨ੍ਹਾਂ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਨ 'ਤੇ ਗੋਲਡੀ ਦੀ ਗੱਡੀ ਤੇ ਝੰਡੀ ਲਾ ਕੇ ਜਾਵਾਂਗੇ, ਭਾਵੇਂ ਮੇਰੀ ਗੱਡੀ ਤੇ ਲੱਗੇ ਚਾਹੇ ਨਾ ਲੱਗੇ।ਉਨ੍ਹਾਂ ਕਿਹਾ ਕਿ ਮੈਂ ਕਦੇ ਸੰਗਰੂਰ ਲੋਕ ਸਭਾ ਹਲਕਾ ਦੀ ਟਿਕਟ ਨਹੀਂ ਮੰਗੀ, ਪਰ ਮੈਂ ਪਾਰਟੀ ਨੇ ਇਥੇ ਮੇਰੀ ਜ਼ਿੰਮੇਵਾਰੀ ਲਾਈ ਹੈ, ਜਿਸ ਨੂੰ ਮੈਂ ਇਥੇ ਨਿਭਾਉਣ ਆਇਆ ਹਾਂ।ਉਨ੍ਹਾਂ ਕਿਹਾ ਕਿ ਮੇਰੀ ਲੜਾਈ ਦੋ ਸ਼ਕਤੀਆਂ ਭਾਜਪਾ ਤੇ 'ਆਪ' ਪਾਰਟੀ ਨਾਲ ਹੈ, ਮੈਨੂੰ ਵੀ ਈਡੀ ਨੇ ਗ੍ਰਿਫ਼ਤਾਰ ਕੀਤਾ ਸੀ, ਕਿਉਂਕਿ ਕੇਂਦਰ ਸਰਕਾਰ ਲਗਾਤਾਰ ਵਿਰੋਧੀ ਧਿਰਾਂ ਨੂੰ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਜੇਕਰ 2024 ਵਿੱਚ ਭਾਜਪਾ ਜਿੱਤਦੀ ਹੈ ਤਾਂ ਭਾਜਪਾ ਸੰਵਿਧਾਨ ਬਦਲ ਦੇਵੇਗੀ। ਉਨ੍ਹਾਂ ਭਗਵੰਤ ਮਾਨ ਨੂੰ ਆੜੇ ਹੱਥੇ ਲੈਂਦਿਆਂ ਕਿਹਾ ਕਿ ਭਗਵੰਤ ਮਾਨ ਦੇ ਰਾਜ ਅੰਦਰ ਕਿਸਾਨਾਂ, ਸਿੱਖੀ ਨੂੰ ਰੋਲਿਆ ਗਿਆ ਤੇ ਭਗਵੰਤ ਮਾਨ ਭਾਜਪਾ ਦੀ ਬੀ ਟੀਮ ਬਣ ਕੇ ਕਿਸਾਨੀ ਅੰਦੋਲਨ ਨੂੰ ਕੁਚਲਿਆ। ਅੱਜ ਤੱਕ ਸ਼ੁਭਕਰਨ ਦੀ ਮੌਤ ਸਬੰਧੀ ਐਫ.ਆਈ.ਆਰ ਦਰਜ਼ ਨਹੀਂ ਕੀਤੀ ਗਈ ਤੇ ਪੁਲਸ ਕਦੇ ਵੀ ਅਣਪਛਾਤੀ ਨਹੀਂ ਹੁੰਦੀ, ਜਦੋਂ ਸਭ ਕੁੱਝ ਵੀਡਿਓਗ੍ਰਾਫ਼ੀ ਵਿੱਚ ਮੌਜੂਦ ਹੈ ਤਾਂ ਫਿਰ ਕਾਰਵਾਈ ਕਰਨ ਤੋਂ ਗੁਰੇਜ ਕਿਓ।

## ਭਾਰਤੀ ਆਰਟੀਸਨਲ ਸਿੰਗਲ ਮਾਲਟ ਗੋਦਾਵਨ ਹੁਣ ਪੰਜਾਬ ਚੰਡੀਗੜ੍ਹ ਤੇ ਮੱਧ ਪ੍ਰਦੇਸ਼ 'ਚ ਲਾਂਚ

ਚੰਡੀਗੜ੍ਹ : ਆਰਟੀਸਨਲ ਸਿੰਗਲ ਮਾਲਟ ਵਿਸਕੀ ਗੋਦਾਵਨ, ਜੋ ਵਿਸਕੀ ਪਰੰਪਰਾਵਾਂ ਨੂੰ ਮੁੱਖ ਰੱਖਦੇ ਹੋਏ ਰਵਾਇਤੀ ਨਿਯਮਾਂ ਨੂੰ ਚੁਣੌਤੀ ਦਿੰਦੀ ਹੈ, ਨੇ ਅੱਜ ਐਲਾਨ ਕੀਤਾ ਕਿ ਇਹ ਪੰਜਾਬ, ਚੰਡੀਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਆਪਣੇ ਇਸ ਬ੍ਰਾਂਡ ਨਾਲ ਕਦਮ ਰੱਖ ਰਹੀ ਹੈ ਇੱਕ ਅਜਿਹਾ ਕਦਮ ਹੈ ਜੋ ਭਾਰਤ ਦੇ 7 ਬਾਜ਼ਾਰਾਂ ਵਿੱਚ ਆਪਣੀ ਰਾਸ਼ਟਰੀ ਮੌਜੂਦਗੀ ਨੂੰ ਮਜ਼ਬੂਤ ਕਰਦਾ ਹੈ। ਡਿਆਜੀਓ ਇੰਡੀਆ ਤੋਂ ਦ ਗੁੱਡ ਕਰਾਫਟ ਕੰਪਨੀ ਦੇ ਦਿਮਾਗ ਦੀ ਉਪਜ, ਗੋਦਾਵਨ ਇੱਕ ਵਿਲੱਖਣ ਸਿੰਗਲ ਮਾਲਟ ਤਿਆਰ ਕਰ ਰਿਹਾ ਹੈ ਜੋ ਧਾਰਨਾਵਾਂ ਅਤੇ ਰਵਾਇਤੀ ਵਿਸਕੀ ਉਤਪਾਦਨ ਦੇ ਨਾਰਮ ਨੂੰ ਚੁਣੌਤੀ ਦਿੰਦਾ ਹੈ। ਡਿਆਜੀਓ ਇੰਡੀਆ ਦੇ ਚੀਫ ਇਨੋਵੇਸ਼ਨ ਅਫਸਰ ਵਿਕਰਮ ਦਾਮੋਦਰਨ ਕਹਿੰਦੇ ਹਨ,"ਜਿਵੇਂ ਕਿ ਭਾਰਤ ਦੀ ਵਿਸਕੀ ਸ਼ਿਲਪ ਕੌਸ਼ਲ ਨੂੰ ਵਿਸਵ ਪੱਧਰ 'ਤੇ ਮਾਨਤਾ ਮਿਲ ਰਹੀ ਹੈ, ਇਸ ਲਈ ਲਗਾਤਾਰ ਨਵੀਨਤਾ ਅਤੇ ਬੇਮਿਸਾਲ ਗੁਣਵੱਤਾ ਦੇ ਮਿਆਰਾਂ ਨੂੰ ਬਰਕਰਾਰ ਰੱਖਣਾ ਮਹੱਤਵਪੂਰਨ ਹੈ।"

## ਮੰਨਾ ਨੂੰ ਖਡੂਰ ਸਾਹਿਬ ਤੋਂ ਉਮੀਦਵਾਰ ਬਣਾਏ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮਨਦੀਪ ਸਿੰਘ ਮੰਨਾ ਮੀਆਂਵਿੰਡ ਨੂੰ ਉਮੀਦਵਾਰ ਬਣਾਏ ਜਾਣ 'ਤੇ ਬੀ ਜੇ ਪੀ ਦੇ ਤਰਸਿੱਕਾ ਦੇ ਸਰਕਲ ਪ੍ਰਧਾਨ ਸ਼ੇਰ ਸਿੰਘ ਜੋਧਾਨਗਰੀ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਦਿੱਲੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਗੱਲਬਾਤ ਮੌਕੇ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਜਿਵੇਂ ਕਿਸਾਨ ਨਿਧੀ ਯੋਜਨਾ ਆਯੂਸ਼ਮਾਨ ਸਿਹਤ ਬੀਮਾ ਅਤੇ ਗਰੀਬ ਲੋਕਾਂ ਨੂੰ ਫ੍ਰੀ ਕਣਕ ਦੀ ਸਕੀਮ ਤਹਿਤ ਮਿਲ ਰਹੀਆਂ ਸਹੂਲਤਾਂ ਕਰਕੇ ਲੋਕ ਭਾਜਪਾ ਨੂੰ ਪਸੰਦ ਕਰਦੇ ਹਨ। ਇਸ ਲਈ ਕੀਤੇ ਕੰਮਾਂ ਕਰਕੇ ਮੋਦੀ ਦੀ ਤੀਸਰੀ ਵਾਰ ਸਰਕਾਰ ਬਣਨਾ ਲਗਭਗ ਤੈਅ ਹੈ। ਇਸ ਮੌਕੇ ਦਲਜੀਤ ਸਿੰਘ, ਹੀਰਾ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ ਸੁੱਖਾ ਆਦਿ ਹਾਜ਼ਰ ਸਨ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਅਮਨਦੀਪ ਕੌਰ ਘੁੰਮਣ ਪੀ ਸੀ ਐੱਸ ਉਪ ਮੰਡਲ ਮੈਜਿਸਟ੍ਰੇਟ-ਕਮ-ਕੁਲੈਕਟਰ ਉਪ ਮੰਡਲ ਲੋਪੋਕੇ (ਜ਼ਿਲ੍ਹਾ ਅੰਮ੍ਰਿਤਸਰ)

ਇਸ ਅਖਬਾਰੀ ਇਸ਼ਤਿਹਾਰ ਰਾਹੀਂ ਆਮ, ਖਾਸ, ਦਰਖਾਸਤ ਫੱਕਉਲ ਰਹਿਣ ਵਿੱਚ ਦਰਸਾਈ ਜ਼ਮੀਨ ਦੇ ਪ੍ਰਭਾਵਿਤ ਵਿਅਕਤੀਆਂ ਸਮੇਤ ਸਾਧੂ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਲਹਿਣਾ ਸਿੰਘ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ [illegible] ਖਸਰਾ ਨੰ. 122//17/1 (3-12) ਕੁੱਲ ਰਕਬਾ 03 ਕਨਾਲ 12 ਮਰਲੇ [illegible] ਮਿਤੀ 10.04.2024 [illegible] ਮਿਤੀ 30.04.2024 [illegible]

ਸਹੀ/- ਉਪ ਮੰਡਲ ਮੈਜਿਸਟ੍ਰੇਟ-ਕਮ-ਕੁਲੈਕਟਰ, ਉਪ ਮੰਡਲ, ਲੋਪੋਕੇ (ਜ਼ਿਲ੍ਹਾ ਅੰਮ੍ਰਿਤਸਰ)
ਨੰ. 277 ਮਿਤੀ 18/4/2024

## COURT NOTICE

(U/o 5 Rule 20 CPC)
In the Court of Sh. Tanveer Singh Madhav Civil Judge (Junior Division), Tarn Taran
Next date, Purpose of case, orders and Judgments as well as other case information is available on http://districts.ecourts.gov.in
CNR No. PBTT02-000800-2019
Next Date: 30-04-2024
Major Singh
Vs
Lakhbir Singh
Publication Issued to:
3. Manjit Kaur W/o Lakhwinder Singh S/o Dial Singh, 4. Paramjit Kaur W/o Avtar Singh R/o Dial Singh R/o Bath Road Tarn Taran, 9. Rajbir Kaur W/o Baldev Singh S/o Gajjan Singh R/o Vill. Sheron Tehsil and Distt. Tarn Taran, 12. Sarabjit Kaur W/o Harbhajan Singh S/o Tara Singh R/o Vill. Goindwal Sahib, Tehsil Khadoor Sahib Tarn Taran, 15. Kulwant Kaur D/o Sajjan Singh S/o Kirpal Singh R/o Vill. Palasour Tehsil and Distt. Tarn Taran, 11. Daljit Kaur W/o Tarn Singh LR(a) Harbhajan Singh S/o Tara Singh S/o Samund Singh R/o Vill. Goindwal Sahib Tehsil and Distt. Tarn Taran.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 30.04.2024 at 10:00 A.M.

For details logon to https://highcourtchd.gov.in/?trs=district_notice&district= Tarn Taran
Civil Judge (Junior Division) , Tarn Taran
Dated this day of 10-04-2024

## COURT NOTICE

(U/o 5 Rule 20 CPC)
In the Court of Sh. Tanveer Singh Madhav Civil Judge (Junior Division) , Tarn Taran
Next date, Purpose of case, orders and Judgments as well as other case information is available on http://districts.ecourts.gov.in
CNR No. PBTT02-000656-2022
Next Date: 30-04-2024
Preet Harjinder Singh Vs Manjinder Singh
Publication Issued to:
4. Kashmir Kaur W/o Harnam Singh S/o Teja Singh, 5. Dharam Singh S/o Dalip Singh S/o Fauja Singh R/o Vill. Jeo Bala District Tarn Taran, 9. Lakhvir Singh S/o Joginder Singh S/o Teja Singh, 12. Ranjit Kaur W/o Sarabjit Singh S/o Karnail Singh R/o Village Behla, Tehsil and Distt. Tarn Taran, 18. Rajdeep Singh S/o Baljit Singh, 20. Harjit Kaur W/o Ravinder Singh S/o Nirmal Singh, 22. Sarwan Singh S/o Sakattar Singh S/o Harnam Singh R/o Vill. Sirhali, Tehsil and Distt. Tarn Taran, 23. Gurdarshan Singh S/o Malkit Singh S/o Sakattar Singh R/o Village Behla, Tehsil and Distt. Tarn Taran, 26. Daljit Singh S/o Gurcharan Singh R/o Vill. Sirhali, Tehsil and Distt. Tarn Taran, 38. Paramjit Kaur W/o Ravinder Singh S/o Kirpal Singh R/o Vill. Sirhali, Tehsil and Distt. Tarn Taran.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 30.04.2024 at 10:00 A.M.

For details logon to https://highcourtchd.gov.in/?trs=district_notice&district= Tarn Taran
Civil Judge (Junior Division) , Tarn Taran
Dated this day of 10-04-2024

## COURT NOTICE

(U/o 5 Rule 20 CPC)
In the Court of Sh. Yukti Goyal Addl. District and Sessions Judge VIII, Jalandhar
CNR No. PBJL01-016818-2023
Next Date :- 08-05-2024
Bindu Bhatara
Vs.
General Public
For setting aside the Judgment and decree dated 25.10.2023 passed by the court of Amit Kumar Garg ACJSD Jalandhar and to accept the appeal.
Publication Issued to :
General Public
other : General Public
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 08.05.2024 at 10:00 A.M.
For details logon to https://highcourtchd.gov.in/?trs=district_notice&district= Jalandhar
Addl. District and Sessions Judge VIII, Jalandhar
Dated this day of 16-04-2024

## COURT NOTICE

(U/o 5 Rule 20 CPC)
In the Court of MS. Neha Goel Additional Civil Judge (Senior Division) Dhuri
PBSGB0-000382-2022
Next date : 24.05.2024
Punjab National Bank
Vs.
Ranjit Kaur Widow of Late Sh. Zora Singh Son of Sh. Sampuran Singh
Publication Issued to :
4. Smt. Satwinder Kaur daughter of Sh. Zora Singh and Smt. Ranjit Kaur R/o Village Tibba, Sub Tehsil Sherpur, Tehsil Dhuri, Distt. Sangrur now married to Sh. Gurmel Singh Village Racheen, Distt. Ludhiana. 5. Smt. Charanjit Kaur daughter of Sh. Zora Singh and Smt. Ranjit Kaur R/o Village Tibba, Sub Tehsil Sherpur, Tehsil Dhuri, Distt. Sangrur now married to Sh. Chanchal Singh of Village Sanghera, Distt. Sangrur.
In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 24.05.2024 at 10:00 A.M.
For details logon to https://highcourtchd.gov.in/?trs=district_notice&district= Sangrur
Additional Civil Judge (Senior Division) (Dhuri)
Dated this day of 05-04-2024

## COURT NOTICE

(U/o 5 Rule 20 CPC)
In the Court of Sh. Gurdev Singh Civil Judge (Junior Division), Pathankot
CNR No. PBPO02-001551-2019
Next Date : 18-05-2024
Canara Bank
VS
Yashica Anand
The Plaintiff Prays for recovery of amount of Rs. 3,15,715/-from defendant along with interest.
Publication Issued To :
Yashica Anand :- Amardeep Anand, Resident of H. No. 65 D Abrol Nagar Pathankot
In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 18.05.2024 at 10:00 A.M.
For details logon to https://highcourtchd.gov.in/?trs=district_notice&district= Pathankot
Civil Judge (Junior Division) Pathankot
Dated this day of 12-04-2024

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ ਕਮ ਏ. ਸੀ. 1 ਗੁਰਾਇਆ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।
ਨੰਬਰ 03/ਆਰ ਸੀ/ਰੀਡਰ ਮਿਤੀ 18.04.2024
ਵਿਸ਼ਾ : ਵਸੀਅਤ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40 ਏ ਅਧੀਨ ਰਜਿਸਟਰ ਕਰਨ ਸੰਬਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਸ੍ਰੀਮਤੀ ਕਮਲਜੀਤ ਕੌਰ ਪਤਨੀ ਸੁਰਿੰਦਰ ਸਿੰਘ ਮੁਖਤਾਰ ਆਮ ਵੱਲੋਂ ਚਰਨ ਕੌਰ ਹੇਅਰ ਪਤਨੀ ਲੇਟ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ ਪੁੱਤਰ ਉੱਤਮ ਸਿੰਘ ਵਾਸੀ ਪਿੰਡ ਪੱਦੀ ਜਗੀਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਦਰਖਾਸਤ ਦਿੱਤੀ ਹੈ ਕਿ ਉਸ ਦੇ ਪਤੀ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ ਪੁੱਤਰ ਉੱਤਮ ਸਿੰਘ ਵਾਸੀ ਪਿੰਡ ਪੱਦੀ ਜਗੀਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੀ ਮੌਤ 02.12.2020 ਨੂੰ ਹੋ ਚੁੱਕੀ ਹੈ। ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਮਿਤੀ 08.03.2014 ਨੂੰ ਇਕ ਅਣ-ਰਜਿਸਟਰਡ ਵਸੀਅਤ ਆਪਣੀ ਪਤਨੀ ਸ੍ਰੀਮਤੀ ਚਰਨ ਕੌਰ ਹੇਅਰ ਪਤਨੀ ਜੋਗਿੰਦਰ ਸਿੰਘ ਦੇ ਨਾਂਅ ਕੀਤੀ ਸੀ, ਇਹ ਵਸੀਅਤ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਵੇ।

ਇਹ ਵਸੀਅਤ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40 ਦੇ ਅਧੀਨ ਰਜਿਸਟਰਡ ਕੀਤੀ ਜਾਣੀ ਹੈ, ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿਚ ਕਿਸੇ ਨੂੰ ਵੀ ਇਤਰਾਜ਼ ਹੋਵੇ ਤਾਂ 21 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ਼ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿਚ ਹਾਜ਼ਰ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਦੀ ਅਗਲੀ ਕਾਰਵਾਈ ਆਰੰਭੀ ਜਾਵੇਗੀ।

ਸਹੀ/-ਜਾਇੰਟ ਸਬ ਰਜਿਸਟਰਾਰ, ਗੁਰਾਇਆ।

## COURT NOTICE

(U/o 5 Rule 20 CPC)
In the Court of
Sh. Gurkiran Singh
Civil Judge Junior Division-3, Patiala
CNR No. PBPT02-001542-2020
Next Date : 17-05-2024
IDBI Bank Ltd. Through Sandeep Kaur
VS
Manjit Kaur
Publication Issued To :
Manjit Kaur Wife of Harwinder Singh R/o H. No. 627, Street No. 3, Balmiki Colony Tripuri Town, Patiala.
In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 17.05.2024 at 10:00 A.M.
For details logon to https://highcourtchd.gov.in/?trs=district_notice&district=Patiala
Civil Judge Junior Division-3, Patiala
Dated this day of 09-04-2024

## COURT NOTICE

(U/o 5 Rule 20 CPC)
In the Court of
Sh. Gurkiran Singh
Civil Judge Junior Division-3, Patiala
CNR No. PBPT02-000817-2020
Next Date : 27-05-2024
IDBI Bank Ltd. Through Sandeep Kumar
VS
Onkar Singh
Publication Issued To :
Onkar Singh S/o Labh Singh resident of Village Bathli, Tehsil Rajpura, Distt. Patiala Now deceased through his Lrs- (B) Kulwinder Kaur (C) Narinder Kaur (daughters (E) Gurinder Singh (Son) of Late Onkar Singh. All R/o Vill. Bathli, Teh. Rajpura, Distt. Patiala.
In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 27.05.2024 at 10:00 A.M.
For details logon to https://highcourtchd.gov.in/?trs=district_notice&district= Patiala
Civil Judge Junior Division-3, Patiala
Dated this day of 09-04-2024


## POLICE DAV PUBLIC SCHOOL

PAP CAMPUS, JALANDHAR CANTT. MOB. NO. 7087956715
E-mail: papdavjl@yahoo.co.in www.policedavjal.in
(CO-EDUCATIONAL ENGLISH MEDIUM SCHOOL) MANAGED BY DAV COLLEGE MANAGING COMMITTEE, NEW DELHI
(AFFILIATED TO CBSE, NEW DELHI. VIDE NO. 1630154)

### TENDER FOR CANTEEN (2024-2025)

Sealed tender are invited for running Canteen in the School premises. The school has 5000 students. Prescribed proforma is available from the school office on payment of Rs. 200/-. The undersigned reserves the right to reject any or all the tenders without assigning any reason.

Principal
Mob. No. 7087956715


## ਦਫ਼ਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ (ਪਬਲਿਕ ਨੋਟਿਸ)

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੰਦਨਾ (ਪੁੱਤਰੀ ਲੇਟ ਗੰਗਾ ਰਾਮ) ਪਤਨੀ ਮਦਨ ਲਾਲ ਵਾਸੀ ਮੁਹੱਲਾ ਚੋਡੀਆਂ ਕਰਤਾਰਪੁਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਇਕ ਮਕਾਨ ਯੂ.ਆਈ.ਡੀ. ਨੰ: ਬੀ-05-0237 ਰਕਬਾ ਲੱਗਭੱਗ 3 ਮਰਲੇ (832 ਵਰਗ ਫੁੱਟ) ਵਾਕਿਆ ਲੋਹਾਰਾ ਮੁਹੱਲਾ ਕਰਤਾਰਪੁਰ ਸਾਡੀ ਮਾਤਾ ਕਮਲਾ ਰਾਣੀ ਪਤਨੀ ਲੇਟ ਗੰਗਾ ਰਾਮ ਦੀ ਜੱਦੀ ਮਲਕੀਤੀ ਹੈ। ਹੁਣ ਕਮਲਾ ਰਾਣੀ ਦੀ ਮੌਤ ਮਿਤੀ 29.08.2023 ਨੂੰ ਅਤੇ ਪਿਤਾ ਗੰਗਾ ਰਾਮ ਦੀ ਮੌਤ ਮਿਤੀ 14.08.2011 ਨੂੰ ਹੋ ਚੁੱਕੀ ਹੈ।

1. ਬੰਦਨਾ (ਪਤਨੀ ਮਦਨ ਲਾਲ) ਪੁੱਤਰੀ, 2. ਸ਼ਕੁੰਤਲਾ ਦੇਵੀ (ਪਤਨੀ ਹਰਬੰਸ ਸਿੰਘ), 3. ਸੁਮਨ ਲਤਾ (ਪਤਨੀ ਤਿਰਲੋਕ ਚੰਦ) ਪੁੱਤਰੀ, 4. ਗੀਤਾ ਰਾਣੀ (ਪਤਨੀ ਪਵਨ ਕੁਮਾਰ) ਪੁੱਤਰੀ, 5. ਸੁਦੇਸ਼ ਕੁਮਾਰੀ (ਪਤਨੀ ਅਨਿਲ ਕੁਮਾਰ) ਪੁੱਤਰੀ, 6. ਨਿਸ਼ਾ (ਪਤਨੀ ਸੁਰਿੰਦਰ ਕੁਮਾਰ) ਪੁੱਤਰੀ, 7. ਮੀਨੂੰ ਅਜਰਾਵਤ (ਪਤਨੀ ਗੁਰਵਿੰਦਰ ਸਿੰਘ) ਪੁੱਤਰੀ, 8. ਪ੍ਰੀਤੀ ਪਰਵਾਤ (ਪਤਨੀ ਦੀਪਕ ਕੁਮਾਰ) ਪੁੱਤਰੀਆਂ ਲੇਟ ਗੰਗਾ ਰਾਮ ਨੇ ਸਵੈ ਘੋਸ਼ਣਾ ਪੱਤਰ ਦਿੱਤੇ ਹਨ ਕਿ ਸਾਡੇ ਅੱਠਾਂ ਭੈਣਾਂ ਤੋਂ ਇਲਾਵਾ ਇਸ ਪ੍ਰਾਪਰਟੀ ਦਾ ਹੋਰ ਕੋਈ ਵਾਰਸ ਨਹੀਂ ਹੈ। ਉਪਰੋਕਤ ਵਾਰਸਾਂ ਨੇ ਸਵੈ ਘੋਸ਼ਣਾ ਪੱਤਰ ਰਾਹੀਂ ਕਿਹਾ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿਚ ਉਪਰੋਕਤ ਦਰਸਾਏ ਵਾਰਸਾਂ ਦੇ ਨਾਂਅ 'ਤੇ ਬਰਾਬਰ-ਬਰਾਬਰ ਤਬਦੀਲ/ਦਰਜ ਕਰ ਦਿੱਤੀ ਜਾਵੇ ਅਤੇ ਨਗਰ ਕੌਂਸਲ ਦੇ ਰਿਕਾਰਡ ਵਿਚ ਟਰਾਂਸਫਰ ਕਰਨ ਦੀ ਕੌਂਸਲਰ ਬਾਲ ਮੁਕੰਦ ਨੇ ਵੀ ਸਵੈ-ਘੋਸ਼ਣਾ ਪੱਤਰ ਰਾਹੀਂ ਸਿਫਾਰਸ਼ ਕੀਤੀ ਹੈ। ਨਗਰ ਕੌਂਸਲ ਦੇ ਟੀ.ਐੱਸ.-1 ਰਿਕਾਰਡ ਵਿਚ ਇਹ ਪ੍ਰਾਪਰਟੀ ਕਮਲਾ ਰਾਣੀ ਪਤਨੀ ਗੰਗਾ ਰਾਮ ਦੇ ਨਾਂਅ 'ਤੇ ਦਰਜ ਹੈ ਅਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਇਹ ਮਕਾਨ ਕਮਲਾ ਰਾਣੀ ਪਤਨੀ ਗੰਗਾ ਰਾਮ ਦੇ ਨਾਂਅ 'ਤੇ ਦਰਜ ਹੈ। ਬਿਨੈਕਾਰ ਵੱਲੋਂ ਆਪਣੀ ਘਰੇਲੂ ਵੰਡ, ਰਜਿਸਟਰਡ/ਅਣਰਜਿਸਟਰਡ ਵਸੀਅਤ ਮਾਲ ਵਿਭਾਗ ਦਾ ਰਿਕਾਰਡ ਜੋ ਬਿਨੈਕਾਰ ਦੀ ਮਾਲਕੀ ਦਰਸਾਉਂਦਾ ਹੋਵੇ, ਉਹ ਪੇਸ਼ ਨਹੀਂ ਕੀਤਾ ਹੈ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਪ੍ਰਾਪਰਟੀ ਟੈਕਸ ਮੰਤਵ ਲਈ ਲੇਟ ਕਮਲਾ ਰਾਣੀ ਦੇ ਉਪਰੋਕਤ ਵਾਰਸਾਂ ਦੇ ਨਾਂਵਾਂ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ ਕਰਤਾਰਪੁਰ।

## ਦਫ਼ਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ (ਪਬਲਿਕ ਨੋਟਿਸ)

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਜੇ ਕੁਮਾਰ ਕਲੇਰ ਪੁੱਤਰ ਬ੍ਰਿਜ ਲਾਲ ਅਤੇ ਸੁਨੀਤਾ ਰਾਣੀ ਪਤਨੀ ਵਿਜੇ ਕੁਮਾਰ ਕਲੇਰ ਵਾਸੀਆਨ ਮਕਾਨ ਨੰਬਰ 452 ਕਲੇਰ ਸਟਰੀਟ ਆਰੀਆ ਨਗਰ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਮਕਾਨ ਯੂ.ਆਈ.ਡੀ. ਨੰ: ਬੀ-12-0143 ਰਕਬਾ ਲੱਗਭੱਗ 1241 ਵਰਗ ਫੁੱਟ ਵਾਕਿਆ ਆਰੀਆ ਨਗਰ ਕਰਤਾਰਪੁਰ ਉਨ੍ਹਾਂ ਦੇ ਪਿਤਾ ਬ੍ਰਿਜ ਲਾਲ ਪੁੱਤਰ ਮੇਲਾ ਰਾਮ ਦੀ ਜੱਦੀ ਮਲਕੀਤੀ ਹੈ। ਬਿਨੈਕਾਰ ਨੇ ਆਪਣਾ ਸਵੈ ਘੋਸ਼ਣਾ ਪੱਤਰ, ਆਪਣੇ ਪਿਤਾ ਬ੍ਰਿਜ ਲਾਲ ਦੀ ਮੌਤ ਦੇ ਸਰਟੀਫਿਕੇਟ ਦੀ ਕਾਪੀ, ਰਜਿਸਟਰਡ ਵਸੀਅਤ ਦੀ ਕਾਪੀ, ਨਕਸ਼ੇ ਦੀ ਕਾਪੀ ਅਤੇ ਆਧਾਰ ਦੀ ਕਾਪੀ ਨਾਲ ਨੱਥੀ ਕੀਤੀ ਗਈ ਹੈ। ਬਿਨੈਕਾਰ ਦੇ ਪਿਤਾ ਬ੍ਰਿਜ ਲਾਲ ਨੇ ਉਕਤ ਪ੍ਰਾਪਰਟੀ ਸੰਬੰਧੀ ਇਕ ਰਜਿਸਟਰਡ ਵਸੀਅਤ ਨੰਬਰ 40 ਮਿਤੀ 06.09.2016 ਨੂੰ ਆਪਣੇ ਪੁੱਤਰ ਵਿਜੇ ਕੁਮਾਰ ਪੁੱਤਰ ਬ੍ਰਿਜ ਲਾਲ ਦੇ ਹੱਕ ਵਿਚ ਕੀਤੀ ਹੈ। ਬਿਨੈਕਾਰ ਦੇ ਪਿਤਾ ਦੀ ਮੌਤ ਮਿਤੀ 25.12.2020 ਨੂੰ ਹੋ ਚੁੱਕੀ ਹੈ। ਵਿਜੇ ਕੁਮਾਰ ਨੇ ਸਵੈ-ਘੋਸ਼ਣਾ ਪੱਤਰ ਰਾਹੀਂ ਕਿਹਾ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿਚ ਆਪਣੇ ਨਾਂਅ 'ਤੇ ਦਰਜ/ਤਬਦੀਲ ਕਰਨ ਲਈ ਬੇਨਤੀ ਕੀਤੀ ਹੈ। ਨਗਰ ਕੌਂਸਲ ਦੇ ਟੀ. ਐੱਸ. 1 ਵਿਚ ਇਹ ਪ੍ਰਾਪਰਟੀ ਟੀ ਐੱਸ ਨੰ: 452 ਵਿਚ ਬ੍ਰਿਜ ਲਾਲ ਪੁੱਤਰ ਮੇਲਾ ਰਾਮ ਦੇ ਨਾਂਅ 'ਤੇ ਦਰਜ ਹੈ। ਬਿਨੈਕਾਰ ਵੱਲੋਂ ਰਜਿਸਟਰਡ ਵਸੀਅਤ ਤੋਂ ਇਲਾਵਾ ਹੋਰ ਕੋਈ ਵੀ ਮਾਲਕੀ ਸਬੂਤ ਪੇਸ਼ ਨਹੀਂ ਕੀਤਾ ਅਤੇ ਇਕ ਪਲਾਟ ਯੂ. ਆਈ. ਡੀ. ਨੰਬਰ-12-0280 ਅਤੇ ਰਕਬਾ ਲੱਗਭੱਗ 8 ਮਰਲੇ (2216 ਵਰਗ ਫੁੱਟ) ਹੈ। ਇਹ ਪ੍ਰਾਪਰਟੀ ਬਿਨੈਕਾਰ ਨੇ ਇਕਰਾਰਨਾਮਾ ਮਿਤੀ 07.04.2022 ਖਰੀਦ ਕੀਤੀ ਹੈ। ਬਿਨੈਕਾਰ ਨੇ ਆਪਣਾ ਸਵੈ-ਘੋਸ਼ਣਾ ਪੱਤਰ ਸ਼ਾਮ ਸੁੰਦਰ ਪਾਲ ਕੌਂਸਲਰ ਦਾ ਵੀ ਸਵੈ-ਘੋਸ਼ਣਾ ਪੱਤਰ, ਪਾਣੀ-ਸੀਵਰੇਜ ਅਤੇ ਪ੍ਰਾਪਰਟੀ ਟੈਕਸ ਦੀਆਂ ਰਸੀਦਾਂ, ਇਕਰਾਰਨਾਮਾ ਦੀ ਫੋਟੋ ਕਾਪੀ, ਨਕਸ਼ੇ ਦੀ ਕਾਪੀ, ਮੌਕੇ ਦੀ ਫੋਟੋ ਅਤੇ ਆਧਾਰ ਦੀ ਕਾਪੀ ਨਾਲ ਨੱਥੀ ਕੀਤੀ ਗਈ ਹੈ। ਪ੍ਰਾਪਰਟੀ ਟੈਕਸ ਸਰਵੇ ਸਮੇਂ ਮੌਕੇ 'ਤੇ ਮੌਜੂਦ ਨਾ ਹੋਣ ਕਾਰਨ ਇਹ ਪ੍ਰਾਪਰਟੀ ਮੇਰੇ ਨਾਂਅ 'ਤੇ ਦਰਜ ਨਹੀਂ ਹੋ ਸਕੀ।

ਸੁਨੀਤਾ ਰਾਣੀ ਨੇ ਸਵੈ-ਘੋਸ਼ਣਾ ਪੱਤਰ ਰਾਹੀਂ ਇਹ ਪ੍ਰਾਪਰਟੀ ਆਪਣੇ ਨਾਂਅ 'ਤੇ ਟਰਾਂਸਫਰ/ਦਰਜ ਕਰਨ ਲਈ ਬੇਨਤੀ ਕੀਤੀ ਹੈ ਅਤੇ ਕੌਂਸਲਰ ਸ਼ਾਮ ਸੁੰਦਰ ਨੇ ਵੀ ਸਵੈ-ਘੋਸ਼ਣਾ ਪੱਤਰ ਰਾਹੀਂ ਸਿਫਾਰਸ਼ ਕੀਤੀ ਹੈ। ਇਸ ਪ੍ਰਾਪਰਟੀ ਦਾ ਟੀ. ਐੱਸ.1 ਰਿਕਾਰਡ ਨਹੀਂ ਹੈ ਅਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਖਾਲੀ ਹੈ। ਬਿਨੈਕਾਰ ਵੱਲੋਂ ਸਵੈ-ਘੋਸ਼ਣਾ ਪੱਤਰ ਅਤੇ ਇਕਰਾਰਨਾਮੇ ਤੋਂ ਇਲਾਵਾ ਆਪਣੀ ਘਰੇਲੂ ਵੰਡ, ਰਜਿਸਟਰਡ/ਅਣਰਜਿਸਟਰਡ ਵਸੀਅਤ ਮਾਲ ਵਿਭਾਗ ਦਾ ਰਿਕਾਰਡ ਜੋ ਬਿਨੈਕਾਰ ਦੀ ਮਾਲਕੀ ਦਰਸਾਉਂਦਾ ਹੋਵੇ ਜਾਂ ਕੋਈ ਹੋਰ ਸਬੂਤ ਹੈ ਉਹ ਪੇਸ਼ ਨਹੀਂ ਕੀਤਾ ਹੈ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਪ੍ਰਾਪਰਟੀ ਟੈਕਸ ਮੰਤਵ ਲਈ ਵਿਜੇ ਕੁਮਾਰ ਕਲੇਰ ਪੁੱਤਰ ਬ੍ਰਿਜ ਲਾਲ ਅਤੇ ਸੁਨੀਤਾ ਰਾਣੀ ਪਤਨੀ ਵਿਜੇ ਕੁਮਾਰ ਦੇ ਨਾਂਅ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ ਕਰਤਾਰਪੁਰ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Kuldeep kumar S/o Amar Chand R/o H.No. 217, Golden Avenue Phase 2, Jalandhar, have changed my name from Kuldeep Kumar to Kuldip Kumar.

I, Raghav Mani S/o Tarsem Lal R/o. Kacha Kot O/S Bhandari Gate Batala, Distt Gurdaspur. Have Changed my name from Raghav Mani to Raghav. Concerned Note.

I, Rajinder Kaur D/o Balkar Singh Virdi R/o H.No. 110, Dashmesh Avenue, New Gurnam Nagar, Sultanwind Road, Amritsar, Punjab have changed my minor daughter's name from Jia Arora to Jia.

I, Kamaljeet Kaur Bangar D/o Chamkaur Singh W/o Bineypreet Singh R/o H.No. 9, Diamond Estate, Tarn Taran Road, Amritsar, Punjab have changed my name after marriage from Kamaljeet Kaur Bangar to Kamaljeet Kaur.

I, Daljit Kaur W/o Manjit Singh R/o H.No. 27, Gali No. 1, Sant Avenue, G.T Road, Amritsar, Punjab have changed my name from Daljit Kaur to Daljeet Kaur.

I, Gursahib Preet Singh S/o Kulwinder Singh R/o House No.-26, Village Ambhgarh, PO. Kartarpur, Distt. Jalandhar, Punjab-144801, declare that I have changed my name from Gursahib Preet Singh to Gursahibpreet Singh. Concerned please note.

I, Madhvi W/O Sumit Dhamija R/o H.no. 14 Near Kali Mata Mandir, Mohalla Madhuban Colony Raj Nagar, Jalandhar-144021, Punjab, have changed my name from Madhvi to Madhvi Dhamija, after marriage. (Surname as Dhamija).

I, Sham Sunder S/O Brijnandan Singh R/o Gram Pirounchha P.O. Kanta Pirounchha, Gaighat, Muzaffarpur, Bihar-847107, have changed my name from Sham Sunder to Jay Sharan Singh (Both names belongs to one and same person).

I, Inderjit Singh S/o Roshan Singh, R/O VPO Mana Talwandi, Distt. Kapurthala declare that I have changed my name from Inderjit Singh to Inderjeet Singh.

I, Munisha D/o Rajwinder R/o H.No.395,W.No.13, Baradari Mohalla Tanda Distt Hoshiarpur 144204 Punjab, India. Have Changed My Name From Munisha To Manisha

I, Surinder Kumar Pujara alias Surinder Kumar alias Surinder Pujara S/o Des Raj Pujara R/o H.No. 189 B/8, Krishna Nagar, Near Adarsh Nagar, Jalandhar, Punjab changed my name to Surinder Pujara.

I, Vansh S/o Sh. Gopal Giri R/o H.No. B-9, 682/6, Santokhpura, Tehsil & District Jalandhar, declare That I have changed my name Vansh to Vansh Giri.

I, Kulwinder Kour W/O Ravinder Singh R/O Ward No 6 Vpo & Tehsil Dera Baba Nanak Distt Gurdaspur Have Changed My Name Kulwinder Kour To Kulwinder Kaur All Concurred Please Note.

I, Jaswinder Kaur D/O Dara Ram W/O Sital Ram Sidhu R/O Vpo-Kahlwan District Jalandhar Have Changed My Name To Jaswinder Kaur Sidhu. All Concerned Note.

I, Rajwinder Kaur, W/O Paramjit Singh R/O H.No. 279, Tilak Nagar, Jalandhar, Have Changed My Name From Rajwinder Kaur To Rajbinder Kaur. All Note

I, Hitherto Known As Achar Singh S/O Kewal Singh Residing At Village Jhaj, Po Pandori Ladha, Distt. Hoshiarpur - 144520, Punjab, India Have Changed My Name And Shall Hereafter Be Known As Achhar Singh.

I, Parmjit S/O Prem Lal R/O VPO Bharta Tehsil Garhshankar, Distt. Hoshiarpur have changed my name Parmjit to Kumar Parmjit.

I, Mandeep Singh S/O Gurdev Singh R/O Village Bagwain Tehsil Garhshankar, Distt. Hoshiarpur have changed my minor son's name Rajveer Singh to Singh Rajveer.

I, Mandeep Singh S/O Gurdev Singh R/O Village Bagwain Tehsil Garhshankar, Distt. Hoshiarpur have changed my minor daughter's name Gurnoor Kaur to Kaur Gurnoor.

I, Lakhwinder Kaur Turna Wd/O Bhupinder Singh Turna R/O Vill.nag Khurd Po Nag Kalan Amritsar Have Changed My Name To Lakhwinder Kaur

I, Dharm Pal S/O Shanker Dass Sharma R/O F9/470, Gali No.4, Prem Nagar, Batala Road, Amritsar Have Changed My Name From Dharm Pal To Dharam Pal Sharma

I, Sugandha Sethi W/O Sanyam Seth R/O 5-a/3, Gali No.1, Dayanand Nagar, Lawrence Road, Amritsar Have Changed My Name From Sugandha Sethi To Sugandha Seth

I, Palak Dhunna D/O Neeraj Kumar R/O 22 Nivi Gali, Jhabhal Road, Gurbaksh Nagar, Amritsar Have Changed My Name From Palak Dhunna To Palak.

I, Harjinder Jit Kaur W/O Dharmbir Singh R/O Vpo Panjwarh Khurd Tarn Taran Have Changed My Name To Harjinder Kaur.

I, Sarabjit Kaur W/O Kulwinder Singh R/O H.no.1242/1, Kot Mangal Singh Purani Chungi Tarn Taran Road, Amritsar Have Changed My Name From Sarabjit Kaur To Sarabjeet Kaur.

I, Harmandeep Singh S/O. Didar Singh , R/O. Village Banwalipur, Distt.tarn Taran Have Changed My Name Harmandeep Singh To Singh Harmandeep.

I, Harpartap Singh S/O. Gurdav Singh , R/O. Village Chhajjal Wadi , Distt. Amritsar Have Changed My Name Harpartap Singh To Harpreet Singh.

I, Sarabjit Kaur W/O Hardeep Singh R/O Vill. Mehdipur, P.o. Khem Karan Tarn Taran Have Changed My Name To Sarbjit Kaur.

I, Sujata Wife Of Binder Kumar R/O H.no. 07, Main Lane, Block B, Fatehgarh Churian Road, Thakur Ji Estate, Amritsar Punjab. Have Changed My Name To Sujata Dhawan.

I Kawaljeet Singh Son Of Daler Singh R/O 451 Near Gurudwara G.t. Road Daburji Amritsar Punjab. Have Changed My Name To Kanwaljit Singh.

## Change of Name

I, Rajwinder Kaur Kang w/o Ranjodh Singh Kang r/o Vill Kang PO Dhariwal (Gurdaspur) have changed my name to Rajwinder Kaur. Concerned note.

I, Sukhbir Kaur W/O Pankaj Sharma R/O H.no.978/9, Gate Khajana, Dhobian Gali No.1, District Amritsar Have Changed My Name From Sukhbir Kaur To Sukhvir Kaur.

I, Amita W/o Vikas Sehgal R/o 22/4, New Harbans Nagar Extn, Jalandhar, Punjab, India have changed my name from Amita to Amita Sehgal after marriage. All concerned please note.

I, Mahinder Pal Son Of Sh. Musnshi Ram Resident Of Vill. Dhaliwal Kadian, Distt. Jalandhar, Punjab, India Have Changed My Name From Mahinder Pal To Mohnder Pal, All Concerned Please Note.

I, Dharamjit Kaur W/o Saran Singh R/o H.No. 395, Anand Nagar, Jalandhar, Punjab have changed my name from Parmjit Kaur to Dharamjit Kaur. All concerned please note.

I, Sonam W/o Deepanshu Malhotra R/o 17/40 Sadar Bazar, Opp. Central Co-Operative Bank Ltd, Gurdaspur, Tehsil/Distt. Gurdaspur, Punjab, have changed my name from Sonam to Sonam Malhotra .

I, Neha D/o Om Prakash W/o Kanav Khanna R/o H.No. 167, Nijatam Nagar, Basti Guzan, Jalandhar-144002, Punjab have changed my name from Neha to Neha Khanna. All Please Note.

I, Anju Bala W/o Harish Chander R/o H.No. C-128, Hargobind Nagar, Dogri Road, Po. Reru, Jalandhar have changed my minor Daughter name from Diya to Diya Sharma. All Please Note.

I, Smile S/o Satnam Masih R/o H.No. BX-1064/B, Chakk Husaina, Lamba Pind, Jalandhar-144009, Punjab have added my surname from Smile to Smile Masih (Surname as Masih) All Please Note.

I, Reena Rani W/o Balvir Bangar R/o Village Dhina, Po. Jalandhar Cantt, Distt. Jalandhar have changed my name from Reena Rani to Rani Reena. All Please Note.

I, Reena Padam W/o Deepak Daman R/o H.No. 21, Virdi Colony, Basti Guzan, Jalandhar Have Changed My Name From Reena Padam To Reena Daman. All Please Note.

I, Gurbachan Singh s/o Darbara Singh r/o VPO. Ibrahimwal, Teh. Bholath, Kapurthala, Punjab-144819, have changed my name to Singh Gurbachan (Surname as Singh). All Please Note.

I, Harwinder Kaur w/o Gurbachan Singh r/o VPO. Ibrahimwal, Teh. Bholath, Kapurthala-144819, Punjab have changed my name to Kaur Harwinder (Surname as Kaur). All Please Note.

I, Robin s/o Yadwinder r/o 313, W.No.42, Paras Estate, Basti Peer Dad, Jalandhar, Punjab-144021, changed my name to Robin Sharma. All Please Note.

I, Boota Singh s/o Karam Singh r/o Vill.Muradpur Awana, Mukerian, Hoshiarpur, Punjab changed/corrected my name spellings to Buta Singh. All Please Note.

I, Rahul s/o Sunil Kumar r/o H.No.265-A, Surya Enclave, Jalandhar-144009, Punjab have changed my name from Rahul to Rahul Gaba. All Please Note.

I, Jagpal Kaur Riar w/o Ramandeep Singh Dhesi r/o Vill. Hardo Pharala, Po. Raipur, Jalandhar, Punjab have changed my Surname to Jagpal Kaur Dhesi. (Surname as Dhesi). After marriage. All Please Note.

I, Ashwani s/o Roshan Lal r/o H.No. N.K-310, Charanjit Pura, Jalandhar, Punjab have changed my name from Ashwani to Ashwani Gupta. All Please Note.

I, Robin s/o Buta Ram r/o VPO. Raipur, Distt. Jalandhar, Punjab-144402, have changed my name as Robin Bhutta. All Please Note.

I, Sudhanshu s/o Balbir Singh r/o H.No.B-1/182, Guru Nanak Nagar, Suranussi, Jalandhar, Punjab-144027, have changed my name as Sudhanshu Singh. All Please Note.

I, Arjun Dev s/o Gian Chand r/o Vill. Semi, Po. Khajuria, Distt. Jalandhar-144024, Punjab have changed my Son name to Harshit Kumar. All Please Note.

I, Anant Ram s/o Sadhu Ram r/o H.No. BIX-449/79, Durga Vihar, Santokhpura, Jalandhar name of applicant Anant Ram and Anant Ram Kurkan both are the name one and the same person. All Please Note.

I, Parveeen Arora w/o Sukhdev Raj r/o Patti Bhalai, VPO. Bilga, Tehsil Phillaur, Distt. Jalandhar, Punjab have changed my name from Parveeen Arora to Parveen Arora. All Please Note.

I, Karnail Singh S/o Mehnga Singh R/o VPO Khun Khun Kalan, Teh. Dasuya (Hoshiarpur) Punjab have changed my name as Singh Karnail in place of my previous name Karnail Singh in India and abroad.

## ਨਾਂਅ ਦੀ ਬਦਲੀ

ਮੈਂ, ਸ਼ਿੰਦਰ ਪਾਲ ਕੌਰ ਪਤਨੀ ਬੂਟਾ ਸਿੰਘ ਵਾਸੀ ਠੱਕਰਵਾਲ (ਲੁਧਿਆਣਾ) ਨੇ ਆਪਣਾ ਨਾਂਅ ਬਦਲ ਕੇ ਸੁਰਿੰਦਰ ਪਾਲ ਕੌਰ ਰੱਖ ਲਿਆ ਹੈ। (ਪ੍ਰਦੀਪ)

ਮੈਂ, ਸੰਜੀਵ ਹਾਂਡਾ (ਅਧਾਰ ਕਾਰਡ ਨੰ. 2988 9038 5459) ਪੁੱਤਰ ਲੇਟ ਰਵਿੰਦਰ ਕੁਮਾਰ ਹਾਂਡਾ ਵਾਸੀ ਮਕਾਨ ਨੰ. 338, ਸ਼ਹੀਦ ਭਗਤ ਸਿੰਘ ਕਲੋਨੀ, ਜ਼ਿਲ੍ਹਾਂ ਜਲੰਧਰ ਨੇ ਆਪਣਾ ਨਾਮ ਸੰਜੀਵ ਕੁਮਾਰ ਹਾਂਡਾ (SANJEEV KUMAR HANDA) ਤੋਂ ਬਦਲ ਕੇ ਸੰਜੀਵ ਹਾਂਡਾ (SANJEEV HANDA) ਰੱਖ ਲਿਆ ਹੈ ਸੰਬੰਧਿਤ ਨੋਟ ਕਰਨ।

ਮੈਂ, ਦਵਿੰਦਰ ਕੁਮਾਰ ਪੁੱਤਰ ਪ੍ਰੀਤਮ ਚੰਦ ਵਾਸੀ ਪਿੰਡ ਤੇ ਡਾਕਖਾਨਾ ਨੂਰਪੁਰ, ਜ਼ਿਲ੍ਹਾਂ ਜਲੰਧਰ ਨੇ ਆਪਣੇ ਨਾਬਾਲਿਗ ਲੜਕੇ ਦਾ ਨਾਮ ਧਰਮਵੀਰ ਤੋਂ ਬਦਲ ਕੇ ਧਰਮਵੀਰ ਕਲੇਰ ਰੱਖ ਲਿਆ ਹੈ ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਕੇਵਲ ਕ੍ਰਿਸ਼ਨ ਪੁੱਤਰ ਸਾਂਈ ਦਾਸ ਹਾਊਸ ਨੰਬਰ 60/6 ਭਾਰਗੋ ਨਗਰ ਜਲੰਧਰ-1 ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਦਾ ਘਰੇਲੂ ਨਾਂਅ ਵਰੁਣ ਹੈ ਤੇ ਸਕੂਲ ਦਾ ਨਾਂਅ ਯੁਵਰਾਜ ਹੈ। ਸੰਬੰਧਤ ਨੋਟ ਕਰਨ।

ਮੈਂ, ਕਮਲੇਸ਼ ਰਾਣੀ ਕਲੇਰ ਪਤਨੀ ਸਵਰਗੀ ਪੂਰਨ ਚੰਦ ਕਲੇਰ ਵਾਸੀ 46, ਸਿਧਾਰਥ ਨਗਰ, ਜਲੰਧਰ, ਮੇਰਾ ਬੇਟਾ ਕੁਲਦੀਪ ਕਲੇਰ ਤੇ ਉਸ ਦੀ ਪਤਨੀ ਰਜਨੀ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ 01.05.2015 ਨੂੰ ਬੇਦਖਲ ਕੀਤਾ ਸੀ। ਹੁਣ ਮੈਂ ਇਨ੍ਹਾਂ ਦੀ ਬੇਦਖਲੀ ਵਾਪਸ ਲੈਂਦੀ ਹਾਂ। ਅੱਜ ਤੋਂ ਬਾਅਦ ਇਹ ਮੇਰੀ ਪ੍ਰਾਪਰਟੀ ਦੇ ਬਰਾਬਰ ਹਿੱਸੇਦਾਰ ਹੋਣਗੇ। (9838)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ180496 ਜੋ ਕਿ ਸੁਖਵਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ ਦੇ ਨਾਂਅ 'ਤੇ 12.5 ਬੀ ਐੱਚ ਪੀ ਚੱਲ ਰਿਹਾ ਹੈ, ਜੋ ਕਿ ਸੁਖਵਿੰਦਰ ਸਿੰਘ ਨੇ ਆਪਣੀ ਜ਼ਮੀਨ ਦਾ ਤਬਾਦਲਾ ਗੁਰਲਾਲ ਸਿੰਘ ਪੁੱਤਰ ਜਗਦੀਸ਼ ਸਿੰਘ ਪਿੰਡ ਕਿਰਤੋਵਾਲ ਖੁਰਦ ਨਾਲ ਕੀਤਾ ਹੈ। ਜਿਸ ਵਿਚ ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ 180496 ਵੀ ਦਿੱਤਾ ਗਿਆ ਹੈ। ਇਹ ਕੁਨੈਕਸ਼ਨ ਗੁਰਲਾਲ ਸਿੰਘ ਪੁੱਤਰ ਜਗਦੀਸ਼ ਪਿੰਡ ਕਿਰਤੋਵਾਲ ਖੁਰਦ ਦੇ ਨਾਂਅ ਤਬਦੀਲ ਹੋ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਸਬ-ਡਵੀਜ਼ਨ ਉਪ ਮੰਡਲ ਅਫਸਰ ਹਰੀਕੇ ਵਿਖੇ ਕੀਤਾ ਜਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 08/207 ਦਰਸ਼ਨ ਸਿੰਘ ਪੁੱਤਰ ਵਸਾਵਾ ਸਿੰਘ ਵਾਸੀ ਸੰਗੋਵਾਲ ਤੋਂ ਨਾਂਅ ਬਦਲੀ ਕਰਕੇ ਚਰਨਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਸੰਗੋਵਾਲ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਜੈਪਾਲ)

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 02/243 ਹਰਜਿੰਦਰ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਖੁਰਸ਼ੈਦਪੁਰ ਤੋਂ ਨਾਂਅ ਬਦਲੀ ਕਰਕੇ ਬਖਸ਼ੀਸ਼ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਖੁਰਸ਼ੈਦਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਜੈਪਾਲ)

ਲੱਖਾ ਸਿੰਘ ਪੁੱਤਰ ਸੋਹਨ ਸਿੰਘ, ਵਾਸੀ ਵਡਾਲਾ ਕਲਾਂ (ਅੰਮ੍ਰਿਤਸਰ) ਵਾਲਾ ਟਿਊਬਵੈਲ ਕੁਨੈਕਸ਼ਨ ਏ.ਪੀ. 12/422-ਏ ਨੂੰ ਅਮਰੀਕ ਸਿੰਘ ਪੁੱਤਰ ਲੱਖਾ ਸਿੰਘ ਵਡਾਲਾ ਕਲਾਂ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਸਾਹਿਬ ਪੁੱਜਣ ।

ਇੱਕ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰ. ਏ ਪੀ 16-0228 ਐੱਫ ਲੋਡ 3 ਬੀ ਐੱਚ ਪੀ, ਜੋ ਤੇਜਾ ਸਿੰਘ ਪੁੱਤਰ ਦੇਸਾ ਸਿੰਘ ਪਿੰਡ ਫੁਲੱੜਾ ਵਿੱਚ ਚੱਲ ਰਿਹਾ ਹੈ, ਜਿਸ ਨੂੰ ਹੁਣ ਬਲਵੀਰ ਕੌਰ ਪਤਨੀ ਤਰਸੇਮ ਸਿੰਘ ਵਾਸੀ ਪਿੰਡ ਫੁਲੱੜਾ ਨੇ ਆਪਣੇ ਨਾਂਅ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਕਾਹਨੂੰਵਾਨ ਵਿਖੇ ਇਤਰਾਜ਼ ਪੇਸ਼ ਕਰ ਸਕਦਾ ਹੈ। (ਡੋਗਰਾ)

ਮੋਟਰ ਕੁਨੈਕਸ਼ਨ ਖਾਤਾ ਨੰਬਰ 3003137538 ਜੋ ਕਿ ਫਕੀਰ ਸਿੰਘ ਪੁੱਤਰ ਤੇਜਾ ਸਿੰਘ ਰਕਬਾ ਮੋਟਰ ਪਿੰਡ ਇਬਣ ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਜੋਗਿੰਦਰ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਇਬਣ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫ਼ਤਰ ਸਬ ਅਰਬਨ ਸ/ਡ, ਸਾਹਮਣੇ ਔਜਲਾ ਫਾਟਕ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ। (ਕੁਲਦੀਪ)

## ਬੇਦਖਲੀ ਨੋਟਿਸ

ਮੈਂ, ਬੇਬੀ ਰਾਣੀ ਪਤਨੀ ਲੇਟ ਦਵਿੰਦਰ ਸਿੰਘ ਵਾਸੀ ਮਕਾਨ ਨੰ. 51/2, ਗੁਰੂ ਨਾਨਕ ਨਗਰ, ਬਸਤੀ ਸ਼ੇਖ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਅਤੇ ਉਸਦੀ ਪਤਨੀ ਪੂਨਮ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਸੁਨੀਤਾ ਪਤਨੀ ਨਰੇਸ਼ ਕੁਮਾਰ ਵਾਸੀ ਮਕਾਨ ਨੰ. 429, ਰਿਸ਼ੀ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਕੁਸ਼ ਅਤੇ ਕੁਨਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਬਖਸ਼ੀਸ਼ ਸਿੰਘ ਪੁੱਤਰ ਜੈਲ ਸਿੰਘ ਵਾਸੀ ਪਿੰਡ ਅਬਦਾਲ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਰਾਨੀ ਪਤਨੀ ਸਵ: ਸੁਖਦੇਵ ਸਿੰਘ ਉਰਫ ਸੋਖਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਦੀਪ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਜੀਠਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਬੀਰ ਸਿੰਘ ਅਤੇ ਉਸ ਦੀ ਪਤਨੀ ਜਸਬੀਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਪਿੰਡ ਸਕਰੂਲੀ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਗੁਰਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਮੇਰੀ ਨੂੰਹ ਸ਼ਰਨਜੀਤ ਕੌਰ ਪਤਨੀ ਗੁਰਦੀਪ ਸਿੰਘ ਅਤੇ ਮੇਰਾ ਪੋਤਰਾ ਹਰਸਾਹਿਬ ਸਿੰਘ ਪੁੱਤਰ ਗੁਰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਸੁਖਦੇਵ ਸਿੰਘ ਪੁੱਤਰ ਬਲਬੀਰ ਸਿੰਘ ਵਾ ਅਮਰਜੀਤ ਕੌਰ ਪਤਨੀ ਸੁਖਦੇਵ ਸਿੰਘ ਵਾਸੀਆਨ ਪਿੰਡ ਕਿਸ਼ਨ ਸਿੰਘ, ਡਾਕ: ਸੁਰਖਪੁਰ, ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਹਰਜੋਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਊਸ਼ਾ ਰਾਣੀ ਪਤਨੀ ਲੇਟ ਮੰਗਤ ਰਾਏ ਵਾਸੀ ਪਿੰਡ ਕਾਲਾ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਤੇਜਪਾਲ ਰਾਏ ਅਤੇ ਉਸਦੀ ਪਤਨੀ ਦੁਰਗਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਾਜ ਰਾਣੀ ਵਿਧਵਾ ਜਨਕ ਰਾਜ ਵਾਸੀ ਮਕਾਨ ਨੰ. 373/1, ਰੋੜੀ ਮੁਹੱਲਾ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਾਹੁਲ ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ, ਸਰਵਣ ਕੁਮਾਰ ਪੁੱਤਰ ਠਾਕਰ ਦਾਸ ਵਾਸੀ ਪਿੰਡ ਜੱਲਾ ਸਿੰਘ ਜ਼ਿਲ੍ਹਾ ਜਲੰਧਰ ਦਾ ਵਸਨੀਕ ਹਾਂ ਤੇ ਹੇਠ ਲਿਖੇ ਅਨੁਸਾਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਨੀਤਾ ਦੇਵੀ ਜੋ ਕਿ ਮੇਰੇ ਕਹਿਣੇ ਤੇ ਕੰਟਰੋਲ ਵਿੱਚ ਨਹੀਂ ਹੈ ਤੇ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ ਨਹੀਂ ਕਰਦੀ। ਮੈਂ ਸੁਨੀਤਾ ਦੇਵੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਵੀ ਕੋਈ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਇਸ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਮਕਾਨ ਨੰ. 4280/9, ਬੋਲੀ ਵਾਲਾ ਮੁਹੱਲਾ, ਕਰਤਾਰਪੁਰ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਅਤੇ ਉਸ ਦੀ ਪਤਨੀ ਮਨਕੀਰਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪ੍ਰਕਾਸ਼ੋ ਪਤਨੀ ਲੇਟ ਬਚਨ ਦਾਸ ਵਾਸੀ ਮਕਾਨ ਨੰ. 33, ਪਿੰਡ ਲੱਲੀਆ ਖੁਰਦ, ਡਾਕਖਾਨਾ ਲਾਂਬੜਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦਵਿੰਦਰ ਕੁਮਾਰ ਅਤੇ ਉਸਦੀ ਪਤਨੀ ਕਸ਼ਮੀਰੋ ਅਤੇ ਇਹਨਾਂ ਦਾ ਲੜਕਾ ਵਿਜੈ ਕੁਮਾਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਨੇ ਕਰਵਾਏ ਜ਼ਿਲ੍ਹਾ ਪੱਧਰੀ ਸਵੀਪ ਪ੍ਰੋਗਰਾਮ



ਨਵਾਂਸ਼ਹਿਰ, (ਮਨੋਜ ਲਾਡੀ) ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਹਰੇਕ ਵੋਟ ਅਹਿਮ ਭੂਮਿਕਾ ਨਿਭਾਉਂਦੀ ਹੈ। ਅਸੀਂ ਆਪਣੀ ਕੀਮਤੀ ਵੋਟ ਦਾ ਇਸਤੇਮਾਲ ਕਰਕੇ ਸਹੀ ਨੇਤਾ ਚੁਣ ਸਕਦੇ ਹਾਂ। ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਆਰ.ਕੇ. ਆਰੀਆ ਕਾਲਜ ਨਵਾਂਸ਼ਹਿਰ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਵੀਪ ਪ੍ਰੋਗਰਾਮ ਵਿੱਚ ਇਹ ਵਿਚਾਰ ਪ੍ਰਗਟ ਕੀਤੇ। ਇਸ ਤੋਂ ਪਹਿਲਾਂ ਉਨ੍ਹਾਂ ਕਾਲਜ ਗਰਾਊਂਡ ਵਿਖੇ ਗੁਬਾਰੇ ਛੱਡ ਕੇ ਵੋਟ ਪਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇ.ਵਿ.) ਸਾਗਰ ਸੇਤੀਆ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਕਮ ਉਪ ਮੰਡਲ ਮੈਜਿਸਟਰੇਟ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਸਹਾਇਕ ਰਿਟਰਨਿੰਗ ਅਫਸਰ ਕਮ ਐਸ.ਡੀ.ਐਮ. ਬਲਾਚੌਰ ਰਵਿੰਦਰ ਬੰਸਲ, ਸਹਾਇਕ ਕਮਿਸ਼ਨਰ ਜਨਰਲ ਡਾ. ਗੁਰਲੀਨ ਕੌਰ, ਗੁੱਡ ਗਵਰਨਸ ਫੈਲੋ ਮੈਡਮ ਅਸਮੀਤਾ ਅਤੇ ਕਾਲਜ ਪ੍ਰਿੰਸੀਪਲ ਸੰਜੀਵ ਡਾਵਰ ਵੀ ਮੌਜੂਦ ਸਨ। ਜ਼ਿਲ੍ਹਾ ਚੋਣ ਅਫ਼ਸਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਵਾਸੀਆਂ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਕੂਲਾਂ ਤੇ ਕਾਲਜਾਂ 'ਚ ਵੱਧ ਤੋਂ ਵੱਧ ਸਵੀਪ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦਾ ਉਦੇਸ਼ ਇਹ ਹੈ ਕਿ ਇੱਕ ਤਾਂ ਬੱਚਿਆਂ ਨੂੰ ਲੋਕਤੰਤਰ ਅਤੇ ਵੋਟ ਦੀ ਅਹਿਮਿਅਤ ਦਾ ਪਤਾ ਲਗਦਾ ਹੈ, ਦੂਸਰਾ ਬੱਚੇ ਆਪਣੇ ਪਰਵਾਰਕ ਮੈਂਬਰਾਂ ਨੂੰ ਵੋਟ ਪਾਉਣ ਦੇ ਲਈ ਪ੍ਰੇਰਿਤ ਵੀ ਕਰਦੇ ਹਨ। ਉਨ੍ਹਾ ਕਿਹਾ ਕਿ ਸਾਨੂੰ ਆਪਣੀ ਵੋਟ ਦਾ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਇੱਕ ਸੁਝਵਾਨ ਨੇਤਾ ਦੀ ਚੋਣ ਕਰਨੀ ਚਾਹੀਦੀ ਹੈ। ਇਸ ਵਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ 75 ਫੀਸਦੀ ਤੋਂ ਵੱਧ ਵੋਟਿੰਗ ਕਰਵਾਉਣ ਦਾ ਟੀਚਾ ਰੱਖਿਆ ਗਿਆ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਸਾਰੇ ਮਿਲ ਕੇ ਆਪਣੀ ਵੋਟ ਦਾ ਇਸਤੇਮਾਲ ਕਰੀਏ। ਇਸ ਦੌਰਾਨ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਜੈਸਮੀਨ, ਨਵੀ, ਨੰਦਨੀ ਸ਼ਰਮਾ, ਭੁਵਨੇਸ਼ਵਰੀ ਨੇ ਗੀਤ ਅਤੇ ਕਵਿਤਾਵਾਂ ਰਾਹੀਂ ਨੌਜਵਾਨਾਂ ਨੂੰ ਵੋਟ ਪਾਉਣ ਦੇ ਲਈ ਪ੍ਰੇਰਿਤ ਕੀਤਾ। ਨੋਡਲ ਅਫ਼ਸਰ ਸਵੀਪ ਨਵਾਂਸ਼ਹਿਰ ਤਰਸੇਮ ਲਾਲ ਨੇ ਵੀ ਜ਼ਿਲ੍ਹੇ ਵਿੱਚ 75 ਪ੍ਰਤੀਸ਼ਤ ਵੋਟ ਪਾਉਣ ਦਾ ਟੀਚਾ ਹਾਸਲ ਕਰਨ ਲਈ ਵੋਟ ਪਾਉਣ ਦੇ ਲਈ ਜਾਗਰੂਕ ਕੀਤਾ। ਇਸ ਤੋਂ ਬਾਅਦ ਸਹਾਇਕ ਰਿਟਰਨਿੰਗ ਅਫ਼ਸਰ ਕਮ ਐਸ.ਡੀ.ਐਮ. ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ ਨੇ ਸਾਰਿਆਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਦੇ ਹੋਏ ਰੱਖੇ ਗਏ ਟੀਚੇ ਨੂੰ ਹਾਸਲ ਕਰਨ ਲਈ ਜਾਗਰੂਕ ਕੀਤਾ। ਇਸ ਮੌਕੇ ਸਹਾਇਕ ਨੋਡਲ ਅਫ਼ਸਰ ਸਵੀਪ ਸਤਨਾਮ ਸਿੰਘ ਤੋਂ ਇਲਾਵਾ ਭਾਰੀ ਸੰਖਿਆ ਵਿੱਚ ਸਕੂਲ ਅਤੇ ਕਾਲਜਾਂ ਦੇ ਵਿਦਿਆਰਥੀ ਹਾਜ਼ਰ ਸਨ।

## ਬੇਦਖਲੀ ਨੋਟਿਸ

ਮੈਂ ਹੇਮੰਤ ਪੁੱਤਰ ਬਾਊ ਰਾਮ ਵਾਸੀ ਸ਼ਹਿਜਾਦਾ ਨੰਗਲ, ਗੁਰਦਾਸਪੁਰ ਆਪਣੇ ਲੜਕੇ ਸੁਨੀਲ ਕੁਮਾਰ ਨੂੰ ਆਪਣੀ ਚੱਲ-ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਹ ਮੇਰੇ ਕਹਿਣੇ ਵਿੱਚ ਨਹੀਂ ਹੈ ਅਤੇ ਭੈੜੀ ਸੰਗਤ ਵਿੱਚ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਕੇ. ਪੀ.)

ਮੈਂ ਅਵਤਾਰ ਸਿੰਘ ਪੁੱਤਰ ਅਜੀਤ ਸਿੰਘ, ਵਾਸੀ ਬੇਦਾਦਪੁਰ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੇ ਲੜਕੇ ਅਕਾਸ਼ਦੀਪ ਸਿੰਘ, ਨੂੰਹ ਰਾਜਵਿੰਦਰ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਅਠੌਲਾ)

ਮੈਂ, ਬਹਾਦਰ ਸਿੰਘ ਪੁੱਤਰ ਸ੍ਰੀ ਰਤਨ ਸਿੰਘ ਵਾਸੀ ਪਿੰਡ ਅਹਿਰਾਣਾ ਖੁਰਦ, ਡਾਕ: ਅਹਿਰਾਣਾ ਕਲਾਂ, ਤਹਿ. ਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਮਿੰਦਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਹਿਤੇਸ਼)

ਮੈਂ, ਅਮਰਜੀਤ ਕੌਰ ਪਤਨੀ ਜਗਤਾਰ ਸਿੰਘ ਵਾਸੀ ਮਧੇਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਜਗਤਾਰ ਸਿੰਘ ਪੁੱਤਰ ਰਾਮ ਸਿੰਘ ਵਾਸੀ ਮਧੇਕੇ ਜੋ ਕਿ ਮੇਰੇ ਨਾਲ ਲੜਾਈ ਕਰਦਾ ਅਤੇ ਮੇਰੇ ਤੋਂ ਵੱਖ ਰਹਿੰਦਾ ਹੈ। ਮੇਰਾ ਇਸ ਨਾਲ ਕੋਈ ਲੈਣ-ਦੇਣ ਨਹੀਂ ਹੈ, ਮੇਰੇ ਪਤੀ ਨਾਲ ਜੋ ਕੋਈ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬਲਦੇਵ ਸਿੰਘ ਪੁੱਤਰ ਪੂਰਨ ਸਿੰਘ ਪਿੰਡ ਹਰਿਆਊ ਖੁਰਦ ਤਹਿਸੀਲ ਪਾਤੜਾ ਜਿਲਾ ਪਟਿਆਲਾ ਆਪਣੇ ਲੜਕੇ ਲਵਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਅਤੇ ਮਾੜੀ ਸੰਗਤ ਦਾ ਸ਼ਿ?ਕਾਰ ਹੋਣ ਕਰਕੇ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਵੰਤ ਲਾਲ ਪੁੱਤਰ ਸ਼੍ਰੀ ਸਾਧੂ ਰਾਮ ਵਾਸੀ ਪਿੰਡ ਉਧੋ ਨੰਗਲ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਕੁਮਾਰ ਅਤੇ ਉਸਦੀ ਪਤਨੀ ਪਰਮਜੀਤ ਕੌਰ ਅਤੇ ਉਨ੍ਹਾਂ ਦੀਆਂ ਦੋ ਲੜਕੀਆਂ ਜਨਤ ਭਗਤ ਅਤੇ ਮਨਹਰ ਭਗਤ ਅਤੇ ਇਕ ਲੜਕਾ ਸਿਮਰਨ ਭਗਤ ਜੋ ਕਿ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਰਾਜਵਿੰਦਰ ਸਿੰਘ ਪੁੱਤਰ ਸ੍ਰ. ਧਰਮ ਸਿੰਘ ਵਾਸੀ ਪਿੰਡ ਤਲਵੰਡੀ ਦਸੌਂਧਾ ਸਿੰਘ ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਿੰਦਰਬੀਰ ਸਿੰਘ ਅਤੇ ਉਸਦੀ ਪਤਨੀ ਸੰਦੀਪ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਦਿਲਬਾਗ ਸਿੰਘ ਪੁੱਤਰ ਮੁਨਸੀ ਰਾਮ ਵਾਸੀ ਮੁਹੱਲਾ ਗੌਂਸਪੁਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰੀ ਪਤਨੀ ਸੁਨੀਤਾ ਰਾਣੀ ਅਤੇ ਮੇਰਾ ਲੜਕਾ ਸ਼ਿੰਦਰਪਾਲ ਜੋ ਕੀ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ ।

ਮੈਂ, ਵੀਨਾ ਪਤਨੀ ਲੇਟ ਬਲਵਿੰਦਰ ਕੁਮਾਰ ਵਾਸੀ ਮਕਾਨ ਨੰ: 392-ਏ, ਕਾਲੀਆ ਕਾਲੋਨੀ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਦੋਨੋਂ ਪੁੱਤਰ ਅਰਜੁਨ ਅਤੇ ਇਸ ਦੀ ਪਤਨੀ ਰਾਧਾ ਰਾਣੀ ਅਤੇ ਅਮਿਤ, ਇਸ ਦੀ ਪਤਨੀ ਰੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ. ਆਸ਼ਾ ਰਾਣੀ ਪੁੱਤਰੀ ਬਕਸੀ ਰਾਮ ਵਾਸੀ ਮਕਾਨ ਨੰ. 1303, ਲੰਮਾ ਪਿੰਡ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਮੇਰੇ ਪਤੀ ਜਤਿੰਦਰ ਸਿੰਘ ਨਾਲ ਕੋਈ ਵੀ ਤੱਲਕ ਵਾਸਤਾ ਨਹੀਂ ਹੈ । ਜੋ ਕੋਈ ਵੀ ਜਤਿੰਦਰ ਸਿੰਘ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਦਾ ਹੈ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ । ਇਸ ਵਿੱਚ ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈ ਕਸਮੀਰ ਸਿੰਘ ਪੁੱਤਰ ਸ੍ਰ: ਹਰਦੀਪ ਸਿੰਘ ਵਾਸੀ ਪਿੰਡ ਨੇਸ਼ਟਾ, ਤਹਿਸੀਲ ਤੇ ਜਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਸੁਖਜਿੰਦਰ ਸਿੰਘ ਅਤੇ ਉਸਦੀ ਪਤਨੀ ਹਰਪ੍ਰੀਤ ਕੌਰ ਅਤੇ ਛੋਟਾ ਲੜਕਾ ਭੁਪਿੰਦਰ ਸਿੰਘ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ ।ਇਹਨਾਂ ਨੂੰ ਮੈ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ ।ਇਹਨਾਂ ਨਾਲ ਲੈਣ ਦੇਣ ਵਾਲਾ ਖੁਦ ਜਿੰਮੇਵਾਰ ਹੋਵੇਗਾ ।ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਮੈਂ, ਕੁਲਵੰਤ ਕੁਮਾਰ ਪੁੱਤਰ ਮਦਨ ਲਾਲ ਵਾਸੀ ਮਕਾਨ ਨੰ. 44, ਮਧੂਬਨ ਕਲੋਨੀ, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪੂਨੀਤ ਅਤੇ ਉਸਦੀ ਪਤਨੀ ਸਾਕਸ਼ੀ ਵਿਜੈ ਰਾਣਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## PUBLIC NOTICE

1 Kuldeep Singh S/o Balkar Singh R/o Village Jeonpura, Tehsil Patran (Patiala) declared that my name is Kuldeep Singh in some documents my name has been mentioned as Kuldip Singh. Kuldeep Singh and Kuldip Singh one and same person.

I, Sandeep Arora (Aadhar Card No. 3821 9559 0160) S/o Karam Chand Arora resident of H. No.12, Durga Colony, Near HMV College, Jalandhar, Punjab-144008, declare that I also Known Sandeep Kumar. Sandeep Arora & Sandeep Kumar both names are one & Same Person. Please note. (B)

I, Naresh Devi W/o Sep Surinder Singh Army No. 4472135K Village Dagan, Tehsil Mukerian, Distt. Hoshiarpur (Pb), Declare that i have changed my birth date from 15.07.1977 to 26.02.1977.

## Lost and Found

ਮੈਂ ਰਵਿੰਦਰ ਸਿੰਘ ਪੁੱਤਰ ਲਖਵੰਤ ਸਿੰਘ ਵਾਸੀ ਮਕਾਨ ਨੰਬਰ 70/6, ਗਲੀ ਨੰਬਰ 3, ਰੁਲੀਆ ਰਾਮ ਕਲੋਨੀ, ਜੇਲ੍ਹ ਰੋਡ, ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਇੱਕ ਰਜਿਸਟਰੀ ਰੀਤੂ ਕੈਲਾ ਪਤਨੀ ਰਾਹੁਲ ਕੈਲਾ ਨੇ ਮੇਰੀ ਮਾਤਾ ਦਲਬੀਰ ਕੌਰ ਪਤਨੀ ਲਖਵੰਤ ਸਿੰਘ ਦੇ ਹੱਕ ਬਜਰੀਆ ਬੈਨਾਮਾ ਵਸੀਕਾ ਨੰਬਰ 594 ਮਿਤੀ 15.05.2007 ਨੂੰ ਕੀਤੀ ਸੀ ਅਤੇ ਇੱਕ ਹੋਰ ਰਜਿਸਟਰੀ ਰਾਹੁਲ ਕੈਲਾ ਪੁੱਤਰ ਰਜਿੰਦਰਪਾਲ ਨੇ ਮੇਰੀ ਮਾਤਾ ਦਲਬੀਰ ਕੌਰ ਪਤਨੀ ਲਖਵੰਤ ਸਿੰਘ ਦੇ ਹੱਕ ਬਜਰੀਆ ਬੈਨਾਮਾ ਵਸੀਕਾ ਨੰਬਰ 595 ਮਿਤੀ 15.05.2007 ਨੂੰ ਕੀਤੀ ਸੀ । ਇਹ ਦੋਵੇਂ ਰਜਿਸਟਰੀਆਂ ਮਿਤੀ 12.02.24 ਨੂੰ ਕਿਤੇ ਗੁੰਮ ਗਈਆ ਹਨ । ਕਿਸੇ ਨੂੰ ਮਿਲਣ ਤਾਂ ਉਕਤ ਪਤੇ ਜਾਂ ਫੋਨ ਨੰਬਰ 9878780007 ਤੇ ਸੂਚਿਤ ਕਰੇ ।

## ਬੁਲਟ ਮੋਟਰਸਾਈਕਲ ਦੇ ਸਾਇਲੈਂਸਰ ਰਾਹੀਂ ਪਟਾਕੇ ਵਜਾਉਣ 'ਤੇ ਪਾਬੰਦੀ

ਜਲੰਧਰ, (ਸੁਰਿੰਦਰ ਕੁਮਾਰ)-ਜੁਆਇੰਟ ਕਮਿਸ਼ਨਰ ਪੁਲਸ ਸੰਦੀਪ ਸ਼ਰਮਾ ਨੇ ਕਮਿਸ਼ਨਰੇਟ ਪੁਲਸ ਦੀ ਹਦੂਦ ਅੰਦਰ ਬੁਲਟ ਮੋਟਰਸਾਈਕਲ ਚਲਾਉਂਦੇ ਸਮੇਂ ਸਾਇਲੈਂਸਰ ਵਿੱਚ ਤਕਨੀਕੀ ਫੇਰਬਦਲ ਕਰਵਾ ਕੇ ਪਟਾਕੇ ਆਦਿ ਚਲਾਉਣ ਵਾਲੇ ਵਾਹਨ ਚਾਲਕਾਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ ਅਤੇ ਇਹ ਵੀ ਹੁਕਮ ਜਾਰੀ ਕੀਤੇ ਹਨ ਕਿ ਕੋਈ ਵੀ ਦੁਕਾਨਦਾਰ, ਆਟੋ ਕੰਪਨੀ ਵਲੋਂ ਨਿਰਧਾਰਤ ਕੀਤੇ ਮਾਪਦੰਡਾਂ ਵਿਰੁੱਧ ਤਿਆਰ ਕੀਤੇ ਸਾਇਲੈਂਸਰ ਨਹੀਂ ਵੇਚੇਗਾ ਅਤੇ ਨਾ ਹੀ ਕਿਸੇ ਮਕੈਨਿਕ ਵਲੋਂ ਸਾਇਲੈਂਸਰਾਂ ਵਿੱਚ ਤਕਨੀਕੀ ਫੇਰਬਦਲ ਕੀਤੇ ਜਾਣਗੇ।ਇਸੇ ਤਰ੍ਹਾਂ ਕਮਿਸ਼ਨਰੇਟ ਪੁਲਸ ਦੀ ਹਦੂਦ ਅੰਦਰ ਕਿਸੇ ਵੀ ਕਿਸਮ ਦਾ ਹਥਿਆਰ ਜਿਵੇਂ ਬੇਸਬਾਲ, ਤੇਜ਼ ਹਥਿਆਰ, ਨੋਕੀਲਾ ਹਥਿਆਰ ਜਾਂ ਕੋਈ ਵੀ ਜਾਨਲੇਵਾ ਹਥਿਆਰ ਗੱਡੀ ਵਿੱਚ ਰੱਖ ਕੇ ਚੱਲਣ 'ਤੇ ਵੀ ਪਾਬੰਦੀ, ਕਿਸੇ ਕਿਸਮ ਦਾ ਜਲੂਸ ਕੱਢਣ, ਸਮਾਗਮ/ਜਲੂਸ ਵਿੱਚ ਹਥਿਆਰ ਲੈ ਕੇ ਚੱਲਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਅਤੇ ਨਾਅਰੇਬਾਜ਼ੀ ਕਰਨ 'ਤੇ ਪਾਬੰਦੀ ਲਗਾਈ ਗਈ ਹੈ ਅਤੇ ਸਾਰੇ ਮੈਰਿਜ ਪੈਲਸਾਂ/ਹੋਟਲਾਂ ਦੇ ਦਾਅਵਤ ਹਾਲਾਂ, ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਵਿੱਚ ਪਬਲਿਕ ਦੁਆਰਾ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਮੈਰਿਜ ਪੈਲਸਾਂ/ਦਾਅਵਤ ਹਾਲਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੇ ਜ਼ਿੰਮੇਵਾਰ ਹੋਣਗੇ।ਜੁਆਇੰਟ ਕਮਿਸ਼ਨਰ ਪੁਲਸ ਦੇ ਇਕ ਹੋਰ ਹੁਕਮ ਅਨੁਸਾਰ ਕੋਈ ਵੀ ਦੁਕਾਨਦਾਰ/ਦਰਜੀ, ਸੈਨਿਕ/ਅਰਧ ਸੈਨਿਕ ਬਲ/ਪੁਲਸ ਦੀ ਬਣੀ ਬਣਾਈ ਵਰਦੀ ਜਾਂ ਕੱਪੜਾ ਲੈ ਕੇ ਸੀਤੀ ਸਿਲਾਈ ਵਰਦੀ ਬਿਨਾਂ ਖਰੀਦਦਾਰ ਦੀ ਦਰੁਸਤ ਸ਼ਨਾਖਤ ਕੀਤੇ ਨਹੀਂ ਵੇਚੇਗਾ।ਇਸ ਤੋਂ ਇਲਾਵਾ ਹੋਟਲ/ਮੋਟਲ/ ਗੈਸਟ ਹਾਊਸ ਅਤੇ ਸਰਾਂ ਦੇ ਕੋਰੀਡੋਰ, ਲਿਫ਼ਟ, ਰਿਸੈਪਸ਼ਨ ਕਾਊਂਟਰ ਅਤੇ ਮੁੱਖ ਪ੍ਰਵੇਸ਼ ਦਰਵਾਜ਼ੇ 'ਤੇ ਸੀ. ਸੀ. ਟੀ.ਵੀ. ਕੈਮਰੇ ਲਗਾਏ ਜਾਣਗੇ। ਜੇਕਰ ਕੋਈ ਸ਼ੱਕੀ ਵਿਅਕਤੀ ਹੋਟਲ/ਮੋਟਲ/ਗੈਸਟ ਹਾਊਸ, ਰੈਸਟੋਰੈਂਟ ਅਤੇ ਸਰਾਂ ਵਿਖੇ ਠਹਿਰਦਾ/ ਆਉਂਦਾ ਹੈ, ਜੋ ਕਿਸੇ ਪੁਲਿਸ ਕੇਸ ਵਿਚ ਲੋੜੀਂਦਾ ਹੈ ਤਾਂ ਹੋਟਲ/ ਰੈਸਟੋਰੈਂਟ/ ਮੋਟਲ/ ਗੈਸਟ ਹਾਊਸ ਅਤੇ ਸਰਾਂ ਦਾ ਮਾਲਕ/ਪ੍ਰਬੰਧਕ ਤੁਰੰਤ ਇਸ ਦੀ ਸੂਚਨਾ ਸਬੰਧਤ ਥਾਣੇ/ਪੁਲਸ ਕੰਟਰੋਲ ਰੂਮ ਨੂੰ ਦੇਣ ਦੇ ਜ਼ਿੰਮੇਵਾਰ ਹੋਣਗੇ। ਉਪਰੋਕਤ ਸਾਰੇ ਹੁਕਮ 13.06.2024 ਤੱਕ ਲਾਗੂ ਰਹਿਣਗੇ।

## ਪੰਜਾਬ ਦੇ ਭਲੇ ਲਈ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਤਾਇਆ ਜਾਵੇ : ਮਜੀਠੀਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਹਿੱਤਾਂ ਨਾਲ ਕੋਈ ਲੈਣਾ ਦੇਣਾ ਨਹੀ ਹੈ। ਇਨ੍ਹਾਂ ਦਾ ਮਕਸਦ ਸਿਰਫ ਸੱਤਾ ਹਾਸਲ ਕਰਨਾ ਅਤੇ ਪੰਜਾਬ ਦੀ ਲੁੱਟ ਖਸੁੱਟ ਕਰਨਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ, ਬੀ ਜੇ ਪੀ ਅਤੇ ਆਮ ਆਦਮੀ ਪਾਰਟੀ ਆਪਣੇ ਆਪ ਨੂੰ ਨੈਸ਼ਨਲ ਪਾਰਟੀਆਂ ਅਖਵਾਉਂਦੀਆਂ ਹਨ। ਇਨ੍ਹਾਂ ਪਾਰਟੀਆਂ ਦਾ ਮੁੱਖ ਮੰਤਵ ਪੰਜਾਬ ਦੇ ਪਾਣੀਆਂ, ਪੰਜਾਬ ਦੀ ਖੇਤੀ ਉੱਪਰ ਕਬਜ਼ਾ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦਾ ਭਲਾ ਕੋਈ ਰਾਜਨੀਤਕ ਪਾਰਟੀ ਕਰ ਸਕਦੀ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਭ ਤੋਂ ਵੱਧ ਵਿਕਾਸ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹੋਇਆ ਸੀ ਜਿਸ ਤੋਂ ਅੱਜ ਵੀ ਪੰਜਾਬ ਦੇ ਲੋਕ ਖੁਸ਼ ਹਨ ਅਤੇ ਉਹ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾਉਣ ਦਾ ਪ੍ਰਣ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸੁਖਵਿੰਦਰ ਸਿੰਘ ਗੋਲਡੀ ਸਿਆਸੀ ਸਲਾਹਕਾਰ ਮਜੀਠੀਆ, ਸਤਿੰਦਰਜੀਤ ਸਿੰਘ ਛੱਜਲਵੱਡੀ, ਵੱਡੀ ਹਲਕਾ ਇੰਚਾਰਜ ਜੰਡਿਆਲਾ ਗੁਰੂ ਸ਼੍ਰੋਮਣੀ ਅਕਾਲੀ ਦਲ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਰਾਮਗੜ੍ਹੀਆ ਤੇ ਸੁਨਿਆਰ ਬਰਾਦਰੀ ਨੇ ਲਾਲਜੀਤ ਭੁੱਲਰ ਦਾ ਫੂਕਿਆ ਪੁਤਲਾ


ਸੁਨਿਆਰ ਤੇ ਰਾਮਗੜ੍ਹੀਆ ਬਰਾਦਰੀ ਦੇ ਲੋਕ ਲਾਲਜੀਤ ਮੰਤਰੀ ਦਾ ਪੁਤਲਾ ਫੂਕਦੇ ਹੋਏ।

**ਜੀਰਾ (ਹਰਿੰਦਰ ਅਨੇਜਾ)**

ਆਮ ਆਦਮੀ ਪਾਰਟੀ ਦੇ ਮੰਤਰੀ ਲਾਲਜੀਤ ਭੁੱਲਰ ਵੱਲੋਂ ਰਾਮਗੜ੍ਹੀਆ ਬਰਾਦਰੀ ਤੇ ਸੁਨਿਆਰ ਬਰਾਦਰੀ ਵਿਰੁੱਧ ਬੋਲੇ ਮਾੜੇ ਸ਼ਬਦਾਂ ਨੂੰ ਲੈ ਕੇ ਦੇ ਰਾਮਗੜ੍ਹੀਆ ਅਤੇ ਸੁਨਿਆਰ ਬਿਰਾਦਰੀ ਵੱਲੋਂ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਮਾਰਚ ਕਰਕੇ ਆਪ ਮੰਤਰੀ ਲਾਲਜੀਤ ਭੁੱਲਰ ਦਾ ਪੁਤਲਾ ਫੂਕਿਆ ਗਿਆ। ਉਨ੍ਹਾਂ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਬਦਲ ਕੇ ਚੰਗੇ ਉਮੀਦਵਾਰ ਨੂੰ ਟਿਕਟ ਦੇਣ ਦੀ ਮੰਗ ਕੀਤੀ ਹੈ, ਜੋ ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਦੇਸ਼ ਦੀ ਤਰੱਕੀ ਵੱਲ ਧਿਆਨ ਦੇਵੇ। ਇਸ ਮੌਕੇ ਵਿਸ਼ਕਰਮਾ ਭਵਨ ਗੁਰਦੁਆਰਾ ਜੀਰਾ ਵਿਖੇ ਇੱਕ ਵਿਸ਼ਾਲ ਇਕੱਠ ਕੀਤਾ ਗਿਆ, ਜਿੱਥੋਂ ਵਿਸ਼ਾਲ ਮਾਰਚ ਸ਼ਹਿਰਾਂ ਵਾਲਾ ਚੌਕ ਤੇ ਬਾਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਘੰਟਾ ਘਰ ਚੌਕ ਵਿਖੇ ਪਹੁੰਚ ਕੇ ਮੰਤਰੀ ਦਾ ਪੁਤਲਾ ਫੂਕਿਆ ਗਿਆ। ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਨਾ ਤੇ ਸੁਨਿਆਰ ਬਿਰਾਦਰੀ ਦੇ ਪ੍ਰਧਾਨ ਕੁਲਦੀਪ ਸਿੰਘ ਕੰਡਾ ਨੇ ਦੱਸਿਆ ਕਿ ਇਸ ਹੰਕਾਰੀ ਮੰਤਰੀ ਵੱਲੋਂ ਬੋਲੇ ਗਏ ਮਾੜੇ ਸ਼ਬਦਾਂ ਨਾਲ ਸਾਡੇ ਭਾਈਚਾਰੇ ਦੇ ਹਿਰਦੇ ਵਲੂੰਦਰੇ ਗਏ ਹਨ। ਮੰਤਰੀ ਦੇ ਇਨ੍ਹਾਂ ਵਿਗੜੇ ਬੋਲਾਂ ਕਰਕੇ ਪੰਜਾਬ ਵਿੱਚੋਂ ਸੁਨਿਆਰ ਤੇ ਰਾਮਗੜ੍ਹੀਆ ਬਿਰਾਦਰੀ ਦੀ ਤਕਰੀਬਨ 90 ਲੱਖ ਆਬਾਦੀ ਇਸ ਪਾਰਟੀ ਨੂੰ ਵੋਟ ਨਹੀਂ ਪਾਏਗੀ, ਕਿਉਂਕਿ ਇਨ੍ਹਾਂ ਲੀਡਰਾਂ ਵਿੱਚੋਂ ਜਾਤੀਵਾਦ ਅਤੇ ਹੰਕਾਰ ਮੂੰਹੋਂ ਬੋਲਦਾ ਪਿਆ ਹੈ। ਉਨ੍ਹਾਂ ਕਿਹਾ ਕਿ ਸਾਡੇ ਭਾਈਚਾਰੇ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਇਸ ਪਾਰਟੀ ਨੂੰ ਸਖਤ ਸਬਕ ਸਿਖਾਇਆ ਜਾਵੇਗਾ।

# ਰਿਟਾਇਰ ਕਰਮਚਾਰੀ ਸੰਘ ਵੱਲੋਂ ਸੰਘਰਸ਼ ਦਾ ਐਲਾਨ



**ਸਿਰਸਾ (ਸੁਰਿੰਦਰ ਪਾਲ ਸਿੰਘ)**

ਮੰਡੀ ਕਾਲਾਂਵਾਲੀ ਦੇ ਬਿਜਲੀ ਘਰ ਵਿਖੇ ਰਿਟਾਇਰਡ ਕ੍ਰਮਚਾਰੀ ਸੰਘ ਵੱਲੋਂ ਕੀਤੀ ਗਈ ਬਲਾਕ ਪੱਧਰੀ ਕਨਵੈਨਸ਼ਨ ਦੀ ਪ੍ਰਧਾਨਗੀ ਰਿਟਾਇਰ ਕ੍ਰਮਚਾਰੀ ਸੰਘ ਦੇ ਪ੍ਰਮੁੱਖ ਆਗੂ ਸੋਹਣ ਸਿੰਘ ਰੰਧਾਵਾ ਤੇ ਗੁਰਜੰਟ ਸਿੰਘ ਜੋਈ ਨੇ ਕੀਤੀ। ਇਸ ਕਨਵੈਨਸ਼ਨ ਦੌਰਾਨ ਕ੍ਰਮਚਾਰੀਆਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਗਹਿਨ ਵਿਚਾਰ-ਵਟਾਂਦਰਾ ਕੀਤਾ ਗਿਆ। ਰਿਟਾਇਰਡ ਕ੍ਰਮਚਾਰੀ ਆਗੂ ਰਵੀ ਕੁਮਾਰ ਨੇ ਕਿਹਾ ਕਿ ਸੇਵਾਮੁਕਤ ਕ੍ਰਮਚਾਰੀਆਂ ਦੀਆਂ ਮੰਗਾਂ ਸਬੰਧੀ ਸਾਡੇ ਵਫ਼ਦ ਮੁੱਖ ਮੰਤਰੀ ਤੋਂ ਲੈ ਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਤੱਕ ਕਈ ਵਾਰ ਮੰਗ ਪੱਤਰ ਦੇ ਚੁੱਕੇ ਹਨ, ਪਰ ਇਨ੍ਹਾਂ ਮੰਗਾਂ 'ਤੇ ਸਰਕਾਰ ਵੱਲੋਂ ਕੋਈ ਵੀ ਵਿਚਾਰ ਨਹੀਂ ਕੀਤਾ ਗਿਆ। ਕ੍ਰਮਚਾਰੀ ਆਗੂ ਸੋਹਣ ਸਿੰਘ ਰੰਧਾਵਾ ਦਾ ਕਹਿਣਾ ਸੀ ਕਿ ਭਾਜਪਾ ਸਰਕਾਰ ਦੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਵਿਰੋਧੀ ਨੀਤੀਆਂ ਕਾਰਨ ਹਰ ਵਰਗ ਵਿੱਚ ਬੇਚੈਨੀ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਜਨ ਹਿੱਤ ਦੇ ਮੁੱਦਿਆਂ ਨੂੰ ਛੱਡ ਕੇ ਧਾਰਮਿਕ ਮੁੱਦਿਆਂ ਵੱਲ ਧਿਆਨ ਆਕਰਸ਼ਤ ਕਰਕੇ ਦੇਸ਼ ਵਿੱਚ ਫਿਰਕੂਵਾਦ ਉਭਾਰਨ ਦੇ ਰਾਹ ਤੁਰੀ ਹੋਈ ਹੈ, ਜੋ ਦੇਸ਼ ਲਈ ਘਾਤਕ ਹੈ। ਇਸੇ ਤਰ੍ਹਾਂ ਕ੍ਰਮਚਾਰੀ ਆਗੂ ਹਰਮੀਤ ਸਿੰਘ ਪੱਕਾ ਦਾ ਕਹਿਣਾ ਸੀ ਕਿ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਦੇ ਸੂਝਵਾਨ ਵੋਟਰ ਭਾਜਪਾ ਦੀਆਂ ਮਜ਼ਦੂਰ ਕਿਸਾਨ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਚੱਲਦੇ ਆਪਣਾ ਵਿਰੋਧ ਜਤਾਉਣਗੇ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੇ ਹੱਕਾਂ ਲਈ ਸੰਘਰਸ਼ ਜਾਰੀ ਰਹੇਗਾ।

# ਮਜ਼ਬੂਤ ਲੋਕਤੰਤਰ ਦੀ ਨੀਂਹ ਵੋਟ ਦਾ ਅਧਿਕਾਰ : ਭਜਨ ਮੰਡਲੀ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਲੋਕ ਸਭਾ ਚੋਣਾਂ ਵਿੱਚ ਵੋਟ ਪਾਉਣ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸੂਚਨਾ ਤੇ ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਦੀਆਂ ਭਜਨ ਮੰਡਲੀਆਂ ਵੱਲੋਂ ਇਲਾਕੇ ਵਿੱਚ ਜਨਤਕ ਥਾਂਵਾਂ 'ਤੇ ਜਾ ਕੇ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਇਹ ਭਜਨ ਗਰੁੱਪ ਆਯਾ ਜਮਹੂਰੀਅਤ ਕਾ ਤਿਉਹਾਰ ਖੁਸ਼ੀ ਮਨਾਵੈ ਨਰ ਔਰ ਨਾਰ ਤੇ ਆਪ ਜਾਗੋ ਔਰੋ ਕੋ ਜਾਗਾਓ ਆਦਿ ਗੀਤਾਂ ਰਾਹੀਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਵਿੱਚ ਲੱਗੇ ਹਨ। ਇਸੇ ਲੜੀ ਤਹਿਤ ਪਿੰਡ ਸਾਹੂਵਾਲਾ ਤੇ ਛੱਤਰੀਆਂ ਵਿੱਚ ਭਜਨ ਮੰਡੀਆਂ ਵੱਲੋਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨ।ਇੱਕ ਮਜ਼ਬੂਤ ?ਲੋਕਤੰਤਰ ਵਿੱਚ 18 ਸਾਲ ਤੋਂ ਵੱਧ ਉਮਰ ਦੇ ਹਰ ਯੋਗ ਨਾਗਰਿਕ ਨੂੰ ਵੋਟ ਦਾ ਅਧਿਕਾਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋ ਬਿਨਾਂ ਕਿਸੇ ਡਰ, ਜਾਤ, ਫਿਰਕੇ, ਵਰਗ, ਲਾਲਚ ਦੇ ਕਰਨੀ ਚਾਹੀਦੀ ਹੈ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਰਹਿੰਦੇ ਪਰਵਾਰਾਂ ਤੱਕ 100 ਫ਼ੀਸਦੀ ਵੋਟ ਪਾਉਣ ਦਾ ਸੁਨੇਹਾ ਪੁਚਾਉਣ।

# ਸਿਮਰਨਜੀਤ ਮਾਨ ਨੇ ਨੌਜਵਾਨੀ ਬਚਾਉਣ ਲਈ ਖੇਡ ਕਿੱਟਾਂ ਵੰਡੀਆਂ



**ਭਵਾਨੀਗੜ੍ਹ/ਸੰਗਰੂਰ (ਪ੍ਰਵੀਨ ਸਿੰਘ)**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਲੋਕ ਸਭਾ ਚੋਣ ਦੇ ਮੱਦੇਨਜ਼ਰ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਲਗਾਤਾਰ ਸੰਗਤ ਦਰਸ਼ਨ ਕਰਨ ਦਾ ਸਿਲਸਿਲਾ ਜਾਰੀ ਹੈ।ਇਸੇ ਲੜੀ ਤਹਿਤਮਾਨ ਵੱਲੋਂ ਭਵਾਨੀਗੜ੍ਹ ਸ਼ਹਿਰ, ਪਿੰਡ ਮੁਨਸ਼ੀਵਾਲਾ, ਸ਼ਾਹਪੁਰ, ਚੰਨੋ ਸਮੇਤ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਸੰਗਤ ਦਰਸ਼ਨ ਕੀਤੇ ਗਏ।ਦੌਰੇ ਦੀ ਸ਼ੁਰੂਆਤ ਮਾਨ ਨੇ ਭਵਾਨੀਗੜ੍ਹ ਵਿਖੇ ਇੱਕ ਜਿੰਮ ਵਿੱਚ ਨੌਜਵਾਨਾਂ ਨਾਲ ਮੁਲਾਕਾਤ ਤੋਂ ਕੀਤੀ।ਇਸ ਉਪਰੰਤ ਪਿੰਡ ਮੁਨਸ਼ੀਵਾਲਾ, ਸ਼ਾਹਪੁਰ ਤੇ ਚੰਨੋ ਵਿਖੇ ਭਰਵੇਂ ਇਕੱਠਾਂ ਨੂੰ ਸੰਬੋਧਨ ਕੀਤਾ। ਦੌਰੇ ਦੌਰਾਨ ਵੱਖ-ਵੱਖ ਥਾਂਵਾਂ 'ਤੇ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਪੰਜਾਬ ਵਾਸੀਆਂ ਲਈ ਸਭ ਤੋਂ ਵੱਡੀ ਚਿੰਤਾ ਦਾ ਕਾਰਨ ਨੌਜਵਾਨਾਂ ਵਿੱਚ ਨਸ਼ਿਆਂ ਦਾ ਵੱਧ ਰਿਹਾ ਰੁਝਾਨ ਹੈ, ਜਿਸ ਨੂੰ ਖਤਮ ਕਰਨ ਲਈ ਅਸੀਂ ਪਿਛਲੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਐਮ.ਪੀ. ਕੋਟੇ ਵਿੱਚੋਂ ਵੱਡੇ ਪੱਧਰ 'ਤੇ ਓਪਨ ਤੇ ਇੰਡੋਰ ਜਿੰਮ, ਕ੍ਰਿਕਟ ਤੇ ਵਾਲੀਬਾਲ ਖੇਡ ਕਿੱਟਾਂ ਵੰਡੀਆਂ ਤੇ ਨੌਜਵਾਨਾਂ ਦੇ ਖੇਡਣ ਲਈ ਖੇਡ ਦੇ ਮੈਦਾਨ ਤਿਆਰ ਕਰਾਏ ਤਾਂ ਜੁ ਨੌਜਵਾਨ ਨਸ਼ਿਆਂ ਤੋਂ ਕਿਨਾਰਾ ਕਰਕੇ ਆਪਣੀ ਚੰਗੀ ਸਿਹਤ ਤੇ ਖੇਡਾਂ ਪ੍ਰਤੀ ਉਤਸ਼ਾਹਤ ਹੋ ਕੇ ਆਪਣਾ ਭਵਿੱਖ ਸੰਵਾਰ ਸਕਣ।ਇਸ ਤੋਂ ਇਲਾਵਾ ਕਰੀਬ 10 ਕਰੋੜ ਰੁਪਏ ਦੀ ਗ੍ਰਾਂਟ ਸਾਰੇ ਵਰਗਾਂ ਦੀ ਭਲਾਈ ਲਈ ਵੱਖ-ਵੱਖ ਵਿਕਾਸ ਕਾਰਜਾਂ ਲਈ ਬਿਨ੍ਹਾਂ ਪੱਖਪਾਤ ਤੋਂ ਵੰਡੀ ਗਈ ਹੈ। ਬੇਰੁਜਗਾਰੀ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਕੋਲੋਂ ਰੇਲਵੇ ਇੰਜਨੀਅਰਿੰਗ ਯੂਨੀਵਰਸਿਟੀ ਹਲਕੇ ਲਈ ਮੰਗੀ ਗਈ ਹੈ।ਭਿਆਨਕ ਮਹਾਂਮਾਰੀਆਂ ਤੋਂ ਬਚਾਅ ਲਈ ਇੱਕ ਨੈਸ਼ਨਲ ਪੱਧਰ ਦਾ ਵੱਡਾ ਹਸਪਤਾਲ (ਕ੍ਰਿਟੀਕਲ ਕੇਅਰ ਸੈਂਟਰ) ਮੰਨਜ਼ੂਰ ਕਰਾਇਆ ਗਿਆ ਹੈ, ਜੋ ਜਲਦੀ ਹੀ ਬਰਨਾਲਾ ਵਿਖੇ ਬਣ ਕੇ ਤਿਆਰ ਹੋ ਜਾਵੇਗਾ।ਇਸ ਤੋਂ ਇਲਾਵਾ ਪੂਰੇ ਹਲਕੇ ਦੇ ਮੁਕੰਮਲ ਬਿਜਲੀ ਨਵੀਨੀਕਰਨ ਲਈ 281 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕਰਾਈ ਜਾ ਚੁੱਕੀ ਹੈ।ਮਾਨ ਨੇ ਦੱਸਿਆ ਕਿ ਇੱਕ ਐਮ.ਪੀ. ਹੋਣ ਦੇ ਨਾਤੇ ਉਨ੍ਹਾਂ ਪਿਛਲੇ ਡੇਢ ਸਾਲ ਦੌਰਾਨ ਆਪਣੀ ਹਰ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ।

# ਸਿੱਖਿਆ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਕਸਤ ਕਰਨ 'ਚ ਕਰਦੀ ਹੈ ਮਦਦ : ਪ੍ਰਿੰ. ਸੰਜੀਵ ਜਿੰਦਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**



ਇਹ ਜਾਣਿਆ-ਪਛਾਣਿਆ ਤੱਥ ਹੈ ਕਿ ਸਿੱਖਿਆ ਤੁਹਾਡੀ ਪੂਰੀ ਜ਼ਿੰਦਗੀ ਨੂੰ ਬਦਲਣ ਦੀ ਤਾਕਤ ਰੱਖਦੀ ਹੈ।ਸਿੱਖਣ ਨਾਲ ਤੁਹਾਡੀ ਸੋਚਣ ਦੀ ਸਮਰੱਥਾ ਅਤੇ ਧਾਰਨਾ ਬਦਲ ਜਾਂਦੀ ਹੈ।ਤੁਸੀਂ ਪੜ੍ਹਾਉਣ ਅਤੇ ਸਿੱਖਣ ਦੇ ਕਾਰਨ ਪੂਰਵ ਧਾਰਨਾਵਾਂ ਨੂੰ ਤੋੜਦੇ ਹੋ।ਸਿੱਖਣ ਵਿੱਚ ਇਹ ਅੰਤਰ ਤੁਹਾਨੂੰ ਬਿਨਾਂ ਕਿਸੇ ਪੱਖਪਾਤ ਦੇ ਦੂਜਿਆਂ ਨਾਲ ਗੱਲਬਾਤ ਕਰਨ ਤੇ ਤੁਹਾਡੇ ਦੂਰੀ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ।ਸਿੱਖਿਆ ਦਾ ਕੰਮ ਬਿਹਤਰ ਤੇ ਆਲੋਚਨਾਤਮਕ ਤੌਰ 'ਤੇ ਸੋਚਣਾ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਤੇ ਵਿਚਾਰ ਵਿਕਸਿਤ ਕਰਨ ਵਿੱਚ ਮਦਦ ਕਰਨਾ ਹੈ।ਇਹ ਤੁਹਾਨੂੰ ਦੂਜਿਆਂ ਤੋਂ ਆਦਰ ਪ੍ਰਾਪਤ ਕਰਨ ਤੇ ਤੁਹਾਡੇ ਦਿਮਾਗ ਨੂੰ ਤਿੱਖਾ ਕਰਨ ਵਿੱਚ ਮਦਦ ਕਰ ਸਕਦਾ ਹੈ।ਇਹ ਵਿਚਾਰ ਡਾ. ਸੰਜੀਵ ਜਿੰਦਲ ਨੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਸਿੱਖਿਆ ਸਮਾਜ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ।ਸਮਾਜ ਵਿੱਚ ਵੱਖ-ਵੱਖ ਮਾਨਸਿਕਤਾ ਵਾਲੇ ਵੱਖ-ਵੱਖ ਕਿਸਮਾਂ ਦੇ ਲੋਕ ਹੁੰਦੇ ਹਨ।ਵਿਚਾਰਾਂ ਦੀ ਬਹੁਤਾਤ ਵਾਲਾ ਵਿਅਕਤੀ ਸਮਾਜ, ਰਾਜਨੀਤੀ ਤੇ ਵਾਤਾਵਰਣ ਵਰਗੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕਰ ਸਕਦਾ ਹੈ।ਸਿੱਖਿਆ ਦੁਆਰਾ ਪ੍ਰਾਪਤ ਕੀਤਾ ਗਿਆ ਗਿਆਨ ਤੁਹਾਨੂੰ ਸਹੀ ਫੈਸਲਾ ਲੈਣ ਤੇ ਸਹੀ ਰਸਤੇ 'ਤੇ ਚੱਲਣ ਵਿੱਚ ਮਦਦ ਕਰਨ ਵਿੱਚ ਸ਼ਕਤੀਸ਼ਾਲੀ ਹੈ।ਸਿੱਖਿਆ ਗ਼ਰੀਬੀ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ।ਗ਼ਰੀਬੀ ਦੇ ਕਾਰਨ, ਲੋਕ ਕਈ ਵਾਰ ਆਪਣੀ ਪੜ੍ਹਾਈ ਬੰਦ ਕਰ ਦਿੰਦੇ ਹਨ, ਕਿਉਂਕਿ ਉਹ ਇਸਨੂੰ ਪੂਰਾ ਨਹੀਂ ਕਰ ਸਕਦੇ।ਪਰ ਜੇ ਤੁਸੀਂ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ, ਤਾਂ ਇਹ ਤੁਹਾਡੀ ਕਮਾਈ ਨੂੰ ਵਧਾਉਂਦਾ ਹੈ, ਗਰੀਬੀ ਨੂੰ ਦੂਰ ਕਰਦਾ ਹੈ।ਸਿੱਖਿਆ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ।ਸਮੱਸਿਆ ਭਾਵੇਂ ਕੋਈ ਵੀ ਹੋਵੇ, ਭਾਵੇਂ ਉਹ ਸਮਾਜਿਕ, ਆਰਥਿਕ, ਰਾਜਨੀਤਿਕ ਜਾਂ ਡਾਕਟਰੀ ਤੌਰ 'ਤੇ ਸਿੱਖਿਅਤ ਲੋਕ ਹਮੇਸ਼ਾ ਹੱਲ ਲੱਭਦੇ ਹਨ।ਇਹੀ ਕਾਰਨ ਹੈ ਕਿ ਕਿਸੇ ਵੀ ਸਰਕਾਰੀ ਜਾਂ ਨਿੱਜੀ ਖੇਤਰ ਦੇ ਅਹੁਦੇ ਲਈ ਅਪਲਾਈ ਕਰਦੇ ਸਮੇਂ, ਨਵੇਂ ਅਹੁਦਿਆਂ 'ਤੇ ਸਕੇਲ ਕਰਨ ਅਤੇ ਆਪਣੇ ਲਈ ਇੱਕ ਸਥਾਨ ਬਣਾਉਣ ਲਈ ਆਪਣੀ ਕਲਾ ਸਿੱਖਣਾ ਸਭ ਤੋਂ ਵਧੀਆ ਹੈ।

# ਸੁਖਪਾਲ ਸਿੰਘ ਖਹਿਰਾ ਵੱਲੋਂ ਚੋਣ ਮੁਹਿੰਮ ਦਾ ਆਗਾਜ਼

**■ 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋਈ : ਰਾਜਾ ਵੜਿੰਗ**



**ਧੂਰੀ (ਸੁਖਦੇਵ ਧੂਰੀ)**

ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਦੇ ਗ੍ਰਹਿ ਵਿਖੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਪੰਜਾਬ ਬੀਬੀ ਰਜਿੰਦਰ ਕੌਰ ਭੱਠਲ, ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਤੇ ਕੈਪਟਨ ਸੰਦੀਪ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਚੋਣ ਮੁਹਿੰਮ ਦਾ ਆਗਾਜ਼ ਕੀਤਾ।ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੋਧੀ ਪਾਰਟੀ ਦੇ ਆਗੂਆਂ ਨੂੰ ਏਜੰਸੀਆਂ ਨਾਲ ਡਰਾ ਧਮਕਾ ਰਿਹਾ ਹੈ ਅਤੇ ਮੋਦੀ ਸਰਕਾਰ ਦੇ ਅੱਗੇ ਇੱਕ ਹੀ ਵਿਅਕਤੀ ਅੱਜ ਸਾਹਮਣੇ ਖੜ੍ਹਾ ਹੋਇਆ ਹੈ। ਉਹ ਸਿਰਫ਼ ਰਾਹੁਲ ਗਾਂਧੀ ਹੈ, ਜਿਹੜਾ ਈ.ਡੀ ਤੇ ਸੀ.ਬੀ.ਆਈ ਤੋਂ ਨਹੀਂ ਡਰਿਆ ਤੇ ਆਪਾਂ ਸਭ ਨੂੰ ਰਾਹੁਲ ਗਾਂਧੀ ਨੂੰ ਮਜਬੂਤ ਕਰਨ ਲਈ ਕਾਂਗਰਸ ਪਾਰਟੀ ਨੂੰ ਮਜਬੂਤ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੋਟਾਂ ਸਮੇਂ ਪੰਜਾਬ ਦੇ ਲੋਕਾਂ ਨਾਲ ਕੀਤਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ।ਉਨ੍ਹਾਂ ਲੋਕ ਸਭਾ ਹਲਕਾ ਸੰਗਰੂਰ ਦੇ ਲੋਕਾਂ ਨੂੰ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੈਂ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੀ ਟਿਕਟ ਦੀ ਕਦੇ ਵੀ ਮੰਗ ਨਹੀਂ ਕੀਤੀ ਤੇ ਕਾਂਗਰਸ ਹਾਈਕਮਾਂਡ ਨੇ ਆਪਣੇ ਆਪ ਮੈਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਬਣਾਇਆ ਹੈ। ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਬੀ.ਜੇ.ਪੀ 'ਤੇ ਵਰ੍ਹਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਸੰਵਿਧਾਨ ਨੂੰ ਇਸ ਮੌਕੇ ਧੂਰੀ ਤੋਂ ਸਾਬਕਾ ਵਿਧਾਇਕ ਤੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਕਿਹਾ ਕਿ ਉਹ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਜਿੱਤ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।

# 13 'ਚੋਂ 13 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚੇਗੀ 'ਆਪ' : ਡਾ. ਸੁਰਜੀਤ ਦਈਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਜਿਸ ਤਰ੍ਹਾਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਰਿਕਾਰਡਤੋੜ ਜਿੱਤ ਹਾਸਲ ਕਰਕੇ ਸਰਕਾਰ ਬਣਾਈ ਸੀ, ਉਸੇ ਤਰ੍ਹਾਂ ਲੋਕ ਸਭਾ ਚੋਣਾਂ ਵਿੱਚ ਵੀ 'ਆਪ' ਪਾਰਟੀ 13 ਵਿੱਚੋਂ 13 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚੇਗੀ ਅਤੇ ਵਿਰੋਧੀ ਪਾਰਟੀਆਂ ਨੂੰ ਕਰਾਰਾ ਜਵਾਬ ਦੇਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਐਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਨੇ ਨੇੜਲੇ ਪਿੰਡ ਫ਼ਤਿਹ ਮਾਜਰੀ ਵਿਖੇ ਆਪ ਪਾਰਟੀ ਦੇ ਉਮੀਦਵਾਰ ਡਾ. ਬਲਬੀਰ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਸੂਬੇ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਪ੍ਰਤੀ ਗੁੰਮਰਾਹ ਕਰਨ ਲਈ ਝੂਠੇ ਬਿਆਨਬਾਜ਼ੀ ਕਰ ਰਹੀਆਂ ਹਨ, ਪਰ ਸੂਬੇ ਦੇ ਸੂਝਵਾਨ ਲੋਕ ਇਨ੍ਹਾਂ ਪਾਰਟੀਆਂ ਦੀਆਂ ਗੱਲਾਂ 'ਤੇ ਨਹੀਂ ਆਉਣਗੇ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣਗੇ।ਲੋਕ ਸਭਾ ਚੋਣਾਂ 'ਚ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਨੇ ਸੂਬੇ ਦੀ ਵਾਗਡੋਰ ਸੰਭਾਲੀ ਹੈ, ਸੂਬੇ ਦਾ ਸਰਬਪੱਖੀ ਵਿਕਾਸ ਹੋਇਆ ਹੈ, ਉਥੇ ਹੀ ਲੋਕਾਂ ਨੂੰ ਬਿਨਾਂ ਜਾ ਕਿਸੇ ਪੱਖਪਾਤ ਦੇ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਆਪਣੇ ਕਾਰਜਕਾਲ ਦੌਰਾਨ ਸੂਬੇ ਦੀ ਭਲਾਈ ਅਤੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਕੋਈ ਪਹਿਲਕਦਮੀ ਨਹੀਂ ਕੀਤੀ, ਉਲਟਾ ਉਨ੍ਹਾਂ ਨੇ ਸੂਬੇ ਤੇ ਲੋਕਾਂ ਨੂੰ ਦੋਵੇਂ ਹੱਥਾਂ ਨਾਲ ਲੁੱਟਿਆ, ਜੋ ਬਹੁਤ ਹੀ ਮੰਦਭਾਗਾ ਹੈ।ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਵਿੱਚ ਇੱਕ ਇਮਾਨਦਾਰ ਸਰਕਾਰ ਕੰਮ ਕਰ ਰਹੀ ਹੈ ਤੇ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਇਸ ਦੇ ਨਾਲ ਹੀ ਲੋਕਾਂ ਦੀ ਭਲਾਈ ਲਈ ਕਈ ਫ਼ੈਸਲੇ ਲਏ ਗਏ ਹਨ।ਉਨ੍ਹਾਂ ਹਲਕਾ ਸਮਾਣਾ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਕਿਹਾ ਕਿ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਸ.ਜੌੜਾਮਾਜਰਾ ਵੱਲੋਂ ਹਲਕਾ ਸਮਾਣਾ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਤੇਜ਼ੀ ਨਾਲ ਵਿਕਾਸ ਕਾਰਜ ਕਰਾਏ ਜਾ ਰਹੇ ਹਨ ਤੇ ਨਾਲ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਰਿਹਾ ਹੈ।

# ਜਬਰ ਜਨਾਹ ਦੇ ਦੋਸ਼ ਹੇਠ ਪਰਚਾ ਦਰਜ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਲਾਤਕਾਰ ਦੇ ਇੱਕ ਕਥਿਤ ਮਾਮਲੇ 'ਚ ਥਾਣਾ ਫ਼ਤਿਹਗੜ੍ਹ ਸਾਹਿਬ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਇੱਕ ਲੜਕੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਨ੍ਹਾਂ ਦੇ ਘਰ ਬੋਰ ਕਰਨ ਲਈ ਆਏ ਬਲਵਿੰਦਰ ਸਿੰਘ ਨਾਲ ਕਰੀਬ ਚਾਰ-ਪੰਜ ਸਾਲ ਪਹਿਲਾਂ ਉਸ ਦੀ ਦੋਸਤੀ ਹੋਈ ਸੀ, ਜੋ ਉਸ ਨੂੰ ਵਿਆਹ ਕਰਾਉਣ ਦਾ ਲਾਰਾ ਲਾਉਂਦਾ ਰਿਹਾ ਅਤੇ ਆਪਣੇ ਘਰ ਲਿਜਾ ਕੇ ਉਸਦੀ ਮਰਜ਼ੀ ਤੋਂ ਬਗੈਰ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਰਿਹਾ।ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਬੀਤੀ 11 ਅਪ੍ਰੈਲ ਨੂੰ ਸ਼ਾਮ ਕਰੀਬ ਪੰਜ ਵਜੇ ਬਲਵਿੰਦਰ ਸਿੰਘ ਉਸ ਨੂੰ ਸਰਹਿੰਦ ਦੇ ਇੱਕ ਗੈਸਟ ਹਾਊਸ ਵਿੱਚ ਲੈ ਗਿਆ, ਜਿੱਥੇ ਉਸ ਵੱਲੋਂ ਫਿਰ ਉਸਦੀ ਮਰਜ਼ੀ ਤੋਂ ਬਗੈਰ ਉਸ ਨਾਲ ਸਰੀਰਕ ਸਬੰਧ ਬਣਾਏ ਗਏ ਤੇ ਉਸ ਤੋਂ ਅਗਲੇ ਦਿਨ ਸ਼ਾਮ ਕਰੀਬ ਸਾਢੇ ਕੁ ਛੇ ਵਜੇ ਬਲਵਿੰਦਰ ਸਿੰਘ ਉਸ ਨੂੰ ਉਸਦੇ ਪਿੰਡ ਦੇ ਬੱਸ ਅੱਡੇ ਤੇ ਉਤਾਰ ਕੇ ਚਲਾ ਗਿਆ, ਜਿਸ ਤੋਂ ਬਾਅਦ ਉਸ ਨੇ ਘਰ ਜਾ ਕੇ ਸਾਰੀ ਗੱਲ ਆਪਣੀ ਮਾਤਾ ਨੂੰ ਦੱਸੀ। ਸ਼ਿਕਾਇਤਕਰਤਾ ਦੇ ਬਿਆਨਾਂ ਤੇ ਥਾਣਾ ਫ਼ਤਿਹਗੜ੍ਹ ਸਾਹਿਬ ਵਿਖੇ ਬਲਵਿੰਦਰ ਸਿੰਘ ਵਾਸੀ ਪਿੰਡ ਦਨਘੇੜੀ ਵਿਰੁੱਧ ਅ/ਧ 376 ਆਈ.ਪੀ.ਸੀ. ਤਹਿਤ ਮੁੱਕਦਮਾ ਦਰਜ ਕਰਕੇ ਸਬ ਇੰਸਪੈਕਟਰ ਪ੍ਰਭਜੋਤ ਕੌਰ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਪੁਲਸ ਨੇ ਰੇਲਵੇ ਸਟੇਸ਼ਨ 'ਤੇ ਕੀਤੀ ਮੌਕ ਡਰਿੱਲ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਕਿਸੇ ਜਗ੍ਹਾ 'ਤੇ ਕੋਈ ਸ਼ੱਕੀ ਵਸਤੂ ਮਿਲਣ 'ਤੇ ਅਜਿਹੀ ਸਥਿਤੀ ਨਾਲ ਨਜਿੱਠਣ ਦੀ ਸਿਖਲਾਈ ਦੇਣ ਦੇ ਮਕਸਦ ਨਾਲ ਰੇਲਵੇ ਸਟੇਸ਼ਨ ਨੇੜੇ ਮੌਕ ਡਰਿੱਲ ਕੀਤਾ ਗਿਆ।ਇਸ ਦੌਰਾਨ ਵੱਡੀ ਗਿਣਤੀ 'ਚ ਪੁਲਸ ਪਾਰਟੀ ਸਮੇਤ ਡੀ.ਐਸ.ਪੀ ਤਲਵਿੰਦਰ ਸਿੰਘ, ਐਸ.ਐਚ.ਓ ਸਦਰ ਜਗਦੀਪ ਸਿੰਘ, ਜੀ.ਆਰ.ਪੀ ਪੁਲਸ ਦੇ ਇੰਚਾਰਜ ਰਣਬੀਰ ਸਿੰਘ, ਆਰ.ਪੀ.ਐਫ ਪੁਲਸ ਅਤੇ ਬੰਬ ਸੁਕੈਡ ਦੀ ਟੀਮ ਦੇ ਅਧਿਕਾਰੀ ਵੀ ਮੌਜੂਦ ਸਨ।ਇਸ ਦੌਰਾਨ ਡੀ.ਐਸ.ਪੀ ਤਲਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਜੇਕਰ ਕਿਸੇ ਵੀ ਜਗ੍ਹਾ 'ਤੇ ਕੋਈ ਸ਼ੱਕੀ ਵਸਤੂ ਮਿਲਦੀ ਹੈ ਤਾਂ ਇਸਦੀ ਸੂਚਨਾ ਤੁਰੰਤ ਪੁਲਸ ਨੂੰ ਦੇਣੀ ਚਾਹੀਦੀ ਹੈ ਤੇ ਅਜਿਹੀ ਕੋਈ ਸ਼ੱਕੀ ਚੀਜ਼ ਮਿਲਣ 'ਤੇ ਪੁਲਸ ਟੀਮ ਵੱਲੋਂ ਕਿਸ ਤਰੀਕੇ ਨਾਲ ਇਲਾਕਾ ਖਾਲੀ ਕਰਾਇਆ ਜਾਂਦਾ ਹੈ ਤੇ ਲੋਕਾਂ ਨੂੰ ਕਿਵੇਂ ਸੁਰੱਖਿਅਤ ਥਾਂ 'ਤੇ ਲਿਜਾ ਕੇ ਬੰਬ ਸਕੁਆਡ ਦੀ ਟੀਮ ਵੱਲੋਂ ਸ਼ੱਕੀ ਵਸਤੂ ਦੀ ਜਾਂਚ ਕੀਤੀ ਜਾਂਦੀ ਹੈ।ਮੌਕ ਡਰਿੱਲ ਰਾਹੀਂ ਪੂਰੀ ਟੀਮ ਨੂੰ ਆਪਸੀ ਤਾਲਮੇਲ ਸੰਬੰਧੀ ਸਿਖਲਾਈ ਦਿੱਤੀ ਗਈ ਸੀ।ਉਨ੍ਹਾਂ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧਾਂ ਦੀ ਗੱਲ ਕਰਦਿਆਂ ਕਿਹਾ ਕਿ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਹੈ ਤੇ ਲੋਕਾਂ ਅੰਦਰ ਸੁਰੱਖਿਅਤ ਹੋਣ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਸਮੇਂ-ਸਮੇਂ ਸਿਰ ਇਲਾਕੇ ਅੰਦਰ ਫਲੈਗ ਮਾਰਚ ਕੱਢੇ ਜਾ ਰਹੇ ਹਨ ਤਾਂ ਜੋ ਚੋਣਾਂ ਦਾ ਕੰਮ ਅਮਨ-ਸ਼ਾਂਤੀ ਨਾਲ ਨੇਪਰੇ ਚੜ੍ਹਾਇਆ ਜਾ ਸਕੇ।

# ਭਾਕਿਯੂ ਰਾਜੇਵਾਲ ਦੀ ਮੀਟਿੰਗ 'ਚ 21 ਨੂੰ ਜਗਰਾਉਂ ਪਹੁੰਚਣ ਦਾ ਫ਼ੈਸਲਾ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਦੀ ਬਲਾਕ ਸ਼ੇਰਪੁਰ ਦੇ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ ਤੇ ਭੁਪਿੰਦਰ ਸਿੰਘ ਬਲਾਕ ਪ੍ਰਧਾਨ ਧੂਰੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਦੱਸਿਆ ਗਿਆ, ਜੋ ਭਾਕਿਯੂ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਨਰਵਾਣਾ ਵਿਖੇ ਹਾਈਕੋਰਟ ਵਿੱਚ ਕੇਸ ਪਾਇਆ ਸੀ, ਉਸ ਦਾ ਮੌਕਾ ਵੇਖਣ ਲਈ ਜੱਜ ਸਾਹਿਬ 18 ਅਪਰੈਲ ਨੂੰ ਨਰਵਾਣਾ ਵਿਖੇ ਆਉਣਗੇ ਤੇ ਹਰੇਕ ਬਲਾਕ ਵਿੱਚੋਂ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਫ਼ੈਸਲਾ ਕੀਤਾ ਗਿਆ।ਬੁਲਾਰਿਆਂ ਨੇ ਦੱਸਿਆ ਕਿ ਹਰੇਕ ਦਾਨਾ ਮੰਡੀ ਵਿਖੇ ਇਲੈਕਟ੍ਰੋਨਿਕ ਕੰਡਾ ਹੈ, ਜਿਸ ਨਾਲ ਆੜ੍ਹਤੀਆਂ ਦੇ ਕੰਡੇ ਚੈਕ ਕਰਾਏ ਜਾ ਸਕਦੇ ਹਨ।21 ਮਈ ਨੂੰ ਜਗਰਾਓਂ ਵਿਖੇ ਹੋ ਰਹੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਆਪਣੇ-ਆਪਣੇ ਵਹੀਕਲਾਂ ਤੇ ਝੰਡੇ ਲਾ ਕੇ ਪੁੱਜਣ ਦਾ ਫ਼ੈਸਲਾ ਕੀਤਾ ਗਿਆ। 22 ਅਪ੍ਰੈਲ ਨੂੰ ਮੰਡੀਆਂ ਚੈੱਕ ਕਰਨ ਲਈ ਕਿਸਾਨ ਯੂਨੀਅਨ ਦੇ ਆਗੂ ਮੰਡੀਆਂ ਦੇ ਦੌਰੇ ਕਰਨਗੇ।

# ਵਿਸਾਖੀ ਨੂੰ ਸਮਰਪਤ ਗਲੋਬਲ ਸਿੱਖ ਚੈਰਿਟੀ ਨੇ ਲਾਇਆ ਦਸਤਾਰਾਂ ਦਾ ਲੰਗਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਗਲੋਬਲ ਸਿੱਖ ਚੈਰਿਟੀ ਨੇ ਦੇਸ਼ ਭਰ ਵਿੱਚ 55 ਥਾਂਵਾਂ ਉਤੇ ਦਸਤਾਰ ਸਜਾਉਣ ਦਾ ਪ੍ਰੋਗਰਾਮ ਉਲੀਕਿਆ ਤੇ ਮੋਗਾ ਸ਼ਹਿਰ ਵਿਖੇ ਵੀ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਗਲੋਬਲ ਸਿੱਖ ਚੈਰਿਟੀ ਵੱਲੋਂ ਨਿਵੇਕਲਾ ਉਪਰਾਲਾ ਕਰਦਿਆਂ ਦਸਤਾਰਾਂ ਦੇ ਲੰਗਰ ਸੰਨੀ ਟਾਵਰ ਮੁੱਖ ਬਾਜ਼ਾਰ ਮੋਗਾ ਵਿਖੇ ਲਾਇਆ। ਮੋਗਾ ਟੀਮ ਦੇ ਵਲੰਟੀਅਰ ਵਲੋਂ ਦੱਸਿਆ ਕਿ ਗੈਰ ਸਰਕਾਰੀ ਸੰਸਥਾ ਗਲੋਬਲ ਸਿੱਖ ਚੈਰਿਟੀ ਵੱਲੋਂ ਖਾਲਸਾ ਸਾਜਨਾ ਦਿਵਸ ਮੌਕੇ ਸਿੱਖਾਂ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਨਾਗਰਿਕਾਂ ਨੂੰ ਦਸਤਾਰਾਂ ਬੰਨ੍ਹ ਕੇ ਭਾਈਚਾਰਕ ਸਾਂਝ ਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇਣ ਲਈ ਇਹ ਪ੍ਰੋਗਰਾਮ ਉਲੀਕਿਆ ਸੀ, ਜਿੱਥੇ ਸੰਸਥਾ ਵੱਲੋਂ ਦਸਤਾਰਾਂ ਦਾ ਲੰਗਰ ਲਾਇਆ ਗਿਆ, ਉੱਥੇ ਚਾਹਵਾਨ ਸੱਜਣਾਂ ਨੂੰ ਦਸਤਾਰਾਂ ਵੀ ਸਜਾਈਆਂ ਗਈਆਂ। ਗਲੋਬਲ ਸਿੱਖ ਚੈਰਿਟੀ ਦਾ ਕਹਿਣਾ ਹੈ ਦਸਤਾਰ ਸਿੱਖ ਪੰਥ ਦੀ ਸ਼ਾਨ ਹੈ, ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਦਸਤਾਰ ਨੂੰ ਸਜਾਉਣ ਤੋਂ ਬਾਅਦ ਹਰੇਕ ਇਨਸਾਨ ਅੰਦਰ ਆਤਮ ਵਿਸ਼ਵਾਸ, ਦ੍ਰਿੜ ਨਿਸ਼ਚਾ, ਦਇਆਲਤਾ ਤੇ ਹੌਸਲਾ ਪੈਦਾ ਹੁੰਦਾ ਹੈ ਅਤੇ ਮਜ਼ਲੂਮਾਂ ਦੀ ਰਾਖੀ ਤੇ ਜਬਰ ਜ਼ੁਲਮ ਖਿਲਾਫ਼ ਡਟਣ ਲਈ ਪ੍ਰੇਰਿਤ ਕਰਦੀ ਹੈ। ਗਲੋਬਲ ਸਿੱਖ ਚੈਰਿਟੀ ਵਲੋਂ ਦੱਸਿਆ ਗਿਆ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਹਿਮਦਾਬਾਦ, ਅੰਬਾਲਾ, ਬੰਗਲੌਰ, ਬਰੇਲੀ, ਭਿਲਾਈ, ਨਵੀਂ ਦਿੱਲੀ, ਫ਼ਰੀਦਾਬਾਦ, ਗੋਆ, ਗੁਰੂਗ੍ਰਾਮ, ਗੁਹਾਟੀ, ਹੈਦਰਾਬਾਦ, ਕਾਨਪੁਰ, ਜੋਰਹੱਟ, ਕੋਚੀ, ਕਰਨਾਲ, ਮੇਰਠ, ਖਾਰ, ਮਸੂਰੀ, ਜੰਮੂ, ਤ੍ਰਿਵੰਤਥਪੁਰਮ, ਕਸ਼ਮੀਰ, ਪਾਣੀਪਤ, ਮਗਰਪੱਟਾ, ਸ਼ਿਮਲਾ, ਸੋਲਨ, ਫ਼ਰੀਦਾਬਾਦ ਵਿਖੇ ਦਸਤਾਰਾਂ ਸਜਾਉਣ ਦੇ ਪ੍ਰੋਗਰਾਮ ਉਲੀਕੇ ਗਏ ਹਨ। ਇਸ ਸਮੇਂ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾ ਦੇ ਨੁਮਾਇੰਦੇ ਹਾਜ਼ਰ ਸਨ।

# 251 ਲੜਕੀਆਂ ਦਾ ਕੰਜਕ ਪੂਜਨ ਕੀਤਾ



**ਕੋਟਕਪੂਰਾ (ਰਛਪਾਲ ਭੁੱਲਰ)**-ਸ਼੍ਰੀ ਬਾਲਾ ਜੀ ਲੰਗਰ ਸੇਵਾ ਸੰਮਤੀ ਤੇ ਵੈਲਫੇਅਰ ਸੁਸਾਇਟੀ ਦੀ ਤਰਫੋਂ ਸ਼੍ਰੀ ਦੁਰਗਾ ਅਸ਼ਟਮੀ ਦੇ ਸ਼ੁਭ ਮੌਕੇ ਨਵੀਂ ਅਨਾਜ ਮੰਡੀ ਵਿਖੇ 251 ਲੜਕੀਆਂ ਦਾ ਕੰਜਕ ਪੂਜਨ ਕੀਤਾ ਗਿਆ ਗਈ। ਸੁਸਾਇਟੀ ਦੇ ਪ੍ਰਧਾਨ ਕਰਨ ਗੋਇਲ ਠੇਕੇਦਾਰ ਤੇ ਚੇਅਰਮੈਨ ਦੀਪਕ ਗੋਇਲ ਨੇ ਦੱਸਿਆ ਕਿ ਕਮੇਟੀ ਦੀ ਤਰਫੋਂ ਇਹ ਸਾਡਾ ਦੂਸਰਾ ਕੰਜਕ ਪੂਜਨ ਹੈ ਤੇ ਪਿਛਲੇ ਨਵਰਾਤਰੇ ਵਿੱਚ ਵੀ ਸਾਡੀ ਸੁਸਾਇਟੀ ਵੱਲੋਂ ਕੰਜਕ ਪੂਜਨ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਅੱਜ ਝੁੱਗੀਆਂ-ਝੌਂਪੜੀਆਂ ਵਿੱਚ ਰਹਿੰਦੇ ਪ੍ਰਵਾਸੀ ਮਜ਼ਦੂਰਾਂ ਦੀਆਂ 251 ਲੜਕੀਆਂ ਦਾ ਕੰਜਕ ਪੂਜਨ ਕੀਤਾ ਗਿਆ ਤੇ ਉਨ੍ਹਾਂ ਨੂੰ ਉਪਹਾਰ ਵਜੋਂ ਕਾਪੀਆਂ, ਪੈਨਸਲ, ਇਰੇਜ਼ਰ ਆਦਿ ਸਟੇਸ਼ਨਰੀ ਵੀ ਵੰਡੀ ਗਈ।ਜਥੇਬੰਦੀ ਦੇ ਜਨਰਲ ਸਕੱਤਰ ਸ਼ੁਸ਼ਾਤ ਬਾਂਸਲ, ਸਕੱਤਰ ਸ਼ੁਭਮ ਗਰਗ, ਖ਼ਜ਼ਾਨਚੀ ਅਕਾਸ਼ ਗਰਗ ਤੇ ਪੀਆਰਓ ਚੰਦਰ ਕੁਮਾਰ ਗਰਗ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਗੋਇਲ, ਕੀਟਨਾਸ਼ਕ ਯੂਨੀਅਨ ਦੇ ਪ੍ਰਧਾਨ ਰਾਜਨ ਗਰਗ, ਸਮਾਜ ਸੇਵਕ ਦਰਪਣ ਚੋਪੜਾ, ਜੈ ਹਨੂੰਮਾਨ ਪ੍ਰਸ਼ਾਦ, ਬ੍ਰਹਮ ਪ੍ਰਕਾਸ਼ ਸ਼ਰਮਾ, ਗਾਬਾ. ਬ੍ਰਦਰਜ਼, ਵਿਸ਼ਾਲ ਚੋਪੜਾ, ਕ੍ਰਿਸ਼ਨਾ ਬਹਿਲ ਨੇ ਬਹੁਤ ਸਹਿਯੋਗ ਦਿੱਤਾ ਹੈ।ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਦਾ ਮੁੱਖ ਉਦੇਸ਼ ਲੋਕਾਂ ਦੀ ਸੇਵਾ ਕਰਨਾ ਤੇ ਲੋੜਵੰਦ ਲੋਕਾਂ ਦੀ ਮਦਦ ਕਰਨਾ ਹੈ ਅਤੇ ਇਨ੍ਹਾਂ ਬੱਚਿਆਂ ਨੂੰ ਸਟੇਸ਼ਨਰੀ ਵੰਡਣ ਦਾ ਮਤਲਬ ਹੈ। ਉਨ੍ਹਾਂ ਅੰਦਰ ਪੜ੍ਹਨ ਦੀ ਇੱਛਾ ਪੈਦਾ ਕਰਨਾ।ਸੰਸਥਾ ਦੇ ਸਰਪ੍ਰਸਤ ਪੰਡਿਤ ਰਾਮ ਸ਼ਰਮਾ ਨੇ ਦੱਸਿਆ ਕਿ ਸਾਡੀ ਕਮੇਟੀ ਵੱਲੋਂ ਮਕਰ ਸੰਕ੍ਰਾਂਤੀ ਦੇ ਮੌਕੇ 'ਤੇ ਪੰਜ ਲੋੜਵੰਦ ਲੜਕੀਆਂ ਦੇ ਵਿਆਹ ਕਰਾਉਣ, ਵੱਖ-ਵੱਖ ਸਮਿਆਂ 'ਤੇ ਕੈਂਪ ਲਾਉਣ ਅਤੇ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਉਣ, ਹਰ ਮੰਗਲਵਾਰ ਮੁਫ਼ਤ ਭੰਡਾਰਾ ਆਦਿ ਸਮਾਜਿਕ ਪ੍ਰੋਗਰਾਮ ਕਰਾਏ ਜਾਂਦੇ ਹਨ।

# ਰਾਮ ਨੌਮੀ ਦਾ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਰਾਮ ਬਾਗ ਵਿਖੇ ਸਰਵਹਿਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਵੱਲੋਂ ਰਾਮ ਨੌਮੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਹਵਨ ਕਰਾਇਆ ਗਿਆ ਅਤੇ ਫਿਰ ਸ਼ਰਧਾਲੂ ਔਰਤਾਂ ਵੱਲੋਂ ਭਜਨ ਕੀਰਤਨ ਕੀਤਾ ਗਿਆ। ਸਭਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਨੇ ਇਸ ਪਵਿੱਤਰ ਦਿਹਾੜੇ 'ਤੇ ਆਈਆਂ ਸੰਗਤਾਂ ਨੂੰ ਵਧਾਈ ਦਿੱਤੀ ਤੇ ਭਗਵਾਨ ਸ੍ਰੀ ਰਾਮ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਮਾਰੋਹ 'ਚ ਆਏ ਮੁੱਖ ਮਹਿਮਾਨਾਂ ਨੂੰ ਪ੍ਰਬੰਧਕਾਂ ਵਲੋਂ ਚੁੰਨਰੀਆਂ ਭੇਟ ਕਰਕੇ ਸਨਮਾਨਤ ਕੀਤਾ ਗਿਆ। ਆਈਆਂ ਸੰਗਤ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਵਰਤਾਏ ਗਏ। ਇਸ ਮੌਕੇ ਪ੍ਰਿੰਸੀਪਲ ਡੀ.ਡੀ. ਵਰਮਾ, ਪ੍ਰਮੋਦ ਜੈਨ, ਸੁਰਿੰਦਰ ਬਾਂਸਲ, ਪ੍ਰਿੰਸ ਮਿੱਠੇਵਾਲ, ਕ੍ਰਿਸ਼ਨ ਲਾਲ ਸਚਦੇਵਾ, ਜਿੰਮੀ ਜੈਨ, ਰਾਜ ਜੈਨ, ਰਾਜੂ ਸੋਢੀ, ਸਤੀਸ਼ ਸਿੰਗਲਾ, ਸੁਭਾਸ਼ ਨਾਗਪਾਲ, ਪ੍ਰਵੀਨ ਜੈਨ ਸੰਨੀ ਸੂਦ, ਦੀਪਕ ਸੂਦ, ਸੁਰਿੰਦਰ ਲੋਟੇ, ਪ੍ਰਦੀਪ ਜੈਨ ਤੇ ਗੱਗੀ ਚੌਰਾਇਆ ਵੀ ਮੌਜੂਦ ਸਨ।

# ਠੰਢੇ-ਮਿੱਠੇ ਜਲ ਦਾ ਲੰਗਰ ਲਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਰਾਮ ਨੌਮੀ ਦੇ ਸ਼ੁਭ ਮੌਕੇ ਪ੍ਰਵਾਸੀ ਭਾਈਚਾਰਾ ਮੰਚ ਵੱਲੋਂ ਮਾਈਸਰ ਮੰਦਰ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ, ਜਿਸ ਵਿੱਚ ਬੀ ਜੇ ਪੀ ਦੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਤੇ ਬੀ ਜੇ ਪੀ ਦੇ ਦਫਤਰ ਇੰਚਾਰਜ ਸੰਜੀਵ ਗਰਗ ਅਤੇ ਐਂਟੀ ਡਰੱਗ ਐਂਡ ਸੋਸ਼ਲ ਵੈਲਫੇਅਰ ਆਰਗੇਨਾਈਜੇਸ਼ਨ ਪੰਜਾਬ ਤੇ ਪੀ.ਆਰ.ਓ ਇਕਬਾਲ ਸਿੰਘ ਬੱਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸੰਗਤਾਂ ਨੂੰ ਠੰਡਾ ਮਿੱਠਾ ਜਲ ਵਰਤਾਇਆ।

ਇਸ ਮੌਕੇ ਸੁਰਿੰਦਰ ਸਿੰਘ ਖੇੜਕੀ ਤੇ ਸੰਜੀਵ ਗਰਗ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਚੰਦਰ ਜੀ ਨੂੰ ਸਾਰਾ ਭਾਰਤ ਵਰਸ ਪੂਜਦਾ ਹੈ। ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਪੂਰੇ ਦੇਸ਼ ਦੇ ਰਾਮ ਮੰਦਰਾਂ ਵਿੱਚ ਉਨ੍ਹਾਂ ਦਾ ਜਨਮ ਦਿਨ ਰਾਮ ਨੌਮੀ ਦੇ ਰੂਪ ਵਿੱਚ ਮਨਾਇਆ ਗਿਆ।ਮਾਈਸਰ ਮੰਦਰ ਵਿਖੇ ਸਵੇਰ ਤੋਂ ਹੀ ਸੰਗਤਾਂ ਵੱਲੋਂ ਭਗਵਾਨ ਸ੍ਰੀ ਰਾਮ ਤੇ ਦਰਸ਼ਨਾਂ ਦੀ ਭੀੜ ਲੱਗ ਗਈ ਸੀ। ਇਸ ਮੌਕੇ ਮੇਲਾ ਮਾਈਸਰ ਕਮੇਟੀ ਤੇ ਪੁਲਸ ਚੌਂਕੀ ਮਾਈਸਰ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਸੀ।

# ਨੌਧਰਾਣੀ ਰੋਡ ਤੋਂ ਹੱਡਾਰੋੜੀ ਨੂੰ ਹਟਾਉਣ ਲਈ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਇੰਡਸਟਰੀਅਲ ਏਰੀਆ, ਨੌਧਰਾਣੀ ਰੋਡ ਦੇ ਸਮੂਹ ਇੰਡਸਟਰੀਲਿਸਟਾਂ ਵੱਲੋਂ ਡਿਪਟੀ ਕਮਿਸ਼ਨਰ ਡਾ. ਪੱਲਵੀ ਨੂੰ ਇੱਕ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਗਈ ਕਿ ਬੀਤੇ ਦਿਨੀਂ ਨੌਧਰਾਣੀ ਰੋਡ ਵਿਖੇ ਸ਼ਿਫਟ ਕੀਤੀ ਹੱਡਾਰੋੜੀ ਨੂੰ ਇੱਥੋਂ ਹਟਾਇਆ ਜਾਵੇ।ਇਕਬਾਲ ਅਹਿਮਦ ਤੇ ਨਰੇਸ਼ ਢੰਡ ਨੇ ਦੱਸਿਆ ਕਿ ਬੀਤੇ ਦਿਨਾਂ ਤੋਂ ਨਗਰ ਕੌਂਸਲ ਵੱਲੋਂ ਉਕਤ ਹੱਡਾਰੋੜੀ ਨੂੰ ਆਦਮਵਾਲ ਰੋਡ ਤੋਂ ਸ਼ਿਫਟ ਕਰਕੇ ਨੌਧਰਾਣੀ ਰੋਡ ਵਿਖੇ ਬਣਾ ਦਿੱਤੀ ਹੈ, ਜਿਸ ਕਾਰਨ ਹੱਡਾਰੋੜੀ ਵਿਖੇ ਸੁੱਟੇ ਜਾਣ ਵਾਲੇ ਮੁਰਦਾ ਜਾਨਵਰਾਂ ਕਾਰਨਾਂ ਬਦਬੂ ਫੈਲਦੀ ਹੈ ਤੇ ਫੈਕਟਰੀ ਵਿੱਚ ਮੌਜੂਦ ਲੇਬਰ ਨੂੰ ਵੀ ਬਹੁਤ ਪ੍ਰੇਸ਼ਾਨੀ ਹੁੰਦੀ ਹੈ ਤੇ ਲੇਬਰ ਬਿਮਾਰ ਹੋ ਜਾਂਦੀ ਹੈ, ਇਸ ਤੋਂ ਇਲਾਵਾ ਹੱਡਾਰੋੜੀ ਵਿਖੇ ਮੌਜੂਦ ਅਵਾਰਾ ਜਾਨਵਰ ਵੀ ਰਾਹਗੀਰਾਂ ਦਾ ਬਹੁਤ ਨੁਕਸਾਨ ਕਰਦੇ ਹਨ।ਇਸ ਲਈ ਮੰਗ ਪੱਤਰ ਦੇ ਕੇ ਡਿਪਟੀ ਕਮਿਸ਼ਨਰ ਨੂੰ ਮੰਗ ਕੀਤੀ ਗਈ ਕਿ ਉਕਤ ਹੱਡਾਰੋੜੀ ਨੂੰ ਸ਼ਹਿਰ ਤੋਂ ਬਾਹਰ ਬਣਾਇਆ ਜਾਵੇ ਤਾਂ ਜੁ ਅਸੀਂ ਆਪਣੇ ਕਾਰੋਬਾਰ ਕਰ ਸਕੀਏ।ਇਸ ਮੌਕੇ ਅਮਿਤ ਕੁਮਾਰ, ਪਿੰਟਾ ਸੂਦ, ਮੁਹੰਮਦ ਮਾਜਿਦ ਤੋਂ ਇਲਾਵਾ ਹੋਰ ਇੰਡਸਟਰੀਲਿਸਟ ਵੀ ਮੌਜੂਦ ਸਨ।

# ਪ੍ਰਤੀ ਕੁਇੰਟਲ 2275 ਰੁਪਏ ਹੋ ਰਹੀ ਕਣਕ ਦੀ ਖਰੀਦ : ਡੀ ਸੀ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਵਿੱਚ ਕਣਕ ਦੀ ਸਰਕਾਰੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋਈ ਹੈ। ਪਹਿਲੇ ਦਿਨ 200 ਮੀਟ੍ਰਿਕ ਟਨ ਕਣਕ ਦੀ ਆਮਦ ਦਰਜ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਮੋਗਾ ਦੀ ਮੁੱਖ ਦਾਣਾ ਮੰਡੀ ਵਿੱਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਾਈ। ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ਼੍ਰੀਮਤੀ ਗੀਤਾ ਬਿਸ਼ੰਭੂ, ਜ਼ਿਲ੍ਹਾ ਮੰਡੀ ਅਫ਼ਸਰ ਜਸ਼ਨਦੀਪ ਸਿੰਘ ਅਤੇ ਹੋਰ ਹਾਜ਼ਰ ਸਨ। ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੇ ਰੱਬੀ ਸੀਜ਼ਨ 202425 ਦੇ ਸਬੰਧ ਵਿੱਚ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮੋਗਾ ਵਿੱਚ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਪ੍ਰਤੀ ਹੈਕਟੇਅਰ 54 ਕੁਇੰਟਲ ਕਣਕ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਇਹ ਪੈਦਾਵਾਰ ਪ੍ਰਤੀ ਹੈਕਟੇਅਰ 49 ਕੁਇੰਟਲ ਦਰਜ ਕੀਤੀ ਗਈ ਸੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਲ੍ਹੇ ਦੀਆਂ ਕੁੱਲ 113 ਮੰਡੀਆਂ ਵਿੱਚ ਅੰਦਾਜ਼ਨ 693201 ਮੀਟਰਕ ਟਨ ਕਣਕ ਆਮਦ ਆਉਣ ਦੀ ਸੰਭਾਵਨਾ ਹੈ, ਜਿਸ ਲਈ ਸਮੂਹ ਖਰੀਦ ਏਜੰਸੀਆਂ ਵਿਚਕਾਰ ਇਨ੍ਹਾਂ ਮੰਡੀਆਂ ਦੀ ਅਲਾਟਮੈਂਟ ਕਰ ਦਿੱਤੀ ਗਈ ਹੈ। ਸਮੂਹ ਖਰੀਦ ਏਜੰਸੀਆਂ ਨੂੰ 24331 ਗੱਠਾਂ ਦੀ ਜ਼ਰੂਰਤ ਹੈ ਤੇ ਏਜੰਸੀ ਵਾਈਜ਼ ਇਹ ਬਾਰਦਾਨਾ/ਗੱਠਾਂ ਉਪਲੱਬਧ ਹਨ। ਉਨ੍ਹਾਂ ਕਿਹਾ ਕਿ ਰੱਬੀ ਸੀਜ਼ਨ 202425 ਦੌਰਾਨ ਖਰੀਦ ਦਾ ਸਮਾਂ 1 ਅਪ੍ਰੈਲ ਤੋਂ 31 ਮਈ ਤੱਕ ਨਿਰਧਾਰਤ ਕੀਤਾ ਹੈ। ਵਿਭਾਗ ਵੱਲੋਂ 2275 ਰੁਪਏ ਪ੍ਰਤੀ ਕੁਇੰਟਲ ਮੁੱਲ ਨਿਰਧਾਰਤ ਕੀਤਾ ਗਿਆ ਹੈ।

ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ਼੍ਰੀਮਤੀ ਗੀਤਾ ਬਿਸ਼ੰਭੂ ਨੇ ਦੱਸਿਆ ਕਿ ਕਣਕ ਦੀ ਸਰਕਾਰੀ ਖਰੀਦ ਲਈ ਜ਼ਿਲ੍ਹਾ ਮੋਗਾ ਵਿੱਚ 113 ਸਰਕਾਰੀ ਖਰੀਦ ਕੇਂਦਰ ਨਿਰਧਾਰਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਖਰੀਦ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਮੋਗਾ ਵਿੱਚ ਖਰੀਦ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਸਮੂਹ ਵਿਭਾਗਾਂ ਨੂੰ ਹਦਾਇਤ ਜਾਰੀ ਕਰ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦਾ ਇਕ ਇਕ ਦਾਣਾ ਖਰੀਦਣ ਲਈ ਦ੍ਰਿੜ ਵਚਨਬੱਧ ਹੈ। ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਸੁੱਕੀ ਕਣਕ ਮੰਡੀਆਂ ਵਿੱਚ ਲਿਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਕਣਕ ਵਿੱਚ 12 ਫੀਸਦੀ ਤੋਂ ਵੱਧ ਨਮੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਦੀ ਵੀ ਅਪੀਲ ਕੀਤੀ।

# ਸਕੂਲਾਂ 'ਚ ਪੜ੍ਹਾਉਣ ਦੀ ਥਾਂ ਹੁਣ ਖਰੀਦ ਕੇਂਦਰਾਂ 'ਤੇ ਡਿਊਟੀਆਂ ਕਰਨਗੇ ਮਾਸਟਰ ਜੀ

**■ ਹਰਿਆਣਾ ਸਕੂਲ ਅਧਿਆਪਕ ਸੰਘ ਵੱਲੋਂ ਵਿਰੋਧ**

**ਸਿਰਸਾ (ਸੁਰਿੰਦਰ ਪਾਲ ਸਿੰਘ)**

ਹਰਿਆਣਾ ਸਕੂਲ ਅਧਿਆਪਕ ਸੰਘ ਦੇ ਪ੍ਰਮੁੱਖ ਆਗੂਆਂ ਦਾ ਕਹਿਣਾ ਹੈ ਕਿ ਡੱਬਵਾਲੀ, ਰਾਣੀਆਂ, ਐਲਨਾਬਾਦ ਦੇ ਉਪ ਮੰਡਲ ਪ੍ਰਸ਼ਾਸਨ ਨੇ ਵੱਖ-ਵੱਖ ਅਨਾਜ ਖਰੀਦ ਕੇਂਦਰਾਂ ਤੇ ਅਧਿਆਪਕਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਹਨ।ਅਧਿਆਪਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ, ਸਕੱਤਰ ਬੂਟਾ ਸਿੰਘ ਤੇ ਪ੍ਰੈੱਸ ਸਕੱਤਰ ਕ੍ਰਿਸ਼ਨ ਕਾਇਤ ਨੇ ਕਿਹਾ ਕਿ ਆਰ.ਟੀ.ਈ. ਐਕਟ ਤਹਿਤ ਅਧਿਆਪਕਾਂ ਨੂੰ ਕੌਮੀ ਹਿੱਤਾਂ ਅਤੇ ਹੰਗਾਮੀ ਹਾਲਾਤਾਂ ਤੋਂ ਬਿਨਾਂ ਗ਼ੈਰ-ਵਿੱਦਿਅਕ ਕੰਮਾਂ ਲਈ ਡਿਊਟੀ 'ਤੇ ਨਹੀਂ ਲਾਇਆ ਜਾ ਸਕਦਾ ਅਤੇ ਦੂਜੇ ਪਾਸੇ ਸਕੂਲਾਂ ਚ 1 ਅਪ੍ਰੈਲ ਤੋਂ ਨਵਾਂ ਵਿੱਦਿਅਕ ਸੈਸ਼ਨ ਵੀ ਸ਼ੁਰੂ ਹੋ ਗਿਆ ਹੈ ਤੇ ਇਸ ਸਮੇਂ ਸਕੂਲਾਂ ਚ ਨਵੇਂ ਦਾਖਲੇ, ਐਮ.ਆਈ.ਐੱਸ. ਨੂੰ ਅਪਡੇਟ ਕਰਨ ਜਿਹਾ ਅਧਿਆਪਨ ਦਾ ਕੰਮ ਚੱਲ ਰਿਹਾ ਹੈ। ਅਜਿਹੇ 'ਚ ਅਨਾਜ ਖਰੀਦ ਕੇਂਦਰਾਂ ਤੇ ਅਧਿਆਪਕਾਂ ਦੀਆਂ ਡਿਊਟੀਆਂ ਲਾਉਣਾ ਸਿੱਖਿਆ ਪ੍ਰਣਾਲੀ ਨਾਲ ਖਿਲਵਾੜ ਹੈ।ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਨੇ ਕਿਹਾ ਕਿ ਸੈਂਕੜੇ ਅਧਿਆਪਕ ਪਹਿਲਾਂ ਹੀ ਬੀ.ਐਲ.ਓ ਅਤੇ ਪੀ.ਪੀ.ਪੀ ਅੱਪਡੇਟ ਡਿਊਟੀਆਂ ਕਰ ਰਹੇ ਹਨ।ਸੂਬਾ ਮੀਤ ਪ੍ਰਧਾਨ ਚਿਰੰਜੀ ਲਾਲ ਤੇ ਸੀਨੀਅਰ ਮੀਤ ਪ੍ਰਧਾਨ ਸੁਨੀਲ ਯਾਦਵ ਨੇ ਕਿਹਾ ਕਿ ਸਕੂਲ ਮੁਖੀਆਂ ਨੂੰ ਐਨ.ਡੀ.ਪੀ.ਐਸ ਚੈਕਿੰਗ ਡਰਾਈਵ ਤੇ ਚੈਕਿੰਗ ਪੁਆਇੰਟਾਂ ਤੇ ਡਿਊਟੀ ਮੈਜਿਸਟ੍ਰੇਟ ਵਜੋਂ ਡਿਊਟੀਆਂ ਲਉਣਾ ਅਧਿਆਪਕਾਂ ਦੇ ਮੁੱਢਲੇ ਕੰਮ ਤੇ ਵਿਦਿਅਕ ਮਾਣ-ਸਨਮਾਨ ਨਾਲ ਖਿਲਵਾੜ ਹੈ।

ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਦੇ ਬਾਵਜੂਦ ਗੈਰ ਵਿੱਦਿਅਕ ਕੰਮਾਂ ਵਿੱਚ ਅਧਿਆਪਕਾਂ ਨੂੰ ਸ਼ਾਮਲ ਕਰਨਾ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਥੀਆਂ ਦੀ ਪੜ੍ਹਾਈ ਪ੍ਰਤੀ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਉਦਾਸੀਨਤਾ ਨੂੰ ਦਰਸਾਉਂਦਾ ਹੈ।ਹਰਿਆਣਾ ਸਕੂਲ ਟੀਚਰਜ਼ ਐਸੋਸੀਏਸ਼ਨ ਸਿਰਸਾ ਦੀ ਜ਼ਿਲ੍ਹਾ ਕਾਰਜਕਾਰਨੀ ਵਿੱਚ ਇਸ ਸਮੇਂ ਵਿਨੋਦ ਕਸਾਨੀਆ, ਵੀਰ ਸਿੰਘ, ਅਜਾਇਬ ਜਲਾਲਆਣਾ, ਦਵਿੰਦਰ ਯਾਦਵ, ਧਰਮਵੀਰ, ਗੁਰਵਿੰਦਰ ਸਿੰਘ, ਕੁਲਵੰਤ ਸਿੰਘ, ਦਵਿੰਦਰ ਕੁਮਾਰ, ਰਾਜਵੀਰ ਸਿੰਘ, ਕੁਲਦੀਪ ਸਿਰਸਾ, ਵਰਿੰਦਰ ਸਿੰਘ, ਗੁਲਸ਼ਨ ਮਹਿਤਾ ਤੇ ਮਹਿੰਦਰ ਸਿੰਘ ਅਤੇ ਕ੍ਰਿਪਾਲ ਸਿੰਘ ਅਤੇ ਤ੍ਰਿਪਾਠੀ ਸਮੇਤ ਮਹਿਲਾ ਅਧਿਆਪਕ ਵੀ ਹਾਜ਼ਰ ਰਹੇ।

# ਸ੍ਰੀ ਰਾਮ ਸੇਵਾ ਸੰਮਤੀ ਨੇ ਰਾਮ ਨੌਮੀ ਮੌਕੇ ਸ਼ਹਿਰ 'ਚ ਕੱਢੀ ਸ਼ੋਭਾ ਯਾਤਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸ੍ਰੀ ਰਾਮਨੌਮੀ ਮੌਕੇ ਸ੍ਰੀ ਰਾਮ ਸੇਵਾ ਸੰਮਤੀ ਵੱਲੋਂ ਸ਼ਹਿਰ 'ਚ ਸ਼ੋਭਾ ਯਾਤਰਾ ਕੱਢੀ ਗਈ, ਜਿਸ 'ਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਹਿਰ ਵਾਸੀਆਂ ਨੇ ਭਾਗ ਲਿਆ। ਇਹ ਸ਼ੋਭਾ ਯਾਤਰਾ ਸ਼ਾਮ ਪੰਜ ਵਜੇ ਬੈਂਕ ਰੋਡ ਸਥਿਤ ਸ੍ਰੀ ਮਹਾਦੇਵ ਮੰਦਰ ਤੋਂ ਸ਼ੁਰੂ ਹੋਈ, ਜਿਹੜੀ ਮਸੀਤ ਵਾਲਾ ਚੌਂਕ, ਰੇਲਵੇ ਰੋਡ, ਰੇਡ ਕਰਾਸ ਰੋਡ, ਕੋਟਕਪੂਰਾ ਰੋਡ, ਪੁਰਾਣੀ ਚੁੰਗੀ ਤੋਂ ਗੁਰੂ ਗੋਬਿੰਦ ਸਿੰਘ ਪਾਰਕ ਦੀ ਬੈਕਸਾਈਡ ਹੁੰਦਿਆਂ ਥਾਣਾ ਸਿਟੀ ਅੱਗੋਂ ਦੀ ਰੇਲਵੇ ਰੋਡ ਸ਼ਕਤੀ ਮੰਦਰ ਮਨਨ ਧਾਮ ਕੋਲ ਹੁੰਦਿਆਂ ਵਾਪਸ ਕਰੀਬ ਸੱਤ ਵਜੇ ਬੈਂਕ ਰੋਡ ਪਹੁੰਚ ਕੇ ਸਮਾਪਤ ਹੋਈ। ਸ਼ੋਭਾ ਯਾਤਰਾ 'ਚ ਜਲੰਧਰ ਤੋਂ ਆਈਆਂ ਭੋਲੇਨਾਥ, ਰਾਮ ਦਰਬਾਰ ਸਮੇਤ ਹੋਰ ਝਾਕੀਆਂ ਸ਼ਰਧਾਲੂਆਂ ਦੇ ਖਿੱਚ ਦਾ ਕੇਂਦਰ ਰਹੀਆਂ। ਇਸ ਮੌਕੇ ਸ਼ਹਿਰ 'ਚ ਭਗਵੇਂ ਝੰਡੇ ਲਹਿਰਾਏ ਗਏ। ਅਸਮਾਨ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਇਸ ਮੌਕੇ ਬ੍ਰਹਮਾਕੁਮਾਰੀ ਸੰਸਥਾਨ ਵੱਲੋਂ ਸੰਤੋਸ਼ ਦੀਦੀ ਤੇ ਸਿੰਮੀ ਦੀਦੀ, ਕਾਂਗਰਸ ਵੱਲੋਂ ਨਗਰ ਕੌਂਸਲ ਪ੍ਰਧਾਨ ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ, ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ, ਭਾਜਪਾ ਮੰਡਲ ਚੜ੍ਹਦੀ ਕਲਾ ਦੇ ਪ੍ਰਧਾਨ ਰਾਜਕੁਮਾਰ ਭਟੇਜਾ ਮੇਲੂ, ਮੰਡਲ 2 ਦੇ ਪ੍ਰਧਾਨ ਹਰੀਸ਼ ਵਾਟਸ, ਆਮ ਆਦਮੀ ਪਾਰਟੀ ਵੱਲੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੇ ਪੁੱਤਰ ਵਿਕਰਮਬਾਜ ਸਿੰਘ ਬਰਾੜ, ਕਾਂਗਰਸ ਦੇ ਸਾਬਕਾ ਪ੍ਰਧਾਨ ਸੁਸ਼ੀਲ ਕੁਮਾਰ ਹੈਪੀ ਗਰਗ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਬਾਂਸਲ, ਜ਼ਿਲ੍ਹਾ ਚੇਅਰਮੈਨ ਤੇਜਿੰਦਰ ਬੱਬੂ ਬਾਂਸਲ, ਸੋਨੂੰ ਭਟੇਜਾ, ਕੱਚਾ ਆੜਤੀਆ ਐਸੋਸੀਏਸ਼ਨ ਦੇ ਚੇਅਰਮੈਨ ਮੇਘਰਾਜ ਗਰਗ ਦੋਦਾ ਵਾਲੇ, ਅਸ਼ਵਨੀ ਗਿਰਧਰ, ਡਾ. ਨਰੇਸ਼ ਪਰੂਥੀ, ਬ੍ਰਿਜੇਸ਼ ਗੁਪਤਾ, ਅਨੁਰਾਗ ਸ਼ਰਮਾ, ਭੰਵਰ ਲਾਲ, ਸ਼ਿਵਨੰਦਨ ਬਿੱਲੂ ਕਟਾਰੀਆ, ਰਾਜਿੰਦਰ ਭੁਜੀਆ ਵਾਲੇ, ਨੀਟਾ ਤੰਵਰ, ਸੁਨੀਲ ਗੁੰਬਰ, ਕਪਿਲ ਧੂੜੀਆ, ਸੰਜੀਵ ਧੂੜੀਆ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ।

19-April-PAGE-8.qxd 4/18/2024 10:51 PM Page 1



# ਮੁੱਖ ਚੋਣ ਅਧਿਕਾਰੀ ਸਿਬਿਨ ਸੀ ਅੱਜ ਫੇਸਬੁੱਕ ਉੱਤੇ ਹੋਣਗੇ ਲਾਈਵ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਲੋਕ ਸਭਾ ਚੋਣਾਂ-2024 ਦੇ ਸਬੰਧ ਵਿੱਚ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ 19 ਅਪ੍ਰੈਲ ਨੂੰ ਸਵੇਰੇ 11:00 ਤੋਂ 11:30 ਵਜੇ ਤੱਕ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ਉੱਤੇ ਲਾਈਵ ਹੋ ਕੇ ਲੋਕਾਂ/ਵੋਟਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ। ਇਸ ਲਾਈਵ ਪ੍ਰੋਗਰਾਮ ਦਾ ਨਾਮ 'ਟਾਕ ਟੂ ਯੂਅਰ ਸੀਈਓ ਪੰਜਾਬ' ਰੱਖਿਆ ਗਿਆ ਹੈ। ਇਸ ਬਾਬਤ ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਹਾਸਲ ਕਰਨ ਲਈ ਅਤੇ ਲੋਕਾਂ ਨੂੰ ਵੋਟ ਪਾਉਣ ਸਬੰਧੀ ਜਾਗਰੂਕ ਕਰਨ ਵਾਸਤੇ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਚਲਾਏ ਜਾ ਰਹੇ ਹਨ। ਫੇਸਬੁੱਕ ਲਾਈਵ ਤੋਂ ਪਹਿਲਾਂ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ ਇਕ ਨਿਯਮਤ ਪੋਡਕਾਸਟ ਦੀ ਸ਼ੁਰੂਆਤ ਵੀ ਕੀਤੀ ਗਈ ਹੈ ਜਿਸ ਵਿੱਚ ਚੋਣ ਪ੍ਰਕਿਰਿਆਵਾਂ ਦੇ ਮੁੱਖ ਪਹਿਲੂਆਂ, ਜਿਵੇਂ ਕਿ ਵੋਟਰ ਰਜਿਸਟ੍ਰੇਸ਼ਨ, ਵੋਟਿੰਗ ਪ੍ਰਕਿਰਿਆਵਾਂ ਅਤੇ ਨਾਗਰਿਕਾਂ ਦੀ ਵੋਟਿੰਗ ਵਿੱਚ ਭਾਗੀਦਾਰੀ ਦੀ ਮਹੱਤਤਾ ਉੱਤੇ ਚਾਨਣਾ ਪਾਇਆ ਜਾਂਦਾ ਹੈ ਤਾਂ ਜੋ ਵੋਟਰ ਜਾਗਰੂਕਤਾ ਅਤੇ ਲੋਕਾਂ ਦੀ ਸ਼ਮੂਲੀਅਤ ਨੂੰ ਵਧਾਇਆ ਜਾ ਸਕੇ। ਸਿਬਿਨ ਸੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਫੇਸਬੁੱਕ ਉੱਤੇ ਅਧਿਕਾਰਤ ਪੇਜ 'ਤੇ ਲਾਈਵ ਹੋ ਕੇ 19 ਅਪ੍ਰੈਲ ਨੂੰ ਸਵੇਰੇ 11:00 ਵਜੇ ਤੋਂ 11:30 ਵਜੇ ਤੱਕ ਲੋਕ ਸਭਾ ਚੋਣਾਂ ਨਾਲ ਜੁੜੇ ਲੋਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਕੋਈ ਵੀ ਵਿਅਕਤੀ ਇਸ ਅੱਧੇ ਘੰਟੇ ਦੇ ਲਾਈਵ ਸੈਸ਼ਨ ਦੌਰਾਨ ਉਨ੍ਹਾਂ ਨੂੰ ਕੁਮੈਂਟ ਕਰਕੇ ਸਵਾਲ ਪੁੱਛ ਸਕਦਾ ਹੈ ਤੋਂ ਇਲਾਵਾ ਆਪਣੀਆਂ ਸ਼ਿਕਾਇਤਾਂ ਅਤੇ ਸੁਝਾਅ ਵੀ ਦੇ ਸਕਦਾ ਹੈ। ਸਵਾਲ ਜਾਂ ਸੁਝਾਅ ਲਾਈਵ ਦੌਰਾਨ ਵੀ ਪੁੱਛੇ ਜਾ ਸਕਦੇ ਹਨ ਜਾਂ ਸਵੇਰੇ 11 ਵਜੇ ਤੋਂ ਪਹਿਲਾਂ ਫੇਸਬੁੱਕ, ਇਸਟਾਗ੍ਰਾਮ ਜਾਂ ਐਕਸ ਉੱਤੇ ਵੀ ਭੇਜੇ ਜਾ ਸਕਦੇ ਹਨ। ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਇਸ ਲਾਈਵ ਦਾ ਮਕਸਦ ਚੋਣਾਂ ਬਾਰੇ ਲੋਕਾਂ ਦੇ ਸ਼ੰਕਿਆਂ ਨੂੰ ਦੂਰ ਕਰਨਾ ਅਤੇ ਉਨ੍ਹਾਂ ਨੂੰ ਵੋਟਿੰਗ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਹੈ। ਸਿਬਿਨ ਸੀ ਨੇ ਕਿਹਾ ਉਨ੍ਹਾਂ ਦੇ ਦਫ਼ਤਰ ਵੱਲੋਂ ਪਹਿਲਾਂ ਹੀ ਸੋਸ਼ਲ ਮੀਡੀਆ ਹੈਂਡਲਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂਟਿਊਬ) ਉੱਤੇ ਲੋਕ ਸਭਾ ਚੋਣਾਂ 2024 ਨਾਲ ਸਬੰਧਤ ਹਦਾਇਤਾਂ ਅਤੇ ਵੇਰਵਿਆਂ ਨੂੰ 'ਤੇ ਸਰਗਰਮ ਭੂਮਿਕਾ ਨਿਭਾਉਣ ਲਈ ਦੇਸ਼ ਭਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ।

# ਸੁਖਵਿੰਦਰ ਸਿੰਘ ਚਾਹਲ ਤੀਸਰੀ ਵਾਰ ਜਥੇਬੰਦੀ ਦੇ ਪ੍ਰਧਾਨ ਚੁਣੇ



**ਜਲੰਧਰ (ਰਾਜੇਸ਼ ਥਾਪਾ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 17ਵੀਂ ਜਨਰਲ ਕੌਂਸਲ ਦੀ ਸੂਬਾਈ ਚੋਣ ਜਥੇਬੰਦੀ ਦੇ ਸੰਵਿਧਾਨ ਮੁਤਾਬਕ ਲੁਧਿਆਣਾ ਵਿਖੇ ਮੁਕੰਮਲ ਹੋਈ। ਸੂਬਾਈ ਜਥੇਬੰਦਕ ਚੋਣ ਵਿੱਚ ਸਾਰੇ ਜ਼ਿਲ੍ਹਿਆਂ ਦੇ ਸੰਵਿਧਾਨ ਮੁਤਾਬਕ ਚੁਣੇ ਹੋਏ ਪ੍ਰਧਾਨਾਂ ਤੇ ਹੋਰ ਸਰਗਰਮ ਆਗੂਆਂ ਨੇ ਹਿੱਸਾ ਲਿਆ। ਚੋਣ ਅਜਲਾਸ ਦੀ ਪ੍ਰਧਾਨਗੀ ਸੁਖਵਿੰਦਰ ਸਿੰਘ ਚਾਹਲ, ਗੁਰਬਿੰਦਰ ਸਿੰਘ ਸਸਕੌਰ, ਬੰਗਾ ਸਿੰਘ,ਪ੍ਰਸ਼ੋਤਮ ਹਰਪਾਲਪੁਰ, ਮੰਗਲ ਸਿੰਘ ਟਾਂਡਾ, ਪ੍ਰਿੰਸੀਪਲ ਅਮਨਦੀਪ ਸ਼ਰਮਾ ਦੇ ਆਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਇਸ ਸਮੇਂ ਕਾਰਵਾਈ ਦੌਰਾਨ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨਾਂ ਨੇ ਜਥੇਬੰਦਕ ਅਵਸਥਾ 'ਤੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਪੁਰਾਣੀ ਅਗਜੈਕਟਿਵ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ ਗਿਆ 'ਤੇ ਜਥੇਬੰਦੀ ਦੇ ਸੰਵਿਧਾਨ ਮੁਤਾਬਿਕ ਨਵੀਂ ਸੂਬਾਈ ਅਗਜੈਕਟਿਵ ਕਮੇਟੀ ਦਾ ਪੈਨਲ ਪਸਸਫ ਦੇ ਸਕੱਤਰ ਸਾਥੀ ਤੀਰਥ ਸਿੰਘ ਬਾਸੀ ਵਲੋਂ ਪੇਸ਼ ਕੀਤਾ ਗਿਆ। ਜਿਸ ਵਿੱਚ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਕੈਸ਼ੀਅਰ ਪ੍ਰਿੰਸੀਪਲ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ ਦੀ ਚੋਣ ਨੂੰ ਹਾਊਸ ਨੇ ਸਰਬਸੰਮਤੀ ਨਾਲ ਪਾਸ ਕੀਤਾ। ਹੋਰ ਸੂਬਾਈ ਅਹੁਦੇਦਾਰਾਂ ਵਿੱਚ ਬਲਵਿੰਦਰ ਸਿੰਘ ਭੁੱਟੋ ਜਥੇਬੰਦਕ ਸਕੱਤਰ, ਜਸਵਿੰਦਰ ਸਮਾਣਾ ਸਹਾਇਕ ਜਥੇਬੰਦਕ ਸਕੱਤਰ, ਕੁਲਦੀਪ ਸਿੰਘ ਪੂਰੋਵਾਲ ਤੇ ਗੁਰਪ੍ਰੀਤ ਸਿੰਘ ਅੰਮੀਵਾਲ ਸੀਨੀਅਰ ਮੀਤ ਪ੍ਰਧਾਨ, ਗੁਰਦੀਪ ਸਿੰਘ ਬਾਜਵਾ ਤੇ ਮਨੋਹਰ ਲਾਲ ਸ਼ਰਮਾ ਮੀਤ ਪ੍ਰਧਾਨ, ਦੇਵੀ ਦਿਆਲ ਤੇ ਹਰਿੰਦਰ ਮੱਲੀਆਂ ਜੁਆਇੰਟ ਸਕੱਤਰ,ਦਿਲਦਾਰ ਭੰਡਾਲ ਤੇ ਗਣੇਸ਼ ਭਗਤ ਸਹਾਇਕ ਪ੍ਰੈਸ ਸਕੱਤਰ ਸਰਬਸੰਮਤੀ ਨਾਲ ਚੁਣੇ ਗਏ। ਸਾਰੇ ਚੁਣੇ ਹੋਏ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਸਕੱਤਰ ਸੰਵਿਧਾਨ ਮੁਤਾਬਕ ਸੂਬਾ ਕਮੇਟੀ ਦੇ ਮੈਂਬਰ ਹੋਣਗੇ। ਇਸ ਤੋਂ ਬਿਨਾਂ ਦਿਲਦਾਰ ਭੰਡਾਲ, ਗੁਰਦੀਪ ਸਿੰਘ ਬਾਜਵਾ, ਗੁਰਮੇਲ ਸਿੰਘ, ਬਲਵਿੰਦਰ ਸਿੰਘ ਭੁੱਟੋ, ਸੁਭਾਸ਼ ਪਠਾਨਕੋਟ ਤੇ ਗਣੇਸ਼ ਭਗਤ ਨੂੰ ਸਰਬਸੰਮਤੀ ਨਾਲ ਸੂਬਾ ਕਮੇਟੀ ਲਈ ਨਾਮਜਦ ਕੀਤਾ ਗਿਆ। ਇਸ ਸਮੇਂ ਜਥੇਬੰਦੀ ਦੇ ਤੀਸਰੀ ਵਾਰ ਚੁਣੇ ਗਏ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਜਥੇਬੰਦੀ ਵਲੋਂ ਸਤੰਬਰ ਮਹੀਨੇ ਵਿੱਚ ਸੂਬਾਈ ਜਨਰਲ ਕੌਂਸਲ ਦਾ ਇਜਲਾਸ ਰੋਪੜ ਵਿਖੇ ਕੀਤਾ ਜਾਵੇਗਾ ਤੇ ਮਈ ਮਹੀਨੇ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਜ਼ਿਲ੍ਹਾ ਮੀਟਿੰਗਾਂ ਕਰਕੇ ਚੋਣਾਂ ਸੰਬੰਧੀ ਮੁਸ਼ਕਿਲਾਂ ਦੇ ਹੱਲ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮਿਲਿਆ ਜਾਵੇਗਾ। ਇਸ ਸਮੇਂ ਸੁੱਚਾ ਸਿੰਘ ਟਰਪਈ, ਹਰਿੰਦਰ ਮੱਲੀਆਂ, ਬਲਦੇਵ ਸਿੰਘ ਬਰਾੜ, ਸਰਬਜੀਤ ਸਿੰਘ ਬਰਾੜ,ਪਰਮਜੀਤ ਸਿੰਘ ਸ਼ੇਰੇ ਵਾਲਾ, ਰਾਜੀਵ ਹਾਂਡਾ, ਕੁਲਦੀਪ ਪੁਰੋਵਾਲ, ਕਪੂਰਥਲਾ ਤੋਂ ਸੁਖਚੈਨ ਸਿੰਘ ਬੱਧਣ, ਜਗਜੀਤ ਸਿੰਘ ਮਾਨ,ਨੂਰ ਮੁਹੰਮਦ, ਨਰਿੰਦਰ ਸਿੰਘ ਮਾਖਾ, ਜੱਜ ਪਾਲ ਸਿੰਘ ਬਾਜੇ ਕੇ, ਮਨੋਹਰ ਲਾਲ ਸਰਮਾ, ਜਸਵਿੰਦਰ ਸਿੰਘ ਸਮਾਣਾ, ਰਵਿੰਦਰ ਸਿੰਘ ਪੱਪੀ ਸਿੱਧੂ, ਬਿਕਰਮਜੀਤ, ਦੇਵੀ ਦਿਆਲ ਸਰਬਜੀਤ ਸਿੰਘ ਸੰਧੂ , ਭੁਪਿੰਦਰ ਸਿੰਘ ਜੀਰਾ, ਰਜਿੰਦਰ ਰਾਜਨ, ਦਲਜੀਤ ਸਿੰਘ, ਰਣਜੀਤ ਸਿੰਘ, ਸੁਭਾਸ਼ ਪਠਾਨਕੋਟ, ਅਮ੍ਰਿਤਾਲ ਸਿੰਘ ਪਠਾਨਕੋਟ, ਧਰਮਿੰਦਰ ਭੰਗੂ, ਨਿਰਮੋਲਕ ਸਿੰਘ ਹੀਰਾ, ਸਰਬਜੀਤ ਸਿੰਘ ਧਾਲੀਵਾਲ, ਹਰਜੀਤ ਸਿੰਘ ਗਲ੍ਹਵੱਟੀ, ਰਰੇਸ਼ ਕੁਮਾਰ, ਸੰਦੀਪ ਕੁਮਾਰ ਫਾਜ਼ਿਲਕਾ, ਪ੍ਰਭਜੀਤ ਸਿੰਘ ਰਸੂਲਪੁਰ, ਰਮਨਦੀਪ ਸਿੰਘ, ਸੁਖਬਿੰਦਰ ਸਿੰਘ, ਅਮਰਜੀਤ ਸਿੰਘ, ਜਸਬੀਰ ਸਿੰਘ, ਕਮਲਦੀਪ ਸਿੰਘ, ਕੁਲ ਚਰਨ ਕੁਮਾਰ, ਨਵਤੇਜ ਸਿੰਘ ਲੁਧਿਆਣਾ, ਅਵਤਾਰ ਸਿੰਘ ਮਾਨਸਾ, ਕੁਲਦੀਪ ਸਿੰਘ ਕੌੜਾ, ਕੁਲਦੀਪ ਵਾਲੀਆ, ਵੇਦ ਪਰਕਾਸ, ਰਵੀ ਕੁਮਾਰ, ਪੁਸ਼ਪਿੰਦਰ ਹਰਪਾਲਪੁਰ, ਮੰਘ, ਲਖਵਿੰਦਰ ਸਿੰਘ, ਗੁਰਨਾਮ ਸਿੰਘ, ਗੁਰਦੀਸ਼ ਸਿੰਘ, ਬਲਜੀਤ ਸਿੰਘ, ਇਕਬਾਲ ਸਿੰਘ, ਰਜੇਸ਼ ਕੁਮਾਰ ਫਤਹਿਗੜ੍ਹ, ਮਨਜਿੰਦਰ ਸਿੰਘ ਲਾਡੀ, ਦਿਦਾਰ ਸਿੰਘ ਪਟਿਆਲਾ, ਰਸ਼ਪਾਲ ਸਿੰਘ, ਸੁਖਜਿੰਦਰ ਸਿੰਘ, ਕੁਲਦੀਪ ਸਿੰਘ ਮੋਗਾ, ਬਲਵਿੰਦਰ ਸਿੰਘ ਸੰਧੂ, ਜਗਸੀਰ ਸਿੰਘ ਗਿੱਲ ਫਿਰੋਜ਼ਪੁਰ, ਅਮਨਦੀਪ ਫਾਜ਼ਲਿਕਾ, ਸੰਦੀਪ ਫਾਜ਼ਲਿਕਾ ਆਦਿ ਹਾਜਰ ਸਨ।

# ਅਹਿਮ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਦਿੱਤੀਆਂ ਵੱਡੀਆਂ ਜ਼ਿੰਮੇਵਾਰੀਆਂ

**ਮੋਹਾਲੀ (ਗੁਰਜੀਤ ਬਿੱਲਾ)**—ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਵਿੱਚ ਅਹਿਮ ਨਿਯੁਕਤੀਆਂ ਕਰਦੇ ਹੋਏ ਮੋਹਾਲੀ ਹਲਕੇ ਦੇ ਕਈ ਆਗੂਆਂ ਨੂੰ ਵੱਖ-ਵੱਖ ਅਹੁਦਿਆਂ ਦੀ ਜਿੰਮੇਵਾਰੀ ਦਿੱਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਇਹਨਾਂ ਨਿਯੁਕਤੀਆਂ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਤਾਜਾ ਲਿਸਟ ਵਿੱਚ ਮੋਹਲੀ ਹਲਕੇ ਨੂੰ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਖਾਸੀ ਅਹਿਮੀਅਤ ਦਿੱਤੀ ਗਈ ਹੈ, ਜਿਸ ਲਈ ਉਹ ਪਾਰਟੀ ਦੇ ਸ਼ੁਕਰਗੁਜਾਰ ਹਨ। ਪਰਵਿੰਦਰ ਸਿੰਘ ਸੋਹਾਣਾ ਨੇ ਦੱਸਿਆ ਕਿ ਇਹਨਾਂ ਨਿਯੁਕਤੀਆਂ ਦੇ ਤਹਿਤ ਜਥੇਦਾਰ ਕਰਤਾਰ ਸਿੰਘ ਤਸਿੰਬਲੀ, ਪਰਮਜੀਤ ਸਿੰਘ ਕਾਹਲੋਂ, ਜਸਵੰਤ ਸਿੰਘ ਭੁੱਲਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ, ਪ੍ਰਦੀਪ ਸਿੰਘ ਭਾਰਜ, ਐਡਵੋਕੇਟ ਗਗਨਦੀਪ ਸਿੰਘ, ਜਸਬੀਰ ਸਿੰਘ ਭਾਗੋਮਾਜਰਾ,ਗੁਰਪ੍ਰਤਾਪ ਸਿੰਘ ,ਸੁਖਵਿੰਦਰ ਸਿੰਘ ਛਿੰਦੀ ਨੂੰ ਮੈਂਬਰ ਪੀਏਸੀ, ਸਤਿੰਦਰ ਸਿੰਘ ਗਿੱਲ ਨੂੰ ਬੁਲਾਰਾ ਤੇ ਸਲਾਹਕਾਰ ,ਰਣਜੀਤ ਸਿੰਘ ਮੌਲੀ ਬੈਦਵਾਨ, ਰਮਨਦੀਪ ਸਿੰਘ ਬਾਵਾ, ਨੂੰ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਮਨਜੀਤ ਸਿੰਘ ਮਾਨ, ਪ੍ਰੀਤਮ ਸਿੰਘ ਮੋਹਾਲੀ, ਬਲਜੀਤ ਸਿੰਘ ਦੈੜੀ,ਤਰਸੇਮ ਸਿੰਘ ਗੰਧੋ ਨੂੰ ਜਨਰਲ ਕੌਂਸਲ ਦੇ ਮੈਂਬਰ ਬਣਾਇਆ ਗਿਆ ਹੈ। ਮੁੱਖ ਸੇਵਾਦਾਰ ਹਲਕਾ ਮੋਹਾਲੀ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਇਹਨਾਂ ਨਿਯੁਕਤੀਆਂ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜਬੂਤੀ ਮਿਲੇਗੀ ਤੇ ਨਾਲ ਹੀ ਖਾਸ ਤੌਰ 'ਤੇ ਹਲਕਾ ਮੋਹਾਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਹੋਰ ਤਾਕਤਵਰ ਹੋਵੇਗਾ। ਉਹਨਾਂ ਕਿਹਾ ਕਿ ਇਹ ਸਾਰੇ ਹੀ ਸੂਝਵਾਨ ਆਗੂ ਲੋਕਾਂ ਵਿੱਚ ਭਾਰੀ ਸਮਰਥਨ ਰੱਖਦੇ ਹਨ ਤੇ ਪਾਰਟੀ ਵਿੱਚ ਇਹਨਾਂ ਆਗੂਆਂ ਨੂੰ ਦਿੱਤੀ ਗਈ ਜਿੰਮੇਵਾਰੀ ਨੂੰ ਇਹ ਆਗੂ ਭਲੀ ਭਾਂਤ ਨਿਭਾਉਣ ਦੇ ਸਮਰਥ ਹਨ। ਉਹਨਾਂ ਸਮੁੱਚੀ ਪਾਰਟੀ ਲੀਡਰਸ਼ਿਪ ਦਾ ਇਹਨਾਂ ਨਿਯੁਕਤੀਆਂ ਲਈ ਧੰਨਵਾਦ ਕੀਤਾ।

# ਨਵੇਂ ਵਿੱਦਿਅਕ ਸੈਸ਼ਨ ਦੀ ਅਰੰਭਤਾ ਤੇ ਇਨਾਮ ਵੰਡ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਇਥੋਂ ਨਜਦੀਕ ਸਰਕਾਰੀ ਹਾਈ ਸਕੂਲ ਸਰਹਾਲਾ ਕਲਾਂ ਵਿਚ ਮੁੱਖ ਅਧਿਆਪਕਾ ਕਸ਼ਮੀਰ ਕੌਰ ਦੀ ਅਗਵਾਈ ਵਿਚ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ । ਉਪਰੰਤ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਭਾਈ ਬਲਵਿੰਦਰ ਸਿੰਘ ,ਸਕੂਲ ਵਿਦਿਆਰਥੀ ਸ਼ਰਨਦੀਪ ਕੌਰ ਅਤੇ ਕਰਨਦੀਪ ਸਿੰਘ ਨੇ ਕਥਾ ਕੀਰਤਨ ਦੁਆਰਾ ਅਤੇ ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ, ਪ੍ਰਿੰਸੀਪਲ ਸੁੱਖਇੰਦਰ ਸਿੰਘ ਬੱਡੋ, ਰਿਟਾਇਰ ਮਾਸਟਰ ਰਘੁਨਾਥ ਸਿੰਘ, ਰਿਟਾਇਰ ਮਾਸਟਰ ਵਿਨੋਦ ਕੁਮਾਰ ਗੁਪਤਾ, ਸਾਗਰ ਸਿੰਘ ਪਾਲਦੀ, ਭਰਮਿੰਦਰ ਸਿੰਘ, ਪਰਮਜੀਤ ਕੌਰ, ਮਾਸਟਰ ਹਰਭਜਨ ਸਿੰਘ ਅਜਨੋਹਾ ਪੈਨਸ਼ਨਰ ਆਗੂ, ਜਸਵਿੰਦਰ ਸਿੰਘ ਅਤੇ ਜਗਜੀਤ ਸਿੰਘ ਕੰਪਿਊਟਰ ਅਧਿਆਪਕ ਲਕਸੀਹਾਂ ਨੇ ਬੱਚਿਆਂ ਦੀ ਪੜ੍ਹਾਈ ਸਬੰਧੀ ਅਤੇ ਧਾਰਮਿਕ ਵਿਚਾਰਾਂ ਸਾਂਝੀਆਂ ਕਰਕੇ ਵਿਦਿਆਰਥੀਆਂ ਅਤੇ ਮਹਿਮਾਨ ਸੰਗਤਾਂ ਨੂੰ ਨਿਹਾਲ ਕੀਤਾ । ਸਟੇਜ ਸੰਚਾਲਨ ਦੀ ਭੂਮਿਕਾ ਮਾਸਟਰ ਅਜੇ ਕੁਮਾਰ ਨੇ ਬਖ਼ੂਬੀ ਨਿਭਾਈ । ਇਸ ਮੌਕੇ ਮੁੱਖ ਅਧਿਆਪਕਾ ਕਸ਼ਮੀਰ ਕੌਰ ਅਤੇ ਸਕੂਲ ਸਟਾਫ ਵਲੋਂ ਆਈਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਮੋਹਣ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਸਿੰਘ, ਜਗਦੀਸ ਸਿੰਘ ਮੁੱਗੋਪੱਟੀ, ਕਸ਼ਮੀਰ ਕੌਰ ,ਪਰਵਿੰਦਰ ਕੌਰ, ਮਧੂ, ਅਮਰਜੀਤ ਕੌਰ, ਜਸਵਿੰਦਰ ਕੌਰ, ਗੁਰਜੀਤ ਕੌਰ, ਕੁਲਦੀਪ ਕੁਮਾਰ, ਬਲਵੀਰ ਸਿੰਘ, ਮਨਪ੍ਰੀਤ ਕੌਰ, ਅਵਤਾਰ ਸਿੰਘ, ਪਰਮਜੀਤ ਸਿੰਘ, ਸੁਰਜੀਤ ਕੌਰ, ਰਕਸ਼ਾ ਦੇਵੀ, ਜੋਤੀ ਆਦਿ ਸਮੂਹ ਸਕੂਲ ਸਟਾਫ ਤੇ ਪਤਵੰਤੇ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਨੇ ਦਾਣਾ ਮੰਡੀ 'ਚ ਕਣਕ ਦੀ ਖ਼ਰੀਦ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦਾਣਾ ਮੰਡੀ ਹੁਸ਼ਿਆਰਪੁਰ ਵਿਖੇ ਕਣਕ ਦੀ ਖ਼ਰੀਦ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਸੁਚਾਰੂ ਢੰਗ ਨਾਲ ਸ਼ੁਰੂ ਹੋ ਚੁੱਕੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿਚ 693 ਮੀਟ੍ਰਿਕ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 130 ਮੀਟ੍ਰਿਕ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿਚ ਕਿਸਾਨਾਂ ਵੱਲੋਂ ਖ਼ਰੀਦ ਏਜੰਸੀਆਂ ਨੂੰ ਵੇਚੀ ਗਈ ਫ਼ਸਲ ਦੀ ਤੁਰੰਤ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 66 ਮੰਡੀਆਂ ਹਨ। ਇਸ ਤੋਂ ਇਲਾਵਾ 8 ਟੈਂਪਰੇਰੀ ਯਾਰਡ ਮੰਡੀਆਂ ਵੀ ਬਣਾਈਆਂ ਗਈ ਹਨ। ਇਸ ਤਰ੍ਹਾਂ ਜ਼ਿਲ੍ਹੇ ਵਿਚ 74 ਮੰਡੀਆਂ ਵਿਚ ਕਣਕ ਦੀ ਖ਼ਰੀਦ ਕੀਤੀ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਨਾਲ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਮਧੂ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਾਲ ਮੰਡੀਆਂ ਵਿਚ 3,25,461 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦੀ ਆਸ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਿਸਾਨਾਂ ਦੀ ਫ਼ਸਲ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਣਕ ਦੀ ਖ਼ਰੀਦ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿਚ ਫ਼ਸਲ ਵੇਚਣ ਦੌਰਾਨ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿਚ ਸਟਾਫ ਦੀ ਪੋਸਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਾਰੀਆਂ ਮੰਡੀਆਂ ਵਿਚ ਪਾਣੀ, ਲਾਈਟਾਂ, ਪੱਖੇ, ਛਾਂ, ਜਨਰੇਟਰ ਸੈਟ ਅਤੇ ਪਖਾਨਿਆਂ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਕਣਕ ਦਾ ਐਮ.ਐਸ.ਪੀ 2275 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਫ਼ਸਲ ਪੂਰੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਵਿਚ ਲਿਆਉਣ ਦੀ ਅਪੀਲ ਕੀਤੀ, ਤਾਂ ਜੋ ਉਨ੍ਹਾਂ ਨੂੰ ਫ਼ਸਲ ਦੇ ਮੰਡੀਕਰਨ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਅਧਿਕਾਰੀਆਂ ਅਤੇ ਖ਼ਰੀਦ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਪੇਸ਼ ਨਾ ਆਵੇ।



# ਖਡਿਆਲਾ ਸੈਣੀਆਂ 'ਚ ਅੰਬੇਡਕਰ ਦੇ ਜਨਮ ਦਿਨ ਸੰਬੰਧੀ ਸਮਾਗਮ ਕਰਵਾਇਆ

**ਜਸਵੀਰ ਕਾਜਲ, (ਅੱਡਾ ਸਰਾਂ)**
ਸੰਤ ਰਾਮਾਨੰਦ ਜੀ ਫਾਊਂਡੇਸਨ ਕਲੱਬ, ਗੁਰਦੁਆਰਾ ਰਵਿਦਾਸ ਸਭਾ ਖਡਿਆਲਾ ਸੈਣੀਆਂ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਸਬੰਧੀ ਇੱਕ ਸਮਾਗਮ ਪਿੰਡ ਖਡਿਆਲਾ ਸੈਣੀਆਂ ਵਿਖੇ ਕਰਵਾਇਆ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਹੋਇਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਡਾਕਟਰ ਅੰਬੇਦਕਰ ਭਾਰਤ ਦੇ ਨਹੀਂ ਸਗੋਂ ਪੂਰੀ ਦੁਨੀਆਂ ਲਈ ਇੱਕ ਮਹਾਨ ਸ਼ਖਸੀਅਤ ਸਨ। ਉਹਨਾਂ ਸਮਾਜ ਦੀ ਬਿਹਤਰੀ ਅਤੇ ਬਰਾਬਰੀ ਲਈ ਬਹੁਤ ਕੁਝ ਕੀਤਾ। ਉਹਨਾਂ ਹਾਜਰ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਦੇ ਕੇ ਜਾਗਰੂਕ ਕਰਨ। ਇਸ ਮੌਕੇ ਬੱਚਿਆਂ ਵੱਲੋਂ ਡਾਕਟਰ ਅੰਬੇਦਕਰ ਦੇ ਜੀਵਨ ਨਾਲ ਮਿਸ਼ਨਰੀ ਗੀਤ ਵੀ ਪੇਸ਼ ਕੀਤੇ ਗਏ। ਪ੍ਰਬੰਧਕਾਂ ਵੱਲੋਂ ਪੜ੍ਹਾਈ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਮਿਸ਼ਨਰੀ ਕਲਾਕਾਰ ਵਿੱਕੀ ਬਹਾਦਰਕੇ ਵੱਲੋਂ ਵੀ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਦੀ ਜੀਵਨੀ 'ਤੇ ਚਾਨਣਾ ਪਾਇਆ। ਸਮਾਗਮ ਵਿੱਚ ਬਲਵਿੰਦਰ ਸਿੰਘ ਸੀਕਰੀ, ਹਰਜਾਪ ਸਿੰਘ ਅੱਬੋਵਾਲ , ਡਾਕਟਰ ਜਸਵਿੰਦਰ ਸਿੰਘ ,ਹੈਡਮਾਸਟਰ ਹਰਬਖਸ ਸਿੰਘ, ਪ੍ਰਿੰਸੀਪਲ ਪਰਵਿੰਦਰ ਸਿੰਘ, ਕੈਪਟਨ ਭਪਿੰਦਰ ਸਿੰਘ, ਪੰਮਾ ਬੱਗੇਵਾਲੀਆ, ਰਜਿੰਦਰ ਸਿੰਘ, ਵਾਸਦੇਵ ਸਿੰਘ, ਬਲਵੀਰ ਸਿੰਘ, ਅਸ਼ੋਕ ਕੁਮਾਰ, ਭੁਪਿੰਦਰ ਸਿੰਘ ਡੀ ਆਰ ਡੀ ਓ, ਸੰਤੋਖ ਸਿੰਘ ਨਰਿਆਲ,ਚਮਨ ਲਾਲ ਸੀਕਰੀ ਸੁਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜਰ ਸਨ।



# ਸਮਾਜ ਸੇਵੀ ਅਜੈ ਕਨੌਜੀਆ ਬਣੇ ਬਜਰੰਗ ਦਲ ਦੇ ਜ਼ਿਲ੍ਹਾ ਪ੍ਰੈਸ ਸਕੱਤਰ

**ਕਪੂਰਥਲਾ, (ਪ੍ਰੀਤ ਸੰਗੋਜਲਾ)**
ਸੇਵਾ ਦੀ ਭਾਵਨਾ ਹੀ ਮਨੁੱਖ ਨੂੰ ਜੀਵਨ ਵਿਚ ਤਰੱਕੀ ਦੇ ਰਾਹ 'ਤੇ ਲੈ ਜਾਂਦੀ ਹੈ। ਜਿਸਦੇ ਲਈ ਮਨ ਅੰਦਰ ਇਸ ਦਾ ਸਮਾਵੇਸ ਜਰੂਰੀ ਹੈ। ਜਿਨ੍ਹਾਂ ਨੌਜਵਾਨਾਂ ਵਿੱਚ ਸ਼ੁਰੂ ਤੋਂ ਹੀ ਸੇਵਾ ਦੀ ਭਾਵਨਾ ਦਾ ਵਿਕਾਸ ਕੀਤਾ ਜਾਂਦਾ ਹੈ,ਉਹ ਅੱਗੇ ਚੱਲ ਕੇ ਸਮਾਜ ਵਿੱਚ ਸਤਿਕਾਰ ਪ੍ਰਾਪਤ ਕਰਦੇ ਹਨ। ਸੇਵਾ ਦੇ ਮਾਰਗ 'ਤੇ ਚੱਲ ਕੇ ਬੁਲੰਦੀਆਂ 'ਤੇ ਪਹੁੰਚਣ ਵਾਲਿਆਂ ਕੋਲ ਸਾਧਨ ਨਹੀਂ ਸਨ,ਪਰ ਉਨ੍ਹਾਂ ਨੇ ਸੇਵਾ ਦੀ ਭਾਵਨਾ ਨਹੀਂ ਛੱਡੀ। ਬਜਰੰਗ ਦਲ ਵੀ ਨੌਜਵਾਨਾਂ ਵਿੱਚ ਸੇਵਾ ਦੀ ਭਾਵਨਾ ਜਗਾਉਣ ਲਈ ਪੂਰੇ ਦੇਸ਼ 'ਚ ਕੰਮ ਕਰ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵੀਰਵਾਰ ਨੂੰ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਆਨੰਦ ਯਾਦਵ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਿਲ੍ਹਾ ਪ੍ਰਧਾਨ ਜੀਵਨ ਪ੍ਰਕਾਸ਼ ਵਾਲੀਆ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਸ਼ਹਿਰ ਦੇ ਸਮਾਜ ਸੇਵੀ ਅਜੈ ਕਨੌਜੀਆ ਨੂੰ ਬਜਰੰਗ ਦਲ ਦਾ ਜ਼ਿਲ੍ਹਾ ਪ੍ਰੈਸ ਸਕੱਤਰ ਨਿਯੁਕਤ ਕਰਦਿਆਂ ਕੀਤਾ। ਅਜੈ ਕਨੌਜੀਆ ਨੇ ਆਪਣੀ ਨਿਯੁਕਤੀ 'ਤੇ ਬਜਰੰਗ ਦਲ ਦੀ ਉੱਚ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਠਨ ਦੀ ਮਜਬੂਤੀ ਲਈ ਪੂਰੀ ਲਗਨ ਨਾਲ ਕੰਮ ਕਰਨਗੇ। ਹਿੰਦੂਆਂ ਵਿੱਚ ਜਾਤ-ਪਾਤ ਹੀ ਸਮਾਜ ਨੂੰ ਕਮਜੋਰ ਬਣਾ ਰਹੀ ਹੈ। ਇਸ ਨਾਲ ਈਸਾਈ ਮਿਸ਼ਨਰੀਆਂ ਨੂੰ ਮੌਕਾ ਮਿਲਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਸੰਗਠਿਤ ਹੋ ਕੇ ਦੇਸ਼ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਵਿਹਿਪ ਦੇ ਜ਼ਿਲ੍ਹਾ ਮੰਤਰੀ ਜੋਗਿੰਦਰ ਤਲਵਾੜ, ਜ਼ਿਲ੍ਹਾ ਸਰਪ੍ਰਸਤ ਰਾਜੂ ਸੂਦ,ਵਿਸ਼ਵ ਹਿੰਦੂ ਪ੍ਰੀਸ਼ਦ ਜ਼ਿਲ੍ਹਾ ਸਹਿ ਸਰਪ੍ਰਸਤ,ਨਰਾਇਣ ਦਾਸ, ਜ਼ਿਲ੍ਹਾ ਸਹਿ ਸਰਪ੍ਰਸਤ ਮੰਗਤ ਰਾਮ ਭੋਲਾ, ਜ਼ਿਲ੍ਹਾ ਸਹਿ ਸਰਪ੍ਰਸਤ ਪਵਨ ਸ਼ਰਮਾ, ਜ਼ਿਲ੍ਹਾ ਮੰਤਰੀ ਜੋਗਿੰਦਰ ਤਲਵਾੜ, ਜ਼ਿਲ੍ਹਾ ਮੰਤਰੀ ਓਮ ਪ੍ਰਕਾਸ ਕਟਾਰੀਆ, ਜ਼ਿਲ੍ਹਾ ਸਹਿ-ਮੰਤਰੀ ਅਸੋਕ ਸਰਮਾ ਸੇਖੂਪੁਰ, ਜ਼ਿਲ੍ਹਾ ਸਹਿ-ਮੰਤਰੀ ਸੰਜੇ ਸ਼ਰਮਾ,ਜ਼ਿਲ੍ਹਾ ਮੀਤ ਪ੍ਰਧਾਨ ਵਿਜੇ ਗਰੋਵਰ,ਬਜਰੰਗ ਦਲ ਦੇ ਜ਼ਿਲ੍ਹਾ ਇੰਚਾਰਜ ਰਾਜ ਕੁਮਾਰ ਅਰੋੜਾ,ਬਜਰੰਗ ਦਲ ਆਗੂ ਚੰਦਰ ਮੋਹਨ ਭੋਲਾ,ਜ਼ਿਲ੍ਹਾ ਮੀਤ ਪ੍ਰਧਾਨ ਰਾਜੇਸ ਸ਼ਰਮਾ ਸ਼ੇਖੂਪੁਰ, ਜ਼ਿਲ੍ਹਾ ਮੀਤ ਪ੍ਰਧਾਨ ਗੁਲਸਨ ਮਹਿਰਾ, ਜ਼ਿਲ੍ਹਾ ਉਪ ਪ੍ਰਧਾਨ ਮੁਨੀਸ ਬਜਰੰਗੀ, ਸ਼ਹਿਰੀ ਪ੍ਰਧਾਨ ਮੋਹਿਤ ਜੱਸਲ,ਸ਼ਹਿਰੀ ਉਪ ਪ੍ਰਧਾਨ ਯੁਵਰਾਜ, ਵਿਦਿਆਰਥੀ ਪ੍ਰਮੁੱਖ ਕਵੀ ਬਜਾਜ,ਰਾਕੇਸ ਕੁਮਾਰ,ਗੋਵਿੰਦ ਰਾਮ,ਸੋਨੂੰ ਅਗਰਵਾਲ, ਹਰਦੀਪ ਬਾਵਾ ਪੰਡਿਤ,ਸਵਾਮੀ ਰਘੁਨਾਥ, ਅਸਵਨੀ ਕੁਮਾਰ,ਵਿਜੈ ਯਾਦਵ,ਲਾਲ ਬਾਬੂ, ਰਾਜੀਵ ਟੰਡਨ,ਸ਼ੁਭਮ ਮਹਾਜਨ ਆਦਿ ਹਾਜ਼ਰ ਸਨ।



# ਸੁਪਰ ਆਈ ਕੇਅਰ ਹਸਪਤਾਲ 'ਚ ਲਗਾਇਆ ਅੱਖਾਂ ਦਾ ਫ੍ਰੀ ਚੈਕਅੱਪ ਤੇ ਆਪ੍ਰੇਸ਼ਨ ਕੈਂਪ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**
ਲੀਲਾਵਤੀ ਵਡੇਰਾ ਚੈਰੀਟੇਬਲ ਟਰੱਸਟ ਫਿਲੌਰ ਵਲੋਂ ਪ੍ਰਜਾਪਤੀ ਬ੍ਰਹਮਕੁਮਾਰੀ ਇਸ਼ਵਰਿਆ ਵਿਸ਼ਵ ਵਿਦਿਆਲਿਆ ਫਗਵਾੜਾ, ਫਿਲੌਰ, ਰੋਟਰੀ ਕਲੱਬ ਫਗਵਾੜਾ ਸਾਊਥ ਈਸਟ ਅਤੇ ਬਲੱਡ ਬੈਂਕ ਫਗਵਾੜਾ ਦੇ ਸਹਿਯੋਗ ਨਾਲ ਸੁਪਰ ਆਈ ਕੇਅਰ ਹਸਪਤਾਲ ਫਗਵਾੜਾ ਵਿਖੇ ਅੱਖਾਂ ਦਾ ਫਰੀ ਚੈਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਐਨ.ਆਰ.ਆਈ. ਅਨਿਲ ਵਡੇਰਾ ਅਤੇ ਬ੍ਰਹਮਕੁਮਾਰੀ ਭੈਣ ਸੁਮਨ ਵਲੋਂ ਸਾਂਝੇ ਤੌਰ 'ਤੇ ਜਯੋਤੀ ਪ੍ਰਜਵਲਿਤ ਕਰਕੇ ਕੀਤਾ ਗਿਆ। ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ. ਵਰੁਣ ਸ਼ਰਮਾ ਦੀ ਅਗਵਾਈ ਹੇਠ 275 ਮਰੀਜਾਂ ਦੀਆਂ ਅੱਖਾਂ ਦਾ ਚੈਕਅੱਪ ਕੀਤਾ ਗਿਆ। ਲੋੜਵੰਦਾਂ ਨੂੰ ਮੁਫਤ ਦਵਾਈਆਂ ਅਤੇ 100 ਤੋਂ ਵੱਧ ਮਰੀਜਾਂ ਨੂੰ ਐਨਕਾਂ ਭੇਂਟ ਕਰਨ ਤੋਂ ਇਲਾਵਾ ਆਪ੍ਰੇਸ਼ਨ ਲਈ ਚੁਣੇ ਗਏ 45 ਮਰੀਜਾਂ ਦੀਆਂ ਅੱਖਾਂ 'ਚ ਲੈਨਜ ਪਾ ਕੇ ਨਵੀਂ ਰੌਸ਼ਨੀ ਦਿੱਤੀ ਗਈ ਹੈ। ਡਾ. ਵਰੁਣ ਸ਼ਰਮਾ ਨੇ ਹਾਜਰੀਨ ਨੂੰ ਅੱਖਾਂ ਦੀ ਸੰਭਾਲ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਪ੍ਰਦੀਪ ਧੀਮਾਨ, ਸਾਬਕਾ ਪ੍ਰਧਾਨ ਮਨੋਜ ਮਿੱਡਾ, ਏ.ਕੇ. ਜੰਜੂਆ, ਅਮਰਜੀਤ ਰਿਆਤ, ਰਵਿੰਦਰ ਚੋਟ, ਰੋਟਰੀ ਸੈਂਟਰਲ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਥਿੰਦ, ਅਵਤਾਰ ਕੈਲੇ, ਹਕੂਮਤ ਰਾਏ, ਰਾਕੇਸ਼ ਪਾਸੀ, ਭੈਣ ਵਿਜਯਾ, ਰਾਕੇਸ਼ ਵਡੇਰਾ, ਭੈਣ ਸੋਨੀਆ, ਅਸ਼ੀਸ਼, ਭੈਣ ਅਮ੍ਰਿਤਾ ਤੋਂ ਇਲਾਵਾ ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਵਿਸ਼ਵਾਮਿੱਤਰ ਸ਼ਰਮਾ, ਗੁਲਸ਼ਨ ਕਪੂਰ, ਗੁਲਾਬ ਸਿੰਘ ਠਾਕੁਰ ਆਦਿ ਹਾਜਰ ਸਨ।



# ਸਕੂਲ 'ਚ ਮਨਾਇਆ ਵਿਸਾਖੀ ਦਾ ਦਿਹਾੜਾ ਤੇ ਨਵਾਂ ਸਾਲ

**ਜਲੰਧਰ (ਸ਼ੈਲੀ ਐਲਬਰਟ)**
ਸਕੂਲ ਗਦਾਈਪੁਰ ਵਿਖੇ ਵਿਸਾਖੀ ਦਾ ਦਿਹਾੜਾ ਅਤੇ ਨਵਾਂ ਸਾਲ ਮਨਾਇਆ ਗਿਆ। ਸਮਾਗਮ ਦੀ ਅਰੰਭਤਾ ਸ਼ਬਦ ਗਾਇਨ ਨਾਲ ਕੀਤੀ ਗਈ। ਮੂਲ-ਮੰਤਰ ਦਾ ਜਾਪ ਕਰਵਾਉਣ ਉਪਰੰਤ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਲੋਕ ਗੀਤ, ਨਾਟਕ, ਕਵਿਤਾਵਾਂ, ਭੰਗੜੇ, ਗਿੱਧੇ ਆਦਿ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜਾਦਿਆਂ ਦੀ ਯਾਦ ਵਿਚ ਗੀਤ ਪੇਸ਼ ਕੀਤਾ ਗਿਆ। ਮੁੱਖ ਅਧਿਆਪਕਾ ਰਾਜਪਾਲ ਕੌਰ ਨੇ ਦੱਸਿਆ ਕਿ ਸਤਿਗੁਰੂ ਦਲੀਪ ਸਿੰਘ ਦੀ ਪ੍ਰੇਰਣਾ ਨਾਲ ਭਾਰਤੀ ਸੰਸਕ੍ਰਿਤੀ ਅਨੁਸਾਰ ਆਪਣਾ ਨਵਾਂ ਸਾਲ ਵੀ ਮਨਾਇਆ ਗਿਆ। ਕਿਉਂਕਿ ਸਾਡਾ ਨਵਾਂ ਸਾਲ ਬਿਕ੍ਰਮੀ ਸੰਮਤ ਅਨੁਸਾਰ ਹੁੰਦਾ ਹੈ। ਵਾਤਾਵਰਣ ਦੀ ਸ਼ੁੱਧਤਾ ਲਈ ਵਿਦਿਆਰਥੀਆਂ ਵੱਲੋਂ ਬੂਟਾ ਲਗਾ ਕੇ ਉਸਦਾ ਪਾਲਣ ਪੋਸਨ ਕਰਨ ਅਤੇ ਆਪਣਾ ਆਲਾ ਦੁਆਲਾ ਸਾਫ ਰੱਖਣ ਦਾ ਪ੍ਰਣ ਕੀਤਾ। ਸਮਾਗਮ ਦੌਰਾਨ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਆਰਥਿਕ ਪੱਖੋਂ ਕਮਜੋਰ ਵਰਗ ਦੇ ਪਰਵਾਰਾਂ ਦੇ ਬੱਚਿਆਂ ਨੂੰ ਮੁਫਤ ਵਿਦਿਆ ਦੇਣ ਦਾ ਪ੍ਰਣ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਰਾਮ ਨੌਮੀ ਦੇ ਤਿਉਹਾਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਜੈਕਾਰਿਆਂ ਦੀ ਗੂੰਜ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ। ਸਮਾਗਮ 'ਚ ਜਲੰਧਰ ਵਿਦਿਅਕ ਸੁਸਾਇਟੀ ਦੇ ਚੇਅਰਮੈਨ ਪਲਵਿੰਦਰ ਸਿੰਘ, ਸਕੂਲ ਦਾ ਸਮੁੱਚਾ ਸਟਾਫ ਅਧਿਆਪਕ ਜਸਵੀਰ ਕੌਰ, ਰੋਜੀ ਰਾਣੀ, ਜਸਵੀਰ ਕੌਰ, ਮੀਨਾ, ਤੌਸੀਨ, ਬਲਬੀਰ ਕੌਰ, ਕੰਚਨ ਬਾਲਾ, ਰੇਖਾ ਯਾਦਵ, ਜੋਧਵੀਰ ਕੌਰ, ਗੁਰਦੀਪ ਕੌਰ, ਸਿੱਧੂ ਅਤੇ ਬੱਚਿਆਂ ਦੇ ਮਾਤਾ ਪਿਤਾ ਵੀ ਹਾਜਰ ਹੋਏ।




# ਰੰਧਾਵਾ ਬਰੋਟਾ 'ਚ ਮਨਾਇਆ ਡਾ. ਅੰਬੇਡਕਰ ਦਾ ਜਨਮ ਦਿਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਪਿੰਡ ਰੰਧਾਵਾ ਬਰੋਟਾ ਵਿੱਚ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਬੜੇ ਹੀ ਉਤਸ਼ਾਹ ਨਾਲ ਡਾ. ਭੀਮ ਰਾਓ ਅੰਬੇਡਕਰ ਕੱਲਬ ਵਲੋਂ ਮਨਾਇਆ ਗਿਆ।ਸਮਾਜ ਸੇਵੀ ਪਰਵਿੰਦਰ ਜੱਸੀ ਨੇ ਇਹ ਜਾਣਕਾਰੀ ਦਿੱਤੀ। ਬੁਲਾਰਿਆਂ ਬਲਵਿੰਦਰ ਸੀਕਰੀ, ਮਾਸਟਰ ਸੁੱਖਦੇਵ ਭਾਟੀਆਂ, ਰਮਲਾ ਸਾਬ ਅਤੇ ਮਾਸਟਰ ਅਰਸ਼ਦੀਪ ਵਲੋਂ ਉਹਨਾਂ ਦੇ ਜੀਵਨ 'ਤੇ ਚਰਚਾ ਕੀਤੀ ਤੇ ਕਿਹਾ ਕਿ ਅੰਬੇਡਕਰ ਸਾਹਿਬ ਦੇ ਵਿਚਾਰ ਸੱਸਤੇ ਨਹੀਂ ਹਨ ਉਹਨਾਂ ਆਪਣਾ ਸਾਰਾ ਜੀਵਨ ਤੰਗੀਆਂ ਦੇ ਬਾਵਜੂਦ ਸਮਾਜ ਨੂੰ ਉੱਚਾ ਚੁੱਕਣ ਲਈ ਲਗਾ ਦਿੱਤਾ। ਉਹਨਾਂ ਨੇ ਪੜ੍ਹਨ, ਜੁੜਨ ਅਤੇ ਸੰਘਰਸ਼ ਦਾ ਸੰਦਸ਼ ਦਿੱਤਾ। ਬੱਚਿਆਂ ਵਲੋਂ ਆਪਣੀਆਂ ਸਪੀਚਾਂ ਰਾਹੀ ਬਾਬਾ ਸਾਹਿਬ ਦੇ ਜੀਵਨ ਅਤੇ ਕੰਮਾਂ 'ਤੇ ਝਾਤ ਮਾਰੀ ਗਈ ਅਤੇ ਪ੍ਰਗਤੀ ਕਲਾਂ ਕੇਂਦਰ ਇਕਾਈ ਖੰਨਾ ਵਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਮੌਜੂਦਾ ਹਲਾਤਾਂ 'ਤੇ ਨਾਟਕ ਖੇਡੇ ਗਏ। ਇਸ ਮੌਕੇ 'ਤੇ ਅੱਵਲ ਆਉਣ ਵਾਲੇ ਬੱਚਿਆਂ ਨੂੰ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਦੇ ਪ੍ਰੋ. ਸ਼ਰਨਜੀਤ ਸਿੰਘ ਰੰਧਾਵਾ ਵਲੋਂ ਸਨਮਾਨਿਤ ਕੀਤਾ ਗਿਆ। ਸਟੇਜ ਸੱਕਤਰ ਦੀ ਸੇਵਾ ਪਰਵਿੰਦਰ ਜੱਸੀ ਵਲੋਂ ਨਿਭਾਈ ਗਈ ਤੇ ਦਸਿਆ ਕਿ 19 ਅਪ੍ਰੈਲ ਤੋਂ ਬਾਬਾ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ ਇਕ ਮਹੀਨੇ ਲਈ ਫਰੀ ਸਿਲਾਈ ਸੈਂਟਰ ਵੀ ਰੰਧਾਵਾ ਬਰੋਟਾ ਵਿੱਚ ਖੋਲਿਆ ਜਾ ਰਿਹਾ ਹੈ। ਇਸ ਮੌਕੇ 'ਤੇ ਮੰਗਲ ਸਿੰਘ, ਗੁਰਮੀਤ ਸਿੰਘ, ਅਮਨਪ੍ਰੀਤ ਸਿੰਘ, ਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਭਗਵਾਨ ਦਾਸ ਪੰਚ, ਸਰਪੰਚ ਨਿਰਜਣ ਸਿੰਘ, ਪ੍ਰਵੀਨ ਪੰਚ, ਅਮਨਦੀਪ ਸਿੰਘ, ਮਨਜੀਤ ਕੌਰ ਤੋਂ ਇਲਾਵਾ ਪੰਚਾਇਤ ਮੈਂਬਰ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਗੁਰਦੁਆਰਾ ਗੁਰੂ ਰਵਿਦਾਸ ਦੇ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ



**ਆਦਮਪੁਰ (ਪਰਮਜੀਤ ਸਿੰਘ)**
ਬੀਤੇ ਦਿਨੀ ਗੁਰੂ ਰਵਿਦਾਸ ਨਗਰ ਅਤੇ ਗਾਂਧੀ ਨਗਰ ਦੀਆਂ ਸੰਗਤਾਂ ਅਤੇ ਗੁਰੂ ਦੀ ਕਿਰਪਾ ਸਦਕਾ ਗੁਰੂਦਵਾਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ। ਬੀਬੀ ਸਰੀਫਾਂ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜਰ ਹੋਏ । ਗੁਰਦੁਆਰਾ ਕਮੇਟੀ ਵੱਲੋਂ ਸਮਾਗਮ ਕਰਵਾਏ ਗਏ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਸਿੰਘ ਸਾਹਿਬ ਵੱਲੋਂ ਸਵੇਰੇ ਸੁਖਮਨੀ ਸਾਹਿਬ ਜੀ ਦਾ ਪਾਵਨ ਪਾਠ ਪੜ੍ਹਾਇਆ ਗਿਆ । ਉਪਰੰਤ ਸਮੂਹ ਸੰਗਤਾਂ ਵਲੋਂ ਅਰਦਾਸ ਬੇਨਤੀ ਕੀਤੀ ਗਈ। ਬੀਬੀ ਸਰੀਫਾਂ ਨੇ ਪੰਜ ਇੱਟਾਂ ਰੱਖ ਕੇ ਲੰਗਰ ਹਾਲ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ । ਮੌਕੇ ਤੇ ਹਾਜਰ ਸੰਗਤਾਂ ਵੱਲੋਂ ਸ਼ਬਦ ਗੁਰਬਾਣੀ ਦੇ ਜਾਪ ਕੀਤੇ ਗਏ । ਇਸ ਮੌਕੇ ਇਲਾਕੇ ਦੇ ਉਘੇ ਸਮਾਜ ਸੇਵੀ ਹਰਿੰਦਰ ਸਿੰਘ, ਗਾਂਧੀ ਨਗਰ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਰਾਜਕੁਮਾਰ ਗ੍ਰੈਜੂਏਸ਼ਨ , ਸਕੱਤਰ ਗੁਰਨਾਮ ਸਿੰਘ ਭਾਟੀਆ, ਚਰਨਜੀਤ ਸੇਰੀ , ਚੰਚਲ ਬੈਂਸ, ਰਾਜਕੁਮਾਰ ਰਾਜੂ , ਸੁਰਿੰਦਰ ਸਿੰਘ ਮਨਸੂਰਪੁਰ , ਜੁਗਿੰਦਰ ਲਾਲ, ਕਰਮਜੀਤ , ਕੇਵਲ ਚੰਦ , ਬਲਜੀਤ ਕੌਰ, ਮਨਜੀਤ ਕੌਰ, ਤਰਸੇਮ ਲਾਲ , ਰਣਜੀਤ ਸਿੰਘ , ਸੁਨੀਤਾ , ਕਸਮੀਰਾ ਸਿੰਘ , ਪਰਮਜੀਤ ਮਾਹੀ, ਜਸਪ੍ਰੀਤ ਜੱਸਾ, ਮੋਹਿਤ, ਸੁਮਿਤ, ਪਰਮਜੀਤ ਪੂਨਮ ਸਮੇਤ ਹੋਰ ਵੀ ਅਨੇਕਾਂ ਸੰਗਤਾਂ ਹਾਜਰ ਸਨ ।

# ਪ੍ਰਮਾਤਮਾ ਦਾ ਨਾਮ ਸਿਮਰਨ ਸਮੇਂ ਕੋਈ ਖਾਹਸ਼ ਨਹੀਂ ਰੱਖਣੀ ਚਾਹੀਦੀ : ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**
ਪੂਰਨ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਜਦੋਂ ਤੱਕ ਪੂਰੀ ਵਿਧੀਪੂਰਵਕ ਨਾਮ ਸਿਮਰਨ ਕਰਨ ਦੀ ਯੁਕਤੀ ਇਨਸਾਨ ਨਹੀਂ ਸਮਝਦੇ ਉਦੋਂ ਤੱਕ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪਰਮਾਤਮਾ ਨੂੰ ਪਾਉਣ ਲਈ ਹਰ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਪੂਰਨ ਸਮਰਪਣ ਦੀ ਭਾਵਨਾਂ ਨਾਲ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਵੇ ਤਾਂ ਜੋ ਉਸ ਗੁਰੂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਸਾਡੀ ਆਤਮਾ ਪਰਮਾਤਮਾ ਵਿਚ ਲੀਨ ਹੋ ਕੇ ਇਸ 84 ਦੇ ਗੇੜ ਵਿਚੋਂ ਹਮੇਸ਼ਾ ਲਈ ਛੁਟਕਾਰਾ ਪਾ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ ਵਿੱਚ ਹਾਜਰ ਸੰਗਤ ਨੂੰ ਪ੍ਰਭੂ ਚਰਨਾਂ ਦੇ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀਨਸ਼ੀਨ ਬਾਬਾ ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਕਿਹਾ ਕਿ ਜਿਸ ਤਰ੍ਹਾਂ ਇਕ ਬੱਚੇ ਦੇ ਰੋਣ 'ਤੇ ਮਾਂ ਨੂੰ ਪਤਾ ਚਲ ਜਾਂਦਾ ਹੈ ਕਿ ਬੱਚੇ ਨੂੰ ਕੀ ਚਾਹੀਦਾ ਹੈ ਉਸੇ ਤਰ੍ਹਾਂ ਪਰਮਾਤਮਾ ਨੂੰ ਵੀ ਇਹ ਪਤਾ ਹੁੰਦਾ ਹੈ ਕਿ ਮੇਰਾ ਨਾਮ ਸਿਮਰਨ ਕਰਨ ਵਾਲੇ ਨੂੰ ਕੀ ਦੇਣਾ ਠੀਕ ਹੈ ਤੇ ਕੀ ਨਹੀਂ। ਇਸ ਲਈ ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਸਮੇਂ ਕਿਸੇ ਵੀ ਪ੍ਰਕਾਰ ਦੀਆਂ ਖ਼ੁਵਾਇਸ਼ਾਂ ਨਹੀਂ ਰੱਖਣੀਆਂ ਚਾਹੀਦੀਆਂ, ਉਹ ਖ਼ੁਦ ਹੀ ਸਾਡੇ ਲਈ ਜੋ ਠੀਕ ਹੋਵੇਗਾ ਦੇ ਦੇਵੇਗਾ। ਉਨ੍ਹਾਂ ਕਿਹਾ ਕਿ ਪਰਮਾਤਮਾ ਦੀ ਸਰਨ ਲੱਗਣ ਅਤੇ ਸਤਿਗੁਰੂ ਦਾ ਧਿਆਨ ਹਾਸਲ ਕਰਨ ਲਈ ਹਰ ਇਨਸਾਨ ਨੂੰ ਸਤਿਸੰਗਾਂ ਵਿੱਚ ਜਰੂਰ ਜਾਣਾ ਚਾਹੀਦਾ ਹੈ, ਅਜਿਹਾ ਕਰਨ ਲਈ ਜਿੱਥੇ ਸਾਨੂੰ ਪ੍ਰਭੂ ਭਗਤੀ ਕਰਨ ਦੀ ਸ਼ਕਤੀ ਮਿਲਦੀ ਹੈ ਉਥੇ ਬੁਰੇ ਕਰਮ ਕਰਨ ਤੋਂ ਬਚਣ ਦੀ ਪ੍ਰੇਰਨਾ ਵੀ ਮਿਲਦੀ ਹੈ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰਾ ਹਸਨ, ਦੇਵੀਕਾ, ਰਾਜੇਸ ਜਸਰਾ, ਅਜੀਤ ਸਿੰਘ, ਬਲਜਿੰਦਰ ਸਿੰਘ, ਸਮਸੇਰ ਸਿੰਘ, ਬੀਬੀ ਹਰਜਿੰਦਰ ਕੌਰ ਅਤੇ ਹੋਰ ਸ਼ਰਧਾਲੂਆਂ ਨੇ ਦਰਬਾਰ ਵਿੱਚ ਹਾਜਰੀ ਲਗਵਾਈ।

# ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਵਾਲੀਆ ਦਾ ਸੇਵਾ ਮੁਕਤ ਹੋਣ 'ਤੇ ਸਨਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**
ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜ਼ਿਲ੍ਹਾ ਜਲੰਧਰ ਦੇ ਕਨਵੀਨਰ, ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਜੁਆਇੰਟ ਸਕੱਤਰ ਅਤੇ ਪ ਸ ਸ ਫ ਦੇ ਸੂਬਾ ਜੁਆਇੰਟ ਪ੍ਰਚਾਰ ਸਕੱਤਰ ਵਾਲੀਆ ਬਿਲਗਾ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਰਾਵਾਂ ਖੇਲਾ ਬਲਾਕ ਨੂਰਮਹਿਲ, ਜ਼ਿਲ੍ਹਾ ਜਲੰਧਰ ਦਾ ਸਨਮਾਨ ਸਮਾਰੋਹ ਬੀਤੇ ਦਿਨੀ ਜੌਹਲ ਪੈਲੇਸ ਨੂਰਮਹਿਲ ਵਿਖੇ ਆਯੋਜਿਤ ਕੀਤਾ ਗਿਆ। ਸਨਮਾਨ ਸਮਾਰੋਹ ਸ਼ੁਰੂ ਕਰਨ ਤੋਂ ਪਹਿਲਾਂ ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ ਜੀ ਨੂੰ ਉਹਨਾਂ ਦੇ 133ਵੇਂ ਜਨਮ ਦਿਵਸ ਮੌਕੇ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸਨਮਾਨ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਕਰਨੈਲ ਸਿੰਘ ਸੰਧੂ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜਲੰਧਰ ਦੇ ਕੋ ਕਨਵੀਨਰ ਦਿਲਬਾਗ ਸਿੰਘ, ਗਣੇਸ਼ ਭਗਤ, ਬਲਜੀਤ ਸਿੰਘ ਕਾਰਜ ਸਾਧਕ ਅਫਸਰ ਬਿਲਗਾ,ਚਮਨ ਲਾਲ ਬੀ ਪੀ ਈ ਓ ਨੂਰਮਹਿਲ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਸ਼ਾਮਲ ਸਨ । ਸਨਮਾਨ ਸਮਾਰੋਹ ਦੀ ਸਮੁੱਚੀ ਕਾਰਵਾਈ ਨੂੰ ਪ ਸ ਸ ਫ ਬਲਾਕ ਨੂਰਮਹਿਲ ਦੇ ਪ੍ਰਧਾਨ ਮਨੋਜ ਕੁਮਾਰ ਸਰੋਏ ਨੇ ਬਾਖੂਬੀ ਨਿਭਾਇਆ। ਵਾਲੀਆ ਦੀ ਜ਼ਿੰਦਗੀ ਨਾਲ ਸਬੰਧਤ ਜ਼ਿਕਰਯੋਗ ਪ੍ਰਾਪਤੀਆਂ ਦੇ ਵੇਰਵਿਆਂ ਵਾਲਾ ਸਨਮਾਨ ਪੱਤਰ ਪ ਸ ਸ ਫ ਜ਼ਿਲ੍ਹਾ ਜਲੰਧਰ ਦੇ ਵਿੱਤ ਸਕੱਤਰ ਅਕਲ ਚੰਦ ਸਿੰਘ ਨੇ ਪੜ੍ਹਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਕਰਨੈਲ ਸਿੰਘ ਸੰਧੂ,ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ,ਇਸਤਰੀ ਮੁਲਾਜਮ ਤਾਲਮੇਲ ਕਮੇਟੀ ਪੰਜਾਬ ਦੀ ਸਾਬਕਾ ਸੂਬਾ ਜਨਰਲ ਸਕੱਤਰ ਅਵਤਾਰ ਕੌਰ ਬਾਸੀ,ਜਮਹੂਰੀ ਕਿਸਾਨ ਸਭਾ ਜਲੰਧਰ ਦੇ ਜਨਰਲ ਸਕੱਤਰ ਸੰਤੋਖ ਸਿੰਘ ਬਿਲਗਾ, ਦਿਹਾਤੀ ਮਜਦੂਰ ਸਭਾ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ,ਸੀ ਪੀ ਐੱਮ ਆਗੂ ਪਰਸੋਤਮ ਲਾਲ ਬਿਲਗਾ,ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤਹਿਸੀਲ ਫਿਲੌਰ ਦੇ ਸਕੱਤਰ ਡਾ.ਸਰਬਜੀਤ ਸਿੰਘ ਮੁਠੱਡਾ,ਸੂਬਾ ਆਗੂ ਗਣੇਸ਼ ਭਗਤ,ਪ ਸ ਸ ਫ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ, ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ,ਪੁਰਾਣੀ ਪੈਨਸ਼ਨ ਬਹਾਲੀ ਸੰਘਰਸ ਕਮੇਟੀ ਦੇ ਜ਼ਿਲ੍ਹਾ ਕੋ ਕਨਵੀਨਰ ਅਤੇ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ ਨੇ ਕਿਹਾ ਕਿ ਵਾਲੀਆ ਬਿਲਗਾ ਨੇ ਜਿੱਥੇ ਆਪਣੀ ਸਰਕਾਰੀ ਡਿਊਟੀ ਦੇ ਫਰਜਾਂ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਇਆ, ਉੱਥੇ ਨਾਲ-ਨਾਲ ਮੁਲਾਜਮ ਜਥੇਬੰਦੀਆਂ ਦੇ ਸੰਘਰਸ਼ਾਂ ਵਿੱਚ ਵੀ ਬਾਖੂਬੀ ਆਗੂ ਭੂਮਿਕਾ ਨਿਭਾਈ। ਪੁਰਾਣੀ ਪੈਨਸਨ ਬਹਾਲੀ ਸੰਘਰਸ ਕਮੇਟੀ ਨੂੰ ਬਣਾਉਣ ਅਤੇ ਉਸ ਵਲੋਂ ਚਲਾਏ ਹਰ ਸੰਘਰਸ ਨੂੰ ਕਾਮਯਾਬ ਕਰਨ ਲਈ ਅਹਿਮ ਭੂਮਿਕਾ ਵੀ ਨਿਭਾਈ। ਇਨਕਲਾਬੀ ਕਵੀ ਸੀਤਲ ਰਾਮ ਬੰਗਾ ਨੇ ਕਵਿਤਾ ਸੁਣਾਈ। ਸਮਾਗਮ ਦੇ ਅਖੀਰ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵਲੋਂ ਸਨਮਾਨ ਚਿੰਨ੍ਹ ਅਤੇ ਹੋਰ ਤੋਹਫੇ ਭੇਟ ਕੀਤੇ ਗਏ। ਸਾਥੀ ਵਾਲੀਆ ਬਿਲਗਾ ਨੇ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋਏ ਸਮੂਹ ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਅਤੇ ਪਤਵੰਤੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਵੱਖ-ਵੱਖ ਸੰਸਥਾਵਾਂ ਨੂੰ ਆਪਣੀ ਸਮਰੱਥਾ ਅਨੁਸਾਰ ਆਰਥਿਕ ਤੌਰ 'ਤੇ ਸਹਾਇਤਾ ਵੀ ਦਿੱਤੀ । ਆਏ ਸਮੁੱਚੇ ਮਹਿਮਾਨਾਂ ਲਈ ਚਾਹ ਪਾਣੀ ਅਤੇ ਖਾਣੇ ਦਾ ਪ੍ਰਬੰਧ ਵੀ ਵਧੀਆ ਢੰਗ ਨਾਲ ਕੀਤਾ ਗਿਆ ਸੀ। ਇਸ ਸਮੇਂ ਜ਼ਿੰਦਗੀ ਦੀ ਜੀਵਨ ਸਾਥਣ ਸ੍ਰੀਮਤੀ ਰੀਟਾ ਰਾਣੀ, ਹੋਰ ਰਿਸ਼ਤੇਦਾਰਾਂ, ਨਜਦੀਕੀ ਸੱਜਣਾਂ ਮਿੱਤਰਾਂ ਤੋਂ ਇਲਾਵਾ ਬਲਜੀਤ ਸਿੰਘ ਕੁਲਾਰ, ਕੁਲਦੀਪ ਸਿੰਘ ਕੌੜਾ,ਕੁਲਵੰਤ ਰਾਮ ਰੁੜਕਾ, ਬਲਵੀਰ ਸਿੰਘ ਗੁਰਾਇਆ,ਰਤਨ ਸਿੰਘ, ਜਸਵੀਰ ਸਿੰਘ ਸੁੰਨੜ, ਮਨਜਿੰਦਰ ਸਿੰਘ ਗਦਰਾ , ਸੁਖਵਿੰਦਰ ਰਾਮ, ਧਰਮਿੰਦਰਜੀਤ,ਬਲਵਿੰਦਰ ਕੁਮਾਰ ਪੈਨਸਨਰ ਆਗੂ,ਗੁਰਸੇਵ ਸਿੰਘ ਬਾਸੀ, ਪਿਆਰਾ ਸਿੰਘ ਨਕੋਦਰ, ਜਸਵੰਤ ਸਿੰਘ ਰੌਲੀ,ਸੁਮਨ ਸਾਮ ਪੁਰੀ, ਮੰਗਤ ਰਾਮ ਸਮਰਾ,ਰਾਜ ਕੁਮਾਰ, ਜਗਦੀਸ ਲਾਲ, ਪ੍ਰਿੰਸੀਪਲ ਪਿਆਰੇ ਲਾਲ, ਪ੍ਰਿੰਸੀਪਲ ਗੁਰਿੰਦਰ ਸਿੰਘ,ਡਾ.ਰਜਿੰਦਰ ਸਰਮਾ, ਅਸ਼ੋਕ ਕੁਮਾਰ, ਸੂਰਜ ਕੁਮਾਰ,ਮੱਖਣ ਸੰਗਰਾਮੀ,ਲੇਖ ਰਾਜ ਪੰਜਾਬੀ, ਬਖਸੀ ਰਾਮ,ਇਸ ਸਮੇਂ ਰਿਸਤੇਦਾਰਾਂ ਵਿੱਚ ਹੁਸਨ ਲਾਲ ਚਾਨੀਆਂ,ਚਮਨ ਲਾਲ ਚਾਨੀਆਂ, ਸੋਢੀ ਰਾਮ ਸਹੌਤਾ ਲੰਬੜਦਾਰ, ਅਸੋਕ ਕੁਮਾਰ ਬੂਟਾਂ ਮੰਡੀ, ਪਰਮਜੀਤ ਸਿੰਘ ਕਾਂਗਣਾਂ, ਪ੍ਰਥਮ ਗਿੱਲ ਨਾਗਰਾ, ਦੀਪਕ ਢੇਰੀਆਂ, ਅਨਮੋਲ ਭਗਤ ਜਲੰਧਰ ਤੇ ਹੋਰ ਰਿਸ਼ਤੇਦਾਰ ਆਦਿ ਸਾਥੀ ਹਾਜਰ ਹੋਏ।



# ਵੋਕੇਸ਼ਨਲ ਸੈਂਟਰ 'ਚ ਨਵੇਂ ਸੈਸ਼ਨ ਦੀ ਹੋਈ ਸ਼ੁਰੂਆਤ

**ਫਗਵਾੜਾ (ਜਸਵਿੰਦਰ ਢੱਡਾ)**
ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵੱਲੋਂ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖ-ਰੇਖ ਹੇਠ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿੱਚ ਵੱਖ-ਵੱਖ ਕੋਰਸਾਂ ਦੇ ਨਵੇਂ ਸੈਸ਼ਨ ਦਾ ਉਦਘਾਟਨ ਕੀਤਾ ਗਿਆ। ਆਯੋਜਿਤ ਪ੍ਰੋਗਰਾਮ ਵਿੱਚ ਸਮਾਜ ਸੇਵਿਕਾ ਅਤੇ ਭਾਜਪਾ ਆਗੂ ਅਨੀਤਾ ਸੋਮ ਪ੍ਰਕਾਸ਼ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਰਿਬਨ ਕੱਟਣ ਦੀ ਰਸਮ ਤੋਂ ਬਾਅਦ ਨਵੇਂ ਬੈਚ ਦੀਆਂ ਸਮੂਹ ਸਿੱਖਿਆਰਥਣਾਂ ਨੂੰ ਸ਼ੁਭ ਇੱਛਾਵਾਂ ਦਿੱਤੀਆਂ। ਤੇ ਟਰੇਨਿੰਗ ਲੈ ਰਹੀਆਂ ਲੜਕੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ਿੰਦਗੀ 'ਚ ਹਰ ਨਵੀਂ ਚੀਜ਼ ਨੂੰ ਦਿਲ ਲਗਾ ਕੇ ਸਿੱਖਣਾ ਚਾਹੀਦਾ ਹੈ। ਕਿਸੇ ਵੀ ਕਿਸਮ ਦੀ ਦਸਤਕਾਰੀ ਦੀ ਸਿਖਲਾਈ ਹਮੇਸ਼ਾ ਔਖੇ ਸਮੇਂ ਵਿੱਚ ਰੋਜ਼ੀ-ਰੋਟੀ ਕਮਾਉਣ ਦਾ ਸਾਧਨ ਬਣਦੀ ਹੈ। ਭਾਜਪਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ ਨੇ ਵੀ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਸਮੇਤ ਸੈਂਟਰ ਵਿੱਚ ਸਿਖਲਾਈ ਲੈ ਰਹੀਆਂ ਲੜਕੀਆਂ ਨੂੰ ਸ਼ੁਭ ਇੱਛਾਵਾਂ ਦਿੱਤੀਆਂ। ਸਟੇਜ ਦਾ ਸੰਚਾਲਨ ਲੈਕਚਰਾਰ ਹਰਜਿੰਦਰ ਗੋਗਨਾ ਨੇ ਕੀਤਾ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ: ਵਿਜੇ ਕੁਮਾਰ, ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਕਨੌਜੀਆ, ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ, ਖ਼ਜ਼ਾਨਚੀ ਡਾ: ਕੁਲਦੀਪ ਸਿੰਘ, ਮੈਨੇਜਰ ਜਗਜੀਤ ਸੇਠ, ਮੈਡਮ ਤਨੂ, ਮੈਡਮ ਸਪਨਾ ਸ਼ਾਰਦਾ, ਮੈਡਮ ਰਮਨਦੀਪ, ਮੈਡਮ ਆਸ਼ੂ ਬੱਗਾ, ਸਾਹਿਬਜੀਤ ਸਿੰਘ ਸਾਬੀ, ਮਨਦੀਪ ਬਾਸੀ, ਡਾ: ਨਰੇਸ਼ ਬਿੱਟੂ, ਰਾਜਕੁਮਾਰ ਰਾਜਾ, ਮਨਦੀਪ ਕੌਰ, ਕਾਜਲ, ਰਮਨਦੀਪ ਕੌਰ, ਅੰਜਲੀ, ਅਰਵਿੰਦਰ ਕੌਰ, ਤਾਨੀਆ, ਕੋਮਲ, ਹਰਮਨਪ੍ਰੀਤ, ਮੁਸਕਾਨ, ਪ੍ਰਿਆ, ਸਿਮਰਨ, ਕਾਜਲ, ਅੰਜਲੀ, ਹੀਰ, ਕੁਲਦੀਪ, ਜੈਸਮੀਨ ਆਦਿ ਹਾਜ਼ਰ ਸਨ।



# ਜਾਅਲੀ ਮੋਹਰਾਂ ਸਮੇਤ ਦੋ ਗ੍ਰਿਫ਼ਤਾਰ



**ਫਗਵਾੜਾ (ਡਾ. ਰਮਨ)**

ਥਾਣਾ ਸਿਟੀ ਫਗਵਾੜਾ ਦੀ ਪੁਲਸ ਪਾਰਟੀ ਵੱਲੋਂ 3 ਜਾਅਲੀ ਮੋਹਰਾਂ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆ ਰੁਪਿੰਦਰ ਕੌਰ ਭੱਟੀ ਪਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਦੱਸਿਆ ਕਿ ਜਤਿੰਦਰ ਸਿੰਘ ਉਰਫ ਸੋਨੂੰ ਸੂਦ ਵਾਸੀ ਪਿੰਡ ਪਾਸ਼ਟਾ ਥਾਣਾ ਰਾਵਲਪਿੰਡੀ ਜੋ ਕਿ ਮੁਕੱਦਮਾ ਨੰਬਰ 59 ਮਿਤੀ 05.04.2023 ਅ/ਧ 420,465,467,468, 471,205,120-ਬੀ ਭ:ਦ: ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਬਰਖਿਲਾਫ ਜਤਿੰਦਰ ਸਿੰਘ ਉਰਫ ਸੋਨੂੰ ਸੂਦ ਵਾਸੀ ਪਿੰਡ ਪਾਸ਼ਟਾ ਥਾਣਾ ਰਾਵਲਪਿੰਡੀ ਅਤੇ ਹੋਰ ਤਿੰਨ ਅਣਪਛਾਤੇ ਦੋਸ਼ੀਆਂ ਖਿਲਾਫ ਦਰਜ ਰਜਿਸਟਰ ਹਇਆ ਹੈ ਜੋ ਮੁਕੱਦਮਾ ਹਜਾ ਵਿੱਚ ਦੋਸ਼ੀ ਜਤਿੰਦਰ ਸਿੰਘ ਉਰਫ ਸੋਨੂੰ ਸੂਦ ਪਹਿਲਾਂ ਹੀ ਮਾਡਰਨ ਜੇਲ੍ਹ ਕਪੂਰਥਲਾ ਵਿੱਚ ਬੰਦ ਸੀ ਨੂੰ ਮਿਤੀ 15.04.2024 ਨੂੰ ਪ੍ਰੋਡੰਕਸ਼ਨ ਵਾਰੰਟ 'ਤੇ ਲਿਆ ਕੇ ਮੁਕੱਦਮਾ ਨੰਬਰ 59 ਮਿਤੀ 05.04.2023 ਜੇਰੇ ਧਾਰਾ 420,465,467,468,471,205,120-ਬੀ ਭ/ਦੇ ਤਹਿਤ ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿੱਚ ਇਸ ਦੀ ਗ੍ਰਿਫ਼ਤਾਰੀ ਪਾਈ ਗਈ, ਜਿਸ ਨੇ ਫਰਦ ਇੰਕਸ਼ਾਫ ਵਿੱਚ ਦੱਸਿਆ ਕਿ ਉਸ ਨੇ ਅਵਜਿੰਦਰ ਸਿੰਘ ਉਰਫ ਰਾਜਾ ਪੁੱਤਰ ਗੁਰਦੇਵ ਸਿੰਘ ਵਾਸੀ ਅਰਜੁਨ ਬਾਲ ਨੂੰ ਜੋ ਜਾਅਲੀ ਕਾਗਜ ਤਿਆਰ ਕਰਕੇ ਲੋਕਾਂ ਦੀਆਂ ਜਮਾਨਤਾਂ ਕਰਾਂਉਂਦਾ ਹੈ, ਨੂੰ ਉਸ ਦੀ ਜਮਾਨਤ ਕਰਾਉਣ ਲਈ ਕਿਹਾ ਸੀ। ਜਿਸ ਨੇ ਉਸ ਦੀ ਮਾਤਾ ਤੋਂ ਇਸ ਕੰਮ ਲਈ 12,000/-ਰੁਪਏ ਲਏ ਸਨ। ਜਿਸ ਦੇ ਅਧਾਰ 'ਤੇ ਮਿਤੀ 16.04.2024 ਨੂੰ ਅਵਜਿੰਦਰ ਸਿੰਘ ਉਰਫ ਰਾਜਾ ਨੂੰ ਮੁਕੱਦਮਾ ਉਕਤ ਵਿੱਚ ਹਸਬ ਜਾਬਤਾ ਗ੍ਰਿਫ਼ਤਾਰ ਕੀਤਾ ਗਿਆ। ਅਵਜਿੰਦਰ ਸਿੰਘ ਨੇ ਪੁਲਸ ਪਾਸ ਪੁੱਛਗਿੱਛ ਦੌਰਾਨ ਫਰਦ ਇੰਕਸ਼ਾਫ ਕੀਤਾ ਹੈ ਕਿ ਜਤਿੰਦਰ ਸੂਦ ਦੀ ਜਮਾਨਤ ਕਰਾਉਣ ਵਿੱਚ ਮਨਵੀਰ ਸਿੰਘ ਉਰਫ ਮੰਗੂ ਪੁੱਤਰ ਸੁਖਦੇਵ ਸਿੰਘ ਵਾਸੀ ਵਾਰਡ ਨੰਬਰ 09 ਜਵਾਹਰ ਨਗਰ ਆਦਮਪੁਰ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਦਿਹਾਤੀ ਜੋ ਕਿਸੇ ਹੋਰ ਮੁਕੱਦਮਾ ਵਿੱਚ ਕਪੂਰਥਲਾ ਜੇਲ੍ਹ ਵਿੱਚ ਬੰਦ ਹੈ, ਵੀ ਸ਼ਾਮਲ ਸੀ, ਜਿਸ ਨੇ ਜਾਅਲੀ ਕਾਗਜਾਤ ਤਿਆਰ ਕੀਤੇ। ਉਹਨਾਂ ਨਾਲ ਕੁਲਦੀਪ ਸਿੰਘ ਉਰਫ ਸਾਬੀ ਪੁੱਤਰ ਨਾਮਲੂਮ ਵਾਸੀ ਮਹਿਤਪੁਰ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਵੀ ਸ਼ਾਮਲ ਸੀ। ਦੌਰਾਨੇ ਤਫਤੀਸ਼ ਦੋਸ਼ੀ ਅਵਜਿੰਦਰ ਸਿੰਘ ਪਾਸੋਂ 03 ਜਾਅਲੀ ਮੋਹਰਾਂ ਬ੍ਰਾਮਦ ਕੀਤੀਆਂ ਗਈਆਂ ਹਨ।

# ਚੋਰਾਂ ਨੇ ਦੂਜੀ ਵਾਰ ਘਰ ਨੂੰ ਬਣਾਇਆ ਨਿਸ਼ਾਨਾ



**ਫਿਲੌਰ (ਨਿਰਮਲ)** ਇਥੋਂ ਨਜਦੀਕ ਪੈਂਦੇ ਪਿੰਡ ਨੰਗਲ ਦੇ ਸ਼ਮਸ਼ਾਨ ਘਾਟ ਦੇ ਕੋਲ ਬਣੇ ਇੱਕ ਘਰ, ਜਿੱਥੇ ਕੁਝ ਦਿਨ ਪਹਿਲਾ ਚੋਰਾਂ ਨੇ ਹੱਥ ਸਾਫ ਕੀਤਾ ਸੀ ਅੱਜ ਫਿਰ ਉਸੇ ਨੂੰ ਨਿਸ਼ਾਨਾ ਬਣਾਇਆ। ਅਵਤਾਰ ਨੇ ਦੱਸਿਆ ਹੈ ਕਿ ਪਿਛਲੇ ਕੁਝ ਦਿਨ ਪਹਿਲਾਂ ਉਸਦੇ ਘਰ ਵਿੱਚ ਚੋਰੀ ਹੋਈ ਸੀ ਜਿਸ ਦੀ ਸੂਚਨਾ ਉਸ ਨੇ ਫਿਲੌਰ ਪੁਲਸ ਨੂੰ ਦਿੱਤੀ ਅਤੇ ਕੁਝ ਚੋਰ ਵੀ ਉਸ ਨੇ ਕਬਾੜੀਏ ਨੂੰ ਸਮਾਨ ਵੇਚਦੇ ਹੀ ਫੜਾ ਦਿੱਤੇ। ਨਾਲ ਹੀ ਕਬਾੜ ਵਾਲਾ ਵੀ ਫੜਾਇਆ ਪਰ ਅੱਜ ਉਸ ਦੇ ਘਰ ਵਿੱਚ ਇੱਕ ਵਾਰ ਫਿਰ ਚੋਰਾਂ ਨੇ ਵਾਰਦਾਤ ਨੂੰ ਫਿਰ ਅੰਜਾਮ ਦਿੱਤਾ। ਉਸ ਨੇ ਦੱਸਿਆ ਕਿ ਉਸ ਦੇ ਦੁਕਾਨ ਵਿੱਚ ਏਅਰ ਪ੍ਰੈਸ਼ਰ ਨਾਂਅ ਦੀ ਇੱਕ ਮਸ਼ੀਨ ਹੈ ਜਿਸ ਦੇ ਅੱਗੇ ਇੱਕ ਮਸ਼ੀਨਰੀ ਲੱਗਦੀ ਹੈ ਜਿਸ ਦੀ ਕੀਮਤ 20 ਹਜਾਰ ਰੁਪਏ ਹੈ ਅਤੇ ਟਰੈਕਟਰ ਦੇ ਅੱਗੇ ਲੱਗਾ ਵੇਟ ਵੀ ਚੋਰ ਚੋਰੀ ਕਰਕੇ ਫਰਾਰ ਹੋ ਗਏ। ਉਸਨੇ ਦੱਸਿਆ ਕਿ ਉਸ ਦਾ ਲਗਭਗ 30 ਹਜਾਰ ਤੋਂ ਉੱਪਰ ਦਾ ਨੁਕਸਾਨ ਹੋ ਗਿਆ ਹੈ। ਉਸਨੇ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਹੈ ਕਿ ਚੋਰਾਂ ਨੂੰ ਜਲਦ ਫੜ ਕੇ ਸਲਾਖਾਂ ਪਿੱਛੇ ਦਿੱਤਾ ਜਾਵੇ ਅਤੇ ਉਸਦਾ ਸਮਾਨ ਉਸਨੂੰ ਵਾਪਸ ਦਿਵਾਇਆ ਜਾਵੇ।

# ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਰਣਜੀਤ ਸਿੰਘ ਬਠਿੰਡਾ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਖਾਲਸਾ ਪੰਥ ਦੀ ਸਾਜਨਾ ਕਰਨ ਦੇ ਪ੍ਰਸੰਗ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਜਾਣੂ ਕਰਵਾਇਆ। ਭਾਈ ਪਰਮਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾਲ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਖਾਲਸਾ ਪੰਥ ਦੀ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਬ੍ਰਿਤਾਂਤ ਅਤੇ ਖੰਡੇ ਬਾਟੇ ਦੀ ਅੰਮ੍ਰਿਤ ਦੀ ਮਹਤੱਤਾ ਦੱਸਦੇ ਹੋਏ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਸੁਰਿੰਦਰ ਸਿੰਘ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ, ਭਾਈ ਗੁਰਸੇਵਕ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਨਾਢਾ ਸਾਹਿਬ , ਭਾਈ ਜਸਮੇਰ ਸਿੰਘ ਦਾ ਇੰਟਰਨੈਸ਼ਨਲ ਢਾਡੀ ਜੱਥਾ, ਮਿਤੱਰ ਪਿਆਰੇ ਨੂੰ ਕੀਤਰਨੀ ਜਥਾ, ਭਾਈ ਦਵਿੰਦਰ ਸਿੰਘ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼, ਬਾਬਾ ਦੀਪ ਸਿੰਘ ਕਵੀਸ਼ਰੀ ਜੱਥਾ, ਭਾਈ ਸੁਖਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਬੁਲਾਰੇ ਨੇ ਦੱਸਿਆ ਕਿ 20 ਅਪ੍ਰੈਲ ਨੂੰ ਸ਼੍ਰੋਮਣੀ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ।



# 243.95 ਕਰੋੜ ਦੀ ਨਕਦੀ, ਸ਼ਰਾਬ, ਡਰੱਗਜ਼ ਤੇ ਹੋਰ ਕੀਮਤੀ ਵਸਤਾਂ ਜ਼ਬਤ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ 16 ਮਾਰਚ ਤੋਂ ਸਾਰੇ ਦੇਸ਼ ਵਿੱਚ ਚੋਣ ਜ਼ਾਬਤਾ ਲਾਗੂ ਹੈ ਅਤੇ ਇਸ ਦੌਰਾਨ ਵੱਖ-ਵੱਖ ਸੁਰੱਖਿਆ ਅਤੇ ਹੋਰ ਏਜੰਸੀਆਂ ਵੱਲੋਂ ਪੰਜਾਬ ਵਿੱਚ ਕੁੱਲ 243.95 ਕਰੋੜ ਰੁਪਏ ਦੀ ਨਕਦੀ, ਸ਼ਰਾਬ, ਡਰੱਗ ਅਤੇ ਹੋਰ ਕੀਮਤੀ ਸਮਾਨ ਜ਼ਬਤ ਕੀਤਾ ਜਾ ਚੁੱਕਾ ਹੈ।ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੰਜਾਬ ਵਿੱਚ ਸੁਤੰਤਰ ਅਤੇ ਨਿਰਪੱਖ ਤਰੀਕੇ ਨਾਲ ਚੋਣਾਂ ਕਰਵਾਉਣ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ 16 ਮਾਰਚ ਤੋਂ 17 ਅਪ੍ਰੈਲ 2024 ਤੱਕ ਸਭ ਤੋਂ ਜ਼ਿਆਦਾ 158.76 ਕਰੋੜ ਰੁਪਏ ਦੀ ਨਗਦੀ, ਸ਼ਰਾਬ/ਨਸ਼ੀਲੇ ਪਦਾਰਥ ਅਤੇ ਹੋਰ ਵਸਤਾਂ ਪੰਜਾਬ ਪੁਲਸ ਵੱਲੋਂ ਜ਼ਬਤ ਕੀਤੀਆਂ ਗਈਆਂ ਹਨ। ਸਬਿਨ ਸੀ ਨੇ ਅੱਗੇ ਦੱਸਿਆ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ 17 ਅਪ੍ਰੈਲ ਤੱਕ ਪੰਜਾਬ ਪੁਲਸ ਨੇ 2.49 ਕਰੋੜ ਰੁਪਏ ਦੀ ਨਕਦੀ, 7.06 ਕਰੋੜ ਰੁਪਏ ਦੀ ਸ਼ਰਾਬ, 148.21 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ, 25.6 ਲੱਖ ਰੁਪਏ ਦੀਆਂ ਕੀਮਤੀ ਵਸਤਾਂ ਅਤੇ 74.2 ਲੱਖ ਰੁਪਏ ਦੀ ਕੀਮਤ ਵਾਲੀਆਂ ਹੋਰ ਵਸਤੂਆਂ ਜ਼ਬਤ ਕੀਤੀਆਂ ਹਨ। ਇਸੇ ਤਰ੍ਹਾਂ ਸੂਬੇ ਦੇ ਆਬਕਾਰੀ ਵਿਭਾਗ ਨੇ 6.77 ਕਰੋੜ ਰੁਪਏ ਦੀ ਸ਼ਰਾਬ ਅਤੇ 2 ਲੱਖ ਰੁਪਏ ਦੇ ਨਸ਼ੀਲੇ ਪਦਾਰਥ ਅਤੇ ਬੀ.ਐਸ.ਐਫ ਨੇ 19.66 ਕਰੋੜ ਰੁਪਏ ਦੇ ਡਰੱਗਜ਼ ਤੇ ਨਸ਼ੀਲੇ ਪਦਾਰਥ, 40 ਲੱਖ ਰੁਪਏ ਦੀਆਂ ਕੀਮਤੀ ਵਸਤਾਂ ਅਤੇ 36 ਲੱਖ ਰੁਪਏ ਦੀ ਨਗਦੀ ਜ਼ਬਤ ਕੀਤੀ ਹੈ।ਇਸ ਤੋਂ ਇਲਾਵਾ 45.92 ਕਰੋੜ ਰੁਪਏ ਦੇ ਡਰੱਗਜ਼ ਤੇ ਨਸ਼ੀਲੇ ਪਦਾਰਥ, 3.15 ਕਰੋੜ ਰੁਪਏ ਦੀ ਨਕਦੀ, 8.84 ਕਰੋੜ ਰੁਪਏ ਦੀਆਂ ਕੀਮਤੀ ਵਸਤਾਂ ਅਤੇ 6 ਲੱਖ ਰੁਪਏ ਦੀ ਕੀਮਤ ਵਾਲੀਆਂ ਹੋਰ ਵਸਤੂਆਂ ਨੂੰ ਵੱਖ-ਵੱਖ ਏਜੰਸੀਆਂ ਵੱਲੋਂ ਜ਼ਬਤ ਕੀਤਾ ਗਿਆ ਹੈ। ਇਸ ਤਰ੍ਹਾਂ ਇਕ ਮਹੀਨੇ ਦੌਰਾਨ ਇਹ ਸਾਰੀ ਜ਼ਬਤੀ 243.95 ਕਰੋੜ ਰੁਪਏ ਬਣਦੀ ਹੈ।

# ਖਾਲਸਾ ਕਾਲਜ ਦੀਆਂ ਸੱਤ ਵਿਦਿਆਰਥਣਾਂ 'ਵਰਸਿਟੀ ਦੀ ਮੈਰਿਟ ਸੂਚੀ 'ਚ

**ਮਾਹਿਲਪੁਰ (ਸਫਰੀ)**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਐਮਐਸਸੀ ਫੈਸਨ ਡਿਜਾਇਨਿੰਗ ਦੇ ਕੋਰਸ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਸੱਤ ਪੁਜੀਸ਼ਨਾਂ ਪ੍ਰਾਪਤ ਕਰਕੇ ਇਸ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਇਹਨਾਂ ਵਿਦਿਆਰਥਣਾਂ ਨੂੰ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਸਬੰਧਤ ਵਿਭਾਗ ਦੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਵਿਭਾਗ ਦੇ ਮੁਖੀ ਪ੍ਰੋ ਰਾਜਵਿੰਦਰ ਕੌਰ ਨੇ ਦੱਸਿਆ ਕਿ ਐਮਐਸਸੀ ਫੈਸ਼ਨ ਡਿਜਾਇਨਿੰਗ ਦੇ ਤੀਜੇ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਸਿਮਰਨ ਨੇ 93.8 ਫੀਸਦੀ ਅੰਕ ਹਾਸਲ ਕਰਕੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਰਸਮੀ ਤਲਵਾਰ ਨੇ 92.8 ਫੀਸਦੀ ਅੰਕਾਂ ਨਾਲ ਦੂਜਾ ਸਥਾਨ, ਜਸਲੀਨ ਕੌਰ ਨੇ 90 ਫੀਸਦੀ ਅੰਕਾਂ ਨਾਲ ਚੌਥਾ ਅਤੇ ਏਕਮਜੋਤ ਨੇ 88.6 ਫੀਸਦੀ ਅੰਕਾਂ ਨਾਲ ਸੱਤਵਾਂ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਐਮ ਐਸ ਸੀ ਫੈਸ਼ਨ ਡਿਜਾਇਨਿੰਗ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵੀ ਕਾਲਜ ਦੀਆਂ ਤਿੰਨ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਤਿੰਨ ਪੁਜੀਸ਼ਨਾਂ ਪ੍ਰਾਪਤ ਕੀਤੀਆਂ ਹਨ। ਇਸ ਨਤੀਜੇ ਵਿੱਚ ਰਮਨਦੀਪ ਕੌਰ ਨੇ 89.8 ਫੀਸਦੀ ਅੰਕਾਂ ਨਾਲ ਤੀਜਾ, ਉਮਾ ਸ਼ਰਮਾ ਨੇ 89 ਫੀਸਦੀ ਅੰਕਾਂ ਨਾਲ ਪੰਜਵਾਂ ਅਤੇ ਜਸਪ੍ਰੀਤ ਕੌਰ ਨੇ 88.6 ਫੀਸਦੀ ਅੰਕਾਂ ਨਾਲ ਛੇਵਾਂ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਸਮੇਤ ਸਬੰਧਤ ਵਿਭਾਗ ਦੇ ਅਧਿਆਪਕਾਂ ਨੇ ਵੀ ਇਹਨਾਂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਪੈਟਰਨ ਡਾ। ਜੰਗ ਬਹਾਦਰ ਸਿੰਘ ਰਾਏ, ਮੈਨੇਜਰ ਇੰਦਰਜੀਤ ਸਿੰਘ ਭਾਰਟਾ ਅਤੇ ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ ਨੇ ਵੀ ਇਨ੍ਹਾਂ ਵਿਦਿਆਰਥਣਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਐਡਵੋਕੇਟ ਤੇ ਪੱਤਰਕਾਰ ਗੁਰਦੀਪ ਸਿੰਘ ਲਾਲੀ ਨੂੰ ਸਦਮਾ, ਪਿਤਾ ਦਾ ਦੇਹਾਂਤ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਐਡਵੋਕੇਟ ਅਤੇ ਪੱਤਰਕਾਰ ਗੁਰਦੀਪ ਸਿੰਘ ਲਾਲੀ ਨੂੰ ਉਸ ਸਮੇਂ ਵੱਡਾ ਸਦਮਾ ਲੱਗਾ ਜਦੋਂ ਉਹਨਾਂ ਦੇ ਪਿਤਾ ਅਜੀਤ ਸਿੰਘ (ਰਿਟਾਇਰਡ ਬੀ ਆਰ ਆਈ ਰੇਲਵੇ) ਅਕਾਲ ਚਲਾਣਾ ਕਰ ਗਏ । ਉਹਨਾਂ ਦੇ ਚਲੇ ਜਾਣ ਨਾਲ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅਜੀਤ ਸਿੰਘ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਚਲ ਰਹੇ ਸਨ। ਐਤਵਾਰ ਦੀ ਦੇਰ ਰਾਤ ਕਰੀਬ ਇਕ ਵਜੇ ਉਹਨਾਂ ਨੇ ਆਖਰੀ ਸਾਹ ਲਏ। ਉਹਨਾਂ ਦਾ ਅੰਤਿਮ ਸਸਕਾਰ ਸੋਮਵਾਰ ਦੁਪਹਿਰ ਪਿੰਡ ਮੀਆਵਾਲ ਵਿਖੇ ਕੀਤਾ ਗਿਆ। ਅੰਤਿਮ ਅਰਦਾਸ ਪਿੰਡ ਮੀਆਵਾਲ ਵਿਖੇ 24 ਅਪ੍ਰੈਲ ਦਿਨ ਬੁੱਧਵਾਰ ਨੂੰ ਕੀਤੀ ਜਾਵੇਗੀ। ਅਜੀਤ ਸਿੰਘ ਬੜੇ ਹੀ ਨੇਕ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾਂ ਦੇ ਦੇਹਾਂਤ ਨਾਲ ਇਲਾਕੇ ਵਿਚ ਸੋਗ ਦੀ ਲਹਿਰ ਪਸਰ ਗਈ। ਇਲਾਕਾ ਵਾਸੀਆਂ ਪੱਤਰਕਾਰ ਭਾਈਚਾਰੇ, ਸਿਆਸੀ ਪਾਰਟੀਆਂ, ਸਮਾਜ ਸੇਵਕ ਜਥੇਬੰਦੀਆਂ ਅਤੇ ਧਾਰਮਿਕ ਸੰਸਥਾਵਾਂ ਨੇ ਗੁਰਦੀਪ ਸਿੰਘ ਲਾਲੀ ਅਤੇ ਉਨ੍ਹਾਂ ਦੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।



# ਸ਼ਬਦ 'ਅਪਨੇ ਕਰਮ ਕੀ ਗਤਿ' ਰਿਲੀਜ਼

**ਕਾਲਾ ਸੰਘਿਆਂ (ਮਨਜੀਤ ਮਾਨ)**- ਭਾਈ ਗੁਰਮੁਖ ਸਿੰਘ ਪੰਕਜ ਸੰਧੂ ਚੱਠਾ ਵਾਲੇ ਹਜ਼ੂਰੀ ਰਾਗੀ ਗੁਰਦੁਆਰਾ ਟਾਂਵੀ ਸਾਹਿਬ ਕਾਲਾ ਸੰਘਿਆਂ ਦੇ ਜਥੇ ਵਲੋਂ ਗਾਇਆ ਧਾਰਮਿਕ ਗੁਰਬਾਣੀ ਸ਼ਬਦ, 'ਅਪਨੇ ਕਰਮ ਕੀ ਗਤਿ' ਗੁਰਦੁਆਰਾ ਟਾਂਵੀ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੁਖਤਿਆਰ ਸਿੰਘ ਵਿੱਕਾ, ਨਰਿੰਦਰ ਸਿੰਘ, ਸੇਵਾ ਸਿੰਘ ਰਾਏ ਬਡਿਆਲ, ਜਥੇਦਾਰ ਗੁਰਦੇਵ ਸਿੰਘ, ਲਖਵਿੰਦਰ ਸਿੰਘ, ਗੁਰਦਾਵਰ ਸਿੰਘ, ਗ੍ਰੰਥੀ ਗੁਰਵਿੰਦਰ ਸਿੰਘ ਵੱਲੋਂ ਸਾਂਝੇ ਤੌਰ 'ਤੇ ਰਲੀਜ਼ ਕੀਤਾ ਗਿਆ। ਪੰਕਜ ਨੇ ਦੱਸਿਆ ਕਿ ਧਾਰਮਿਕ ਗੁਰਬਾਣੀ ਸ਼ਬਦ ਸ਼ਮਾਰੋ ਕੰਪਨੀ ਦੇ ਪ੍ਰੋਡਿਊਸਰ, ਡਾਇਰੈਕਟਰ ਬਬਲੀ ਸਿੰਘ ਦੀ ਨਿਰਦੇਸ਼ਨਾ ਹੇਠ ਸ਼ਮਾਰੋ ਗੁਰਬਾਣੀ ਚੈਨਲ 'ਤੇ ਵੱਡੇ ਪੱਧਰ 'ਤੇ ਰਿਲੀਜ਼ ਕੀਤਾ ਗਿਆ। ਇਸ ਸ਼ਬਦ ਵਿੱਚ ਭਾਈ ਦੀਪਕ ਸਿੰਘ ਤੋਂ ਇਲਾਵਾ ਪ੍ਰਸਿੱਧ ਤਬਲਾ ਵਾਦਕ ਭਾਈ ਕਰਮਜੀਤ ਸਿੰਘ ਵੱਲੋਂ ਸਾਥ ਦਿੱਤਾ ਗਿਆ। ਮਿਊਜ਼ਿਕ ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਹੈਰੀ ਜਈ ਵੱਲੋਂ ਤਿਆਰ ਕੀਤਾ ਗਿਆ ਹੈ।



# ਸਾਥੀ ਸੇਖੋਂ 21 ਨੂੰ ਬੰਗਾ ਆਉਣਗੇ : ਨੂਰਪੁਰੀ

**ਨਵਾਂਸ਼ਹਿਰ, ਬੰਗਾ (ਮਨੋਜ ਲਾਡੀ, ਅਵਤਾਰ ਕਲੇਰ)** ਸੀ ਪੀ ਆਈ ਐਮ ਦੇ ਸੂਬਾ ਸਕੱਤਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ ਸਾਥੀ ਸੁਖਵਿੰਦਰ ਸਿੰਘ ਸੇਖੋਂ 21 ਅਪ੍ਰੈਲ ਨੂੰ 3 ਵਜੇ ਬੰਗਾ ਆਉਣਗੇ ਤੇ ਇਨਕਲਾਬੀ ਸੱਭਿਆਚਾਰ ਵਿਰਸਾ ਸੰਭਾਲ ਕੇਂਦਰ ਦਾ ਉਦਘਾਟਨ ਕਰਨਗੇ। ਸਾਥੀ ਰਾਮ ਸਿੰਘ ਨੂਰਪੁਰੀ ਨੇ ਦੱਸਿਆ ਹੈ ਕਿ ਕੇਂਦਰ ਵਿਚ ਪੁਰਾਣੇ ਇਨਕਲਾਬੀ ਕਲਾਕਾਰਾਂ ਦੇ ਸਾਜ ਅਤੇ ਫੋਟੋ ਲਾਏ ਹਨ। ਇਸ ਮੌਕੇ 'ਤੇ ਗਗਨਦੀਪ ਗਰਚਾ ਦੀ ਅਗਵਾਈ ਹੇਠ ਬੱਚੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ।

# ਸ੍ਰੀ ਨਿਸ਼ਾਨ ਸਾਹਿਬ ਚੜ੍ਹਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**—ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸੱਚਦੇਵਾ ਦੀ ਅਗਵਾਈ ਹੇਠ ਵਿਸਾਖੀ ਤੇ ਖਾਲਸਾ ਪੰਥ ਦੀ ਸਥਾਪਨਾ ਦਿਵਸ ਨੂੰ ਸਮਰਪਿਤ ਕਾਲਜ ਦੇ ਗੁਰਦੁਆਰੇ ਵਿਖੇ ਸ਼੍ਰੀ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਇਸ ਸਮੇਂ ਸਮੂਹ ਸੰਗਤ ਦੁਆਰਾ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕੀਤਾ ਗਿਆ। ਇਸ ਤੋਂ ਬਾਅਦ ਸਰਬੱਤ ਦੇ ਭਲੇ ਲਈ ਅਤੇ ਕਾਲਜ ਦੀ ਤਰੱਕੀ ਲਈ ਅਰਦਾਸ ਕੀਤੀ ਗਈ। ਹੁਕਮਨਾਮਾ ਲੈਣ ਤੋਂ ਬਾਅਦ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਮੌਕੇ 'ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ੀਤਲ ਸਿੰਘ ਸੰਘ.' ਪੰਜ ਸਿੰਘ ਸਾਹਿਬਾਨ, ਕਾਲਜ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ, ਕਾਲਜੀਏਟ ਪ੍ਰਿੰਸੀਪਲ ਮਿਸ ਕਰੁਣਾ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



# ਖ਼ੂਨਦਾਨ ਕੈਂਪ 21 ਨੂੰ ਲਗਾਇਆ ਜਾਵੇਗਾ : ਭੱਟੀ




**ਅੱਡਾ ਸਰਾਂ (ਜਸਵੀਰ ਕਾਜਲ)**- ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੋਸਾਇਟੀ ਗੜ੍ਹਦੀਵਾਲਾ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਨ ਨੂੰ ਸਮਰਪਿਤ 21ਵੇਂ ਸਾਲਾਨਾ ਸਮਾਰੋਹ ਦੌਰਾਨ ਟਰੱਕ ਯੂਨੀਅਨ ਨਜ਼ਦੀਕ ਗੁਰਸਹਿਜ ਈਵੈਂਟ ਪਲਾਨਰ ਦਫਤਰ ਗੜ੍ਹਦੀਵਾਲਾ ਵਿਖੇ 21 ਅਪ੍ਰੈਲ ਨੂੰ ਭਾਈ ਘਨ੍ਹਈਆ ਬਲੱਡ ਬੈਂਕ ਹੁਸ਼ਿਆਰਪੁਰ ਦੀ ਟੀਮ ਦੇ ਸਹਿਯੋਗ ਨਾਲ ਪਹਿਲਾ ਮਹਾਨ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੱਟੀ ਨੇ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਸਵੇਰੇ 10 ਵਜੇ ਤੋਂ 2 ਵਜੇ ਤੱਕ ਚਲੇਗਾ । ਇਸ ਕੈਂਪ ਨੂੰ ਲਗਾਉਣ ਵਿੱਚ ਇਲਾਕਾ ਨਿਵਾਸੀਆਂ, ਬਾਬਾ ਦੀਪ ਸਿੰਘ ਸੇਵਾ ਦਲ ਐਂਡ ਵੈਲਫੇਅਰ ਸੋਸਾਇਟੀ ਗੜ੍ਹਦੀਵਾਲਾ, ਭਾਈ ਘਨ੍ਹਈਆ ਜੀ ਸੇਵਾ ਸਿਮਰਨ ਐਂਡ ਵੈਲਫੇਅਰ ਸੋਸਾਇਟੀ ਡੱਫਰ, ਮਨਹੋਤਾ ਬਲੱਡ ਸੇਵਾ ਸੋਸਾਇਟੀ, ਟੀਮ ਚੰਗੇ ਕਰਮ ਪਿੰਡ ਪੰਨਵਾਂ,ਗੁਰੂ ਨਾਨਕ ਪਾਤਿਸ਼ਾਹ ਸੇਵਾ ਸੋਸਾਇਟੀ ਗੜ੍ਹਦੀਵਾਲਾ, ਮਾਨਵਤਾ ਸੇਵਾ ਸੋਸਾਇਟੀ ਟਾਂਡਾ ਵੱਲੋਂ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ।

ਇਸ ਮੌਕੇ ਮੀਤ ਪ੍ਰਧਾਨ ਲੈਕ. ਦਲਜੀਤ ਸਿੰਘ, ਸੂਬੇਦਾਰ ਬਚਨ ਸਿੰਘ ਕੁੱਲੀਆਂ, ਡਾ. ਬਲਜੀਤ ਸਿੰਘ, ਡਾ. ਮੁਹਿੰਦਰ ਕੁਮਾਰ ਮਲਹੋਤਰਾ, ਡਾ.ਹਰਦਿੰਦਰ ਦੀਪਕ, ਕੁਲਦੀਪ ਸਿੰਘ ਮਿੰਟੂ, ਗੁਰਜੀਤ ਸਿੰਘ ਸੌਰਵ, ਕੈਪ. ਕਸ਼ਮੀਰ ਸਿੰਘ, ਮੋਹਨ ਸਿੰਘ ਧੁੱਗਾ, ਮਲਕੀਤ ਸਿੰਘ ਬਾਹਗਾ, ਸਤਵਿੰਦਰ ਸਿੰਘ, ਬਹਾਦਰ ਜਗਦੀਸ਼ ਸਿੰਘ, ਜਸਪਾਲ ਸਿੰਘ ਬੇਰਸ਼ਾ, ਪ੍ਰਭਜੋਤ ਸਿੰਘ ਆਦਿ ਹਾਜ਼ਰ ਸਨ।

# ਵੋਟ ਦਾ ਸਹੀ ਇਸਤੇਮਾਲ ਕੀਤਾ ਜਾਵੇ : ਰਾਜੂ ਘੋਤੜਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

'ਵੋਟਾਂ ਦੇ ਆਉਂਦਿਆਂ ਹੀ ਸਿਆਸੀ ਗਲਿਆਰਿਆਂ ਵਿੱਚ ਹਲਚਲ ਮੱਚ ਜਾਂਦੀ ਹੈ। ਸਾਰੀਆਂ ਰਾਜਨੀਤਕ ਪਾਰਟੀਆਂ ਦੀਆਂ ਸਰਗਰਮੀਆਂ ਤੇਜ ਹੋ ਜਾਂਦੀਆਂ ਹਨ । ਨੇਤਾਵਾਂ ਵੱਲੋਂ ਪਾਰਟੀਆਂ ਦੀ ਅਦਲਾ ਬਦਲੀ ਸ਼ੁਰੂ ਹੋ ਜਾਂਦੀ ਹੈ । ਇੱਕ ਪਾਰਟੀ ਵਿੱਚ ਟਿਕਟ ਨਹੀਂ ਮਿਲਦੀ ਤਾਂ ਬਹੁਤੇ ਨੇਤਾ ਪਾਰਟੀ ਬਦਲ ਦਿੰਦੇ ਹਨ।' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਰਾਜੂ ਘੋਤੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਆਪਣੇ ਸਵਾਰਥ ਲਈ ਸਿਆਸੀ ਖੇਡਾਂ ਖੇਡਦੇ ਹਨ ਉਹਨਾਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਉਹਨਾਂ ਕਿਹਾ ਕਿ ਜੋ ਲੋਕ ਪੰਜਾਬ ਦੇ ਭਲੇ ਲਈ ਕੰਮ ਕਰ ਰਹੇ ਹਨ ਉਨ੍ਹਾਂ ਉਮੀਦਵਾਰਾਂ ਨੂੰ ਵੋਟ ਪਾਉਣੀ ਚਾਹੀਦੀ ਹੈ ਤਾਂ ਜੋ ਰੰਗਲੇ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਣਿਆ ਜਾਵੇ। ਉਹਨਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵੋਟ ਦਾ ਸਹੀ ਇਸਤੇਮਾਲ ਕੀਤਾ ਜਾਵੇ ਅਤੇ ਚੰਗੇ ਬੰਦਿਆਂ ਨੂੰ ਚੁਣ ਕੇ ਲੋਕ ਸਭਾ ਭੇਜਿਆ ਜਾਵੇ।



# ਅੱਖਾਂ ਦਾ ਮੁਫਤ ਚੈੱਕਅੱਪ ਤੇ ਅਪਰੇਸ਼ਨ ਕੈਂਪ ਲਗਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**

ਵਿਸਾਖੀ ਦਿਹਾੜੇ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੰਨ ਧੰਨ ਬਾਬਾ ਭਟੋਆ ਸਾਹਿਬ ਜੀ ਸ਼੍ਰੋਮਣੀ ਜੱਦੀ ਜਠੇਰੇ ਗੋਤ ਭਟੋਏ ਪਿੰਡ ਕਾਲਰਾ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਤੇ ਸਰਬੱਤ ਦੇ ਭਲੇ ਦੀ ਅਰਦਾਸ ਰਾਹੀਂ ਸੁਖਮਣੀ ਸਾਹਿਬ ਜੀ ਦਾ ਪਾਠ ਦਰਵਾਰ ਵਿਖੇ ਰਖਵਾਇਆ ਗਿਆ। ਸੂਬੇਦਾਰ ਬਲਦੇਵ ਸਿੰਘ ਕਾਲਰੇ ਵਾਲੇ ਜੱਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਸ਼ਬਦ ਨਾਲ ਜੋੜ ਕੇ ਨਿਹਾਲ ਕੀਤਾ ਗਿਆ।' ਸੰਗਤਾਂ ਲਈ ਚਾਹ ਪਕੌੜੇ ਤੇ ਲੰਗਰ ਦਾ ਖਾਸ ਪ੍ਰਬੰਧ ਵੀ ਕੀਤਾ ਗਿਆ। ਇਥੇ ਅੱਖਾਂ ਦਾ ਮੁਫਤ ਚੈੱਕਅਪ ਕੈਂਪ ਵੀ ਲਗਾਇਆ ਗਿਆ। ਕਮੇਟੀ ਪ੍ਰਧਾਨ ਬੂਟਾ ਸਿੰਘ ਨੇ ਦੱਸਿਆ ਕਿ ਬਾਬਾ ਭਟੋਆ ਸਾਹਿਬ ਪ੍ਰਬੰਧਕ ਕਮੇਟੀ ਅਤੇ ਹਮਸਫਰ ਯੂਥ ਕਲੱਬ ਦੀ ਰਹਿਨੁਮਾਈ ਹੇਠ ਅੱਖਾਂ ਦੇ ਚੈੱਕਅਪ ਕੈਂਪ ਦੌਰਾਨ 280 ਮਰੀਜਾਂ ਦੀਆਂ ਅੱਖਾਂ ਦੇ ਮੁਫਤ ਚੈਕਅਪ ਅਤੇ 18 ਮਰੀਜਾਂ ਦੇ ਅੱਖਾਂ ਦੇ ਮੁਫਤ ਆਪਰੇਸ਼ਨ ਅਤੇ ਲੈਂਸ ਸਿਵਲ ਹਸਪਤਾਲ ਜਲੰਧਰ ਡਾਕਟਰ ਗੁਰਪ੍ਰੀਤ ਕੌਰ ਆਈ ਸਰਜਕਲ ਸਪੈਸ਼ਲਿਸਟ ਐਸ ਐਮ ਓ ਆਈ ਮੋਬਾਈਲ ਯੂਨਿਟ ਸਿਵਲ ਸਰਜਨ ਜਲੰਧਰ ਵੱਲੋਂ ਕਰਵਾਏ ਗਏ। 280 ਮਰੀਜਾਂ ਦੇ ਸ਼ੂਗਰ ਤੇ ਥਾਇਰਾਇਡ ਟੈਸਟ ਮੁਫਤ ਕੀਤੇ ਗਏ। ਕਮਲ ਹੋਟਲ ਐਮ ਡੀ ਕਮ ਚੇਅਰਮੈਨ ਰਾਜ ਕਮਲ ਵੱਲੋਂ ਕੈਂਪ ਦੌਰਾਨ ਅੱਖਾਂ ਦੇ ਡਰੋਪਸ ਮੁਹੱਈਆ ਕਰਵਾਏ ਗਏ। ਇਸ ਮੌਕੇ ਸੋਹਣ ਸਿੰਘ ਸੁਖਦੇਵ ਸਿੰਘ ਜੋਗਿੰਦਰ ਸਿੰਘ ਖਾਲਸਾ ਬਾਬਾ ਬਲਵੰਤ ਸਿੰਘ ਗੁਰਦੇਵ ਸਿੰਘ ਮਦਨ ਲਾਲ ਹਰਬੰਸ ਸਿੰਘ ਸ਼ਿੰਗਾਰਾ ਰਾਮ ਰਾਮ ਸਿੰਘ ਗੁਰਮੀਤ ਸਿੰਘ ਮਦਨ ਲਾਲ ਮਾਸਟਰ ਸੀਤਲ ਸਿੰਘ ਰੋਹਿਤ ਭਟੋਆ ਪੂਨਮ ਭਟੋਆ ਸੋਹੁੰਗਣੀ ਭਟੋਆ ਕੁਲਤਾਰ ਭਟੋਆ ਗੁਰਪ੍ਰੀਤ ਬਸਰਾ ਰਣਜੀਤ ਕੌਰ ਡਾਕਟਰ ਅਸ਼ਵਨੀ ਕੁਮਾਰ ਮੌਜੂਦ ਸਨ।



# ਅਮਰੀਕਾ ਦਾ ਟੂਰਿਸਟ ਵੀਜ਼ਾ ਮੇਲਾ ਅੱਜ ਤੋਂ

**ਸੁਲਤਾਨਪੁਰ ਲੋਧੀ,( ਬਲਵਿੰਦਰ ਸਿੰਘ ਧਾਲੀਵਾਲ)** -ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਭੇਜਣ ਦੇ ਸੁਪਨੇ ਸਾਕਾਰ ਕਰਨ ਵਾਲੀ ਕੰਪਨੀ ਰਾਇਲ ਟਰੈਵਲਜ ਵੱਲੋਂ ਅਮਰੀਕਾ ਦਾ ਟੂਰਿਸਟ ਵੀਜਾ ਮੇਲਾ 19,20 ਅਤੇ 21 ਅਪ੍ਰੈਲ ਨੂੰ ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਲਾਇਆ ਜਾ ਰਿਹਾ ਹੈ। ਐਮ.ਡੀ ਅਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਹੁਣ ਅਮਰੀਕਾ ਦੇ ਟੂਰਿਸਟ ਵੀਜੇ ਲਈ ਤੁਹਾਨੂੰ ਕੋਈ ਪੁਰਾਣੇ ਫੰਡ ਦਿਖਾਉਣ ਦੀ ਲੋੜ ਨਹੀਂ ਹੈ ਅਤੇ ਨਾ ਹੀ ਕਾਗਜੀ ਕਾਰਵਾਈ ਹੋਵੇਗੀ। ਹੁਣ ਉਮਰ ਹੱਦ ਦੀ ਸ਼ਰਤ ਵੀ ਹਟਾ ਦਿੱਤੀ ਗਈ ਹੈ। ਇੰਗਲੈਂਡ ਦਾ ਟੂਰਿਸਟ ਵੀਜਾ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ । ਉਵਰਆਲ 6 ਬੈਂਡ 'ਤੇ ਤੁਸੀਂ ਕੈਨੇਡਾ ਦਾ ਸਟੱਡੀ ਵੀਜਾ ਪ੍ਰਾਪਤ ਕਰ ਸਕਦੇ ਹੋ। ਸੈਨੇਗਨ ਵਿੱਚ ਦੋ ਹੋਰ ਦੇਸ਼ਾਂ ਨੂੰ ਸ਼ਾਮਿਲ ਕਰ ਲਿਆ ਹੈ ਗਿਆ ਹੈ। ਜੇਕਰ ਤੁਹਾਡੇ ਕੋਲ ਇੱਕ ਸੈਨੇਗਨ ਦੇਸ਼ ਦਾ ਵੀਜਾ ਹੈ ਤਾਂ ਤੁਸੀਂ ਪੂਰੇ 29 ਦੇਸ਼ਾਂ ਵਿੱਚ ਇੱਕ ਹੀ ਵੀਜੇ 'ਤੇ ਘੁੰਮ ਸਕਦੇ ਹੋ। ਵੀਜਾ ਮਾਹਿਰ ਐਸ.ਪੀ.ਸਿੰਘ ਹੈਪੀ ਨੇ ਦੱਸਿਆ ਕਿ ਭਾਵੇਂ ਤੁਹਾਡੇ ਪਾਸਪੋਰਟ ਦੀ ਮਿਆਦ 1 ਸਾਲ ਹੀ ਰਹਿੰਦੀ ਹੋਵੇ,ਪਰ ਅਮਰੀਕਾ ਅੰਬੈਸੀ ਵੱਲੋਂ ਤੁਹਾਨੂੰ 10 ਦਾ ਹੀ ਵੀਜਾ ਦਿੱਤਾ ਜਾਵੇਗਾ ।



# ਰਿਆਤ ਬਾਹਰਾ 'ਵਰਸਿਟੀ ਵਿਖੇ ਬਾਇਓਮੈਡ ਲੈਬ ਸਾਇੰਸ ਦਿਵਸ ਸੰਬੰਧੀ ਸਮਾਗਮ



**ਕੁਰਾਲੀ (ਮੋਹਨ ਅਗਰਵਾਲ)**

ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਬਾਇਓਮੈਡੀਕਲ ਲੈਬਾਰਟਰੀ ਸਾਇੰਸ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਸਾਬਕਾ ਡੀਨ-ਕਮ ਮੁਖੀ ਪੈਰਾਸਿਟੋਲੋਜੀ ਵਿਭਾਗ, ਪੀਜੀਆਈਐਮਈਆਰ, ਚੰਡੀਗੜ੍ਹ, ਡਾ. ਰਾਕੇਸ਼ ਸਹਿਗਲ, ਜੋ ਵਰਤਮਾਨ ਵਿੱਚ ਅਰੁਪਦਾਈ ਵੀਡੂ, ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਮਾਈਕ੍ਰੋਬਾਇਓਲੋਜੀ ਦੇ ਡੀਨ ਅਤੇ ਪ੍ਰੋਫੈਸਰ ਵਜੋਂ ਕੰਮ ਕਰ ਰਹੇ ਹਨ, ਦੁਆਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਉਤਸਾਹਜਨਕ ਹੈ ਕਿ ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ-ਨਾਲ ਨਾ ਸਿਰਫ ਰਾਸ਼ਟਰੀ ਸਮਾਗਮਾਂ ਨੂੰ ਮਨਾਉਣ ਸਗੋਂ ਸਿਹਤ ਸੰਭਾਲ ਸਿਸਟਮ ਬਾਰੇ ਜਾਗਰੂਕਤਾ ਫੈਲਾਉਣ ਲਈ ਅੰਤਰਰਾਸ਼ਟਰੀ ਦਿਵਸ ਵੀ ਮਨਾਉਣ ਲਈ ਚਿੰਤਤ ਹੈ। ਡਾ: ਰਾਕੇਸ਼ ਸਹਿਗਲ ਨੇ ਕਿਹਾ ਕਿ ਬਾਇਓਮੈਡੀਕਲ ਲੈਬਾਰਟਰੀ ਟੈਕਨਾਲੋਜਿਸਟ ਅਤੇ ਵਿਗਿਆਨੀ ਸਿਹਤ ਸੰਭਾਲ ਵਿੱਚ ਗੁਣਵੱਤਾ ਅਤੇ ਰੋਗੀ ਦੀ ਸੁਰੱਖਿਆ ਲਈ ਲਾਜਮੀ ਯੋਗਦਾਨ ਪਾਉਂਦੇ ਹਨ ਜੋ ਸਹੀ ਅਤੇ ਭਰੋਸੇਮੰਦ ਲੈਬਾਰਟਰੀ ਟੈਸਟਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਦੇ ਹਨ ਜੋ ਕਿ ਮਰੀਜਾਂ ਦੀ ਪ੍ਰਭਾਵਸਾਲੀ ਦੇਖਭਾਲ ਲਈ ਜਰੂਰੀ ਸਨ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਬਾਇਓਮੈਡੀਕਲ ਲੈਬਾਰਟਰੀ ਟੈਕਨੋਲੋਜਿਸਟ ਅਤੇ ਵਿਗਿਆਨੀ ਅਸਲ ਵਿੱਚ ਸਿਹਤ ਸੰਭਾਲ ਵਿੱਚ ਗੁਣਵੱਤਾ ਅਤੇ ਮਰੀਜਾਂ ਦੀ ਸੁਰੱਖਿਆ ਦੇ ਰਖਵਾਲੇ ਹੁੰਦੇ ਹਨ। ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸ ਦੇ ਡੀਨ ਡਾ ਪੰਕਜ ਕੌਲ ਨੇ ਦੱਸਿਆ ਕਿ ਇਸ ਸਮਾਗਮ ਵਿੱਚ 150 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਆਰਬੀਯੂ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ, ਅਕਾਦਮਿਕ ਦੇ ਡੀਨ ਡਾ: ਸਤੀਸ ਬਾਂਸਲ, ਡਾ: ਲਲਿਤ ਕੇ ਗੁਪਤਾ ਅਤੇ ਡਾ: ਐਸ ਕੋਲੀ, ਐਸੋਸੀਏਟ ਡੀਨ ਵੀ ਹਾਜਰ ਸਨ।

# ਗੁਰਦੁਆਰਾ ਭਗਤ ਧੰਨਾ ਦੀ ਨਵੀਂ ਇਮਾਰਤ ਦੀ ਉਸਾਰੀ ਦੀ ਅਰੰਭਤਾ ਭਲਕੇ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਭਗਤ ਧੰਨਾ ਜੀ ਚੈਰੀਟੇਬਲ ਟਰੱਸਟ ਵੱਲੋਂ ਬਾਬਾ ਜੈ ਸਿੰਘ ਵੱਲੋਂ ਅਰੰਭੇ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਨਕੋਦਰ ਤੋਂ ਮੱਲੀਆਂ ਰੋਡ 'ਤੇ ਪਿੰਡ ਜਹਾਂਗੀਰ ਦੇ ਅੱਡੇ ਉੱਤੇ ਗੁਰਦੁਆਰਾ ਸਾਹਿਬ ਭਗਤ ਧੰਨਾ ਜੀ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ 20 ਅਪ੍ਰੈਲ ( 8 ਵੈਸਾਖ) ਨੂੰ ਆਰੰਭ ਕੀਤਾ ਜਾਵੇਗਾ। ਇਸ ਸਥਾਨ 'ਤੇ ਇਲਾਕਾ ਵਾਸੀਆਂ ਦੀ ਇਕੱਤਰਤਾ ਕੀਤੀ ਜਾਵੇਗੀ। ਸਵੇਰੇ ਵੇਲੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਸੰਤ ਕੁਲਵਿੰਦਰ ਸਿੰਘ ਟੁੱਟ ਕਲਾਂ ਵਾਲਿਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਆਰੰਭਤਾ ਦੀ ਅਰਦਾਸ ਕੀਤੀ ਜਾਵੇਗੀ ਅਤੇ ਕਾਰ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ। ਗੌਰਤਲਬ ਹੈ ਕਿ ਪਿਛਲੇ ਦਿਨੀਂ ਸੰਤ ਬਾਬਾ ਲੀਡਰ ਸਿੰਘ ਦੇ ਸੇਵਾਦਾਰ ਸੰਤ ਹੀਰਾ ਸਿੰਘ ਟਾਹਲੀ ਸਾਹਿਬ ਵਾਲਿਆਂ ਨੇ ਨੀਂਹ ਪੱਥਰ ਰੱਖਿਆ ਸੀ। ਟਰੱਸਟ ਦੇ ਮੈਂਬਰਾਂ ਨੇ ਦੱਸਿਆ ਕਿ ਸੰਤ ਕੁਲਵਿੰਦਰ ਸਿੰਘ ਟੁੱਟ ਕਲਾਂ ਵਾਲਿਆਂ ਵੱਲੋਂ ਟੱਕ ਲਗਾ ਕੇ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ। ਨਵੀਂ ਇਮਾਰਤ 'ਤੇ ਇੱਕ ਕਰੋੜ ਦੇ ਕਰੀਬ ਰਾਸ਼ੀ ਖਰਚ ਹੋਵੇਗੀ। ਇਸ ਮੌਕੇ ਤੇਜਾ ਸਿੰਘ ਸਪੁੱਤਰ ਬਾਬਾ ਜੈ ਸਿੰਘ, ਬਲਕੀਸ ਮਹੁੰਮਦ ਬੱਗਾ ਸਰਪੰਚ, ਬਲਵਿੰਦਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਬਾਸੀ, ਸੁਰਜੀਤ ਸਿੰਘ ਬਿੱਟਾ, ਗੁਰਪ੍ਰੀਤ ਸਿੰਘ ਬਾਸੀ ਨੰਬਰਦਾਰ, ਐਡਵੋਕੇਟ ਜਸਵੰਤ ਸਿੰਘ ਬਲੱਗਣ, ਕੁਲਵਿੰਦਰ ਸਿੰਘ ਕਿੰਦਾ ਉੱਗੀ, ਆਗਿਆਕਾਰ ਸਿੰਘ ਔਜਲਾ, ਜੱਥੇਦਾਰ ਹਰਜਿੰਦਰ ਸਿੰਘ ਜਹਾਂਗੀਰ ਆਦਿ ਹਾਜਰ ਸਨ।

# ਬਸਪਾ ਤੇ ਕਾਂਗਰਸ ਇਕ ਸੀਟ ਬਾਬਾ ਸਾਹਿਬ ਅੰਬੇਡਕਰ ਲਈ ਛੱਡ ਦੇਣ : ਭੈਣ ਸੰਤੋਸ਼ ਕੁਮਾਰੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪੋਤੇ ਭੀਮ ਰਾਓ ਜਸਵੰਤ ਰਾਓਂ ਅੰਬੇਡਕਰ ਉਮੀਦਵਾਰ ਲੋਕ ਸਭਾ ਹੁਸ਼ਿਆਰਪੁਰ ਦੇ ਦਫਤਰ ਦਾ ਉਦਘਾਟਨ ਮੁਹੱਲਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਓਮ ਪ੍ਰਕਾਸ਼ ਇੰਦਲ ਇੰਚਾਰਜ ਨੌਰਥ ਇੰਡੀਆ, ਪੰਜਾਬ ਪ੍ਰਭਾਰੀ ਪ੍ਰਬੁੱਧ ਰਿਪਬਲਿਕਨ ਪਾਰਟੀ ਨੇ ਕੀਤਾ। ਇਸ ਮੌਕੇ ਸੰਤੋਸ਼ ਕੁਮਾਰੀ ਪੰਜਾਬ ਪ੍ਰਧਾਨ, ਬਲਦੇਵ ਕਥਨੂਰ ਉਪ ਪ੍ਰਧਾਨ, ਰੇਸ਼ਮ ਸਿੰਘ ਕਾਹਲੋਂ, ਸਤਨਾਮ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਪਾਰਟੀ ਇਕ ਲੋਕ ਸਭਾ ਹੁਸ਼ਿਆਰਪੁਰ ਦੀ ਸੀਟ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਨਾਂਅ ਤੇ ਉਨ੍ਹਾਂ ਦੇ ਪਰਵਾਰ ਲਈ ਛੱਡ ਦੇਣ । ਅਸੀਂ ਇਹ ਸੀਟ ਵੱਡੀ ਲੀਡ ਨਾਲ ਜਿੱਤ ਕੇ ਬਾਬਾ ਸਾਹਿਬ ਅੰਬੇਡਕਰ ਦੀਆਂ ਕੀਤੀਆਂ ਸਮਾਜ ਲਈ ਮਹਾਨ ਕੁਰਬਾਨੀਆਂ ਨੂੰ ਸਮਰਪਿਤ ਕਰਾਂਗੇ। ਉਨਾਂ ਕਿਹਾ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਬਚਾਉਣ ਲਈ ਬਹੁਜਨ ਸਮਾਜ ਨੂੰ ਇਕ ਇਕ ਵੋਟ ਬਾਬਾ ਸਾਹਿਬ ਅੰਬੇਡਕਰ ਸਾਹਿਬ ਦੇ ਪੋਤੇ ਨੂੰ ਪਾਉਣੀ ਚਾਹੀਦੀ ਹੈ ।

# ਬੱਚੀ ਦੀ ਪੜ੍ਹਾਈ ਲਈ ਪੂਰੇ ਸਾਲ ਦੀ ਫੀਸ ਭੇਟ



**ਫਗਵਾੜਾ, (ਜਸਵਿੰਦਰ ਢੱਡਾ)**

ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਵੱਲੋਂ ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਇੱਕ ਲੋੜਵੰਦ ਪਰਵਾਰ ਨੂੰ ਬੱਚੀ ਦੀ ਪੜ੍ਹਾਈ ਲਈ ਪੂਰੇ ਸਾਲ ਦੀ ਫੀਸ ਭੇਂਟ ਕੀਤੀ ਗਈ। ਕਲੱਬ ਦੇ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਇਹ ਪਰਵਾਰ ਆਰਥਿਕ ਤੰਗੀ ਦਾ ਸ਼ਿਕਾਰ ਹੈ। ਪਰਵਾਰ ਦੀ ਹੋਣਹਾਰ ਲੜਕੀ ਇੱਕ ਪ੍ਰਾਈਵੇਟ ਸਕੂਲ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਹੈ। ਵਿਦਿਆਰਥਣ ਦਾ ਪਰਵਾਰ ਉਸ ਨੂੰ ਪ੍ਰਾਈਵੇਟ ਸਕੂਲ ਵਿੱਚੋਂ ਹਟਾ ਕੇ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਉਣਾ ਚਾਹੁੰਦਾ ਸੀ। ਇਸ ਸਬੰਧੀ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਸਕੂਲ ਪ੍ਰਬੰਧਕਾਂ ਨਾਲ ਗੱਲ ਕੀਤੀ। ਜਿਹਨਾਂ ਨੇ ਦੱਸਿਆ ਕਿ ਇਹ ਲੜਕੀ ਪੜ੍ਹਾਈ ਵਿਚ ਕਾਫੀ ਹੁਸ਼ਿਆਰ ਹੈ। ਪਿਛਲੇ ਸਾਲ ਵੀ ਇੱਕ ਐਨ.ਜੀ.ਓ ਨੇ ਪੜ੍ਹਾਈ ਦਾ ਖਰਚਾ ਚੁੱਕਿਆ ਸੀ। ਉਨ੍ਹਾਂ ਦੱਸਿਆ ਕਿ ਇਸ ਸਾਲ ਕਲੱਬ ਵੱਲੋਂ ਲੜਕੀ ਦੀ ਸਾਲ ਭਰ ਦੀ ਫੀਸ ਪਰਵਾਰ ਨੂੰ ਸੌਂਪ ਦਿੱਤੀ ਗਈ ਹੈ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ ਅਤੇ ਲਾਇਨ ਤਜਿੰਦਰ ਬਾਵਾ ਨੇ ਕਲੱਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਪਰਿਵਾਰ ਦੀ ਧੀ ਪੜ੍ਹ-ਲਿਖ ਜਾਵੇ ਤਾਂ ਉਹ ਇਕ ਹੋਰ ਪਰਿਵਾਰ ਨੂੰ ਸਾਖਰ ਬਣਾ ਸਕਦੀ ਹੈ। ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਸੰਜੀਵ ਲਾਂਬਾ, ਖਜ਼ਾਨਚੀ ਲਾਇਨ ਜੁਗਲ ਬਵੇਜਾ, ਪੀ.ਆਰ.ਓ. ਸੁਮਿਤ ਭੰਡਾਰੀ, ਲਾਇਨ ਵਿਪਨ ਠਾਕੁਰ, ਵਿਜੇ ਅਰੋੜਾ ਆਦਿ ਹਾਜ਼ਰ ਸਨ।

# ਵੋਟਰ ਜਾਗਰੂਕਤਾ ਮੈਰਾਥਨ 'ਚ ਵੱਡੀ ਗਿਣਤੀ 'ਚ ਮਹਿਲਾ ਵੋਟਰਾਂ ਹੋਈਆਂ ਸ਼ਾਮਲ

**ਮੋਹਾਲੀ, (ਗੁਰਜੀਤ ਬਿੱਲਾ)**

ਮੋਹਾਲੀ ਪ੍ਰਸ਼ਾਸਨ ਵੱਲੋਂ ਵੋਟਰ ਜਾਗਰੂਕਤਾ ਮੁਹਿੰਮ ਵਿੱਚ ਵੱਧ ਤੋਂ ਵੱਧ ਵੋਟਰਾਂ ਨੂੰ ਸ਼ਾਮਲ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਸ ਸਮੇਂ ਫਲ ਮਿਲਿਆ ਜਦੋਂ 400 ਦੇ ਕਰੀਬ ਮਹਿਲਾ ਵੋਟਰਾਂ ਨੇ ਸਪੋਰਟਸ ਕੰਪਲੈਕਸ, ਸੈਕਟਰ-78, ਮੋਹਾਲੀ ਤੋਂ ਸ਼ੁਰੂ ਹੋਣ ਵਾਲੀ ਮਹਿਲਾ ਮੈਰਾਥਨ ਲਈ ਭਾਗ ਲਿਆ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਘੱਟੋ-ਘੱਟ 80 ਫੀਸਦੀ ਵੋਟਿੰਗ ਦਾ ਮੁੱਢਲਾ ਟੀਚਾ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ, ਸਾਡੇ ਕੋਲ ਐਸ.ਏ.ਐਸ.ਨਗਰ ਜ਼ਿਲ੍ਹੇ ਵਿੱਚ ਕੁੱਲ 7,93,465 ਵੋਟਰ ਹਨ, ਜਿਨ੍ਹਾਂ ਵਿੱਚੋਂ ਮਰਦਾਂ ਦਾ ਯੋਗਦਾਨ 4,16,704, ਔਰਤਾਂ 3,77,625 ਅਤੇ ਟਰਾਂਸ-ਜੈਂਡਰ 36 ਹਨ। ਉਨ੍ਹਾਂ ਅੱਗੇ ਕਿਹਾ ਕਿ ਔਰਤ ਵੋਟਰਾਂ ਦੇ ਮਤਦਾਨ ਦੀ ਵੱਡੀ ਗਿਣਤੀ ਹੋ ਸਕਦੀ ਹੈ, ਜੇਕਰ ਉਹਨਾਂ ਨੂੰ ਲਾਮਬੰਦ ਕਰਕੇ ਪ੍ਰੇਰਿਤ ਕੀਤਾ ਜਾਵੇ। ਸਮਾਗਮ, ਮਹਿਲਾ ਮੈਰਾਥਨ, ਸਵੀਪ (ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟਰਜ਼ ਪਾਰਟੀਸੀਪੇਸ਼ਨ) ਦੇ ਤਹਿਤ ਨਿਰਧਾਰਤ ਗਤੀਵਿਧੀਆਂ ਦਾ ਹਿੱਸਾ ਸੀ ਤਾਂ ਜੋ ਉਨ੍ਹਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕੀਤੀ ਜਾ ਸਕੇ, ਜਿਸ ਨਾਲ ਦੂਜੀਆਂ ਔਰਤਾਂ ਨੂੰ ਸੰਦੇਸ਼ ਦਿੱਤਾ ਜਾ ਸਕੇ, ਜੋ ਮੈਰਾਥਨ ਦਾ ਹਿੱਸਾ ਨਹੀਂ ਸਨ ਤਾਂ ਜੋ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਲੋਕਤੰਤਰ ਨੂੰ ਮਜ਼ਬੂਤ ??ਕਰਨ ਲਈ 01 ਜੂਨ, 2024 ਨੂੰ ਪੋਲਿੰਗ ਬੂਥਾਂ 'ਤੇ ਪਹੁੰਚ ਕੇ ਆਪਣਾ ਵੋਟ ਪਾ ਸਕਣ। ਐਸ ਡੀ ਐਮ ਦੀਪਾਂਕਰ ਗਰਗ ਨੇ ਕਿਹਾ ਕਿ ਮੈਰਾਥਨ ਦੇ 100 ਪਹਿਲੇ ਜੇਤੂਆਂ ਨੂੰ ਆਉਣ ਵਾਲੇ ਦਿਨਾਂ ਵਿੱਚ ਫਿਲਮਾਂ ਦੀਆਂ ਟਿਕਟਾਂ ਦਿੱਤੀਆਂ ਜਾਣਗੀਆਂ। ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੋਹਾਣਾ ਦੀਆਂ ਵਿਦਿਆਰਥਣਾਂ ਨੇ ਲੋਕਤੰਤਰ ਦੇ ਤਿਉਹਾਰ ਮੌਕੇ ਵੋਟਾਂ ਨਾਲ ਸਬੰਧਤ ਵਿਸ਼ੇਸ਼ ਬੋਲੀਆਂ ਰਾਹੀਂ ਲੋਕ ਨਾਚ ਗਿੱਧਾ ਪੇਸ਼ ਕੀਤਾ। ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਖੇਤਰੀ ਮੈਨੇਜਰ ਰੋਹਿਤ ਕੱਕੜ ਅਤੇ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਐਮ ਕੇ ਭਾਰਦਵਾਜ ਦੀ ਅਗਵਾਈ ਵਿੱਚ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।




# ਸਕੂਲੀ ਡਰਾਈਵਰਾਂ ਤੇ ਹੈਲਪਰਾਂ ਲਈ ਜਾਗਰੂਕਤਾ ਕੈਂਪ ਲਗਾਇਆ

**ਫਿਲੌਰ, (ਨਿਰਮਲ)**- ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅਟੀ ਦੇ ਸਕੂਲੀ ਬੱਸ ਡਰਾਇਵਰਾਂ ਅਤੇ ਹੈਲਪਰ ਵੀਰਾਂ ਨੂੰ "ਸੇਫ ਸਕੂਲ ਵਾਹਨ ਯੋਜਨਾ" ਬਾਰੇ ਜਾਗਰੂਕ ਕੀਤਾ ਗਿਆ। ਡਰਾਇਵਰ ਵੀਰਾਂ ਨੂੰ ਨਸ਼ਾ ਨਾ ਕਰਕੇ ਗੱਡੀ ਚਲਾਉਣ ਦੀ ਹਦਾਇਤ ਦਿੱਤੀ ਗਈ ਅਤੇ ਸੀਟ ਬੈਲਟ ਦੀ ਵਰਤੋਂ ਕਰਨ, ਸਕਿਉਰਟੀ ਨੰਬਰ ਪਲੇਟਾਂ ਲਗਵਾਉਣ ਅਤੇ ਓਵਰ ਸਪੀਡ ਵਹੀਕਲ ਨਾ ਚਲਾਉਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਲੇਨ ਡਰਾਈਵਿੰਗ ਸੰਬੰਧੀ, ਵਹੀਕਲਾਂ ਦੇ ਦਸਤਾਵੇਜ ਪੂਰੇ ਰੱਖਣ ਸਬੰਧੀ ਜਾਗਰੂਕ ਕੀਤਾ ਗਿਆ। ਟਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸ ਆਈ ਸੁਖਜਿੰਦਰ ਸਿੰਘ ਨੇ ਡਰਾਇਵਰ ਵੀਰਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਹੈੱਡ ਕਾਂਸਟੇਬਲ ਜਸਵੀਰ ਸਿੰਘ ਟਰੈਫਿਕ ਐਜੂਕੇਸ਼ਨ ਸੈਲ ਜਲੰਧਰ ਦਿਹਾਤੀ, ਪ੍ਰਿੰਸੀਪਲ ਬਲਜਿੰਦਰ ਕੁਮਾਰ, ਸੰਦੀਪ ਕੌਰ, ਐਮ ਡੀ ਸੁਖਦੀਪ ਸਿੰਘ , ਸੰਗੀਤਾ ਅਤੇ ਅਧਿਆਪਕ ਹਾਜਰ ਸਨ ।



# ਕਰਮਜੀਤ ਅਨਮੋਲ ਦੀ ਜਿੱਤ ਨਾਲ ਹਲਕੇ ਦਾ ਦੋਹਰਾ ਹੋਵੇਗਾ ਵਿਕਾਸ : ਕੁਲਤਾਰ ਸੰਧਵਾਂ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**-ਦੇਸ਼ ਦੀ ਆਜਾਦੀ ਦੇ 75 ਸਾਲਾਂ ਬਾਅਦ ਪੰਜਾਬ ਵਿੱਚ ਪਹਿਲੀ ਵਾਰ ਆਮ ਲੋਕਾਂ ਲਈ ਬਣੀ ਪਾਰਟੀ 'ਆਪ' ਵੱਲੋਂ ਸੱਤਾ ਸੰਭਾਲਦਿਆਂ ਹੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਆਮ ਨਾਗਰਿਕ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੂਰ ਕਰਨ ਲਈ ਸ਼ੁਰੂ ਕੀਤੀਆਂ ਸਕੀਮਾਂ, ਵਿਕਾਸ ਕਾਰਜਾਂ ਅਤੇ ਲੋਕਾਂ ਦੀਆਂ ਸਹੂਲਤਾਂ ਦੇ ਮੱਦੇਨਜ਼ਰ ਵੱਖ ਵੱਖ ਰਵਾਇਤੀ ਪਾਰਟੀਆਂ ਦੇ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ ਹੈ।

'ਆਪ' ਉਮੀਦਵਾਰ ਕਰਮਜੀਤ ਅਨਮੋਲ ਦੀ ਚੋਣ ਮੁਹਿੰਮ ਸਬੰਧੀ ਨੇੜਲੇ ਪਿੰਡ ਸਿਰਸੜੀ ਵਿਖੇ ਨੁੱਕੜ ਮੀਟਿੰਗ ਨੂੰ ਸੰਬੋਧਨ ਕਰਨ ਮੌਕੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਆਖਿਆ ਕਿ ਲੋਕ ਹੁਣ ਰਵਾਇਤੀ ਪਾਰਟੀਆਂ ਦੇ ਲੱਛੇਦਾਰ ਭਾਸ਼ਣਾਂ ਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਅੱਕ ਚੁੱਕੇ ਹਨ, ਜਿਸ ਕਰਕੇ ਲੋਕਾਂ ਨੇ ਉਨ੍ਹਾਂ ਰਵਾਇਤੀ ਪਾਰਟੀਆਂ ਤੋਂ ਕਿਨਾਰਾਕਸ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ।ਆਪੋ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਗੁਰਮੀਤ ਸਿੰਘ ਢਿੱਲੋਂ, ਸੁਖਦੀਪ ਸਿੰਘ ਅਤੇ ਨਿਰਭੈ ਸਿੰਘ ਨੇ ਦੱਸਿਆ ਕਿ ਉਹ ਕੁਲਤਾਰ ਸਿੰਘ ਸੰਧਵਾਂ ਦੀ ਹਰ ਤਰਾਂ ਦੀ ਸਿਆਸੀ ਧੜੇਬੰਦੀ ਤੋਂ ਉੱਪਰ ਉੱਠ ਕੇ ਨਿਮਰਤਾ ਨਾਲ ਹਰ ਇਕ ਦੀ ਸਮੱਸਿਆ ਦੂਰ ਕਰਨ ਵਾਲੀ ਸ਼ਖਸ਼ੀਅਤ ਕਰਕੇ ਹੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਸਪੀਕਰ ਦੇ ਅਹੁਦੇ 'ਤੇ ਪਹੁੰਚਣ ਦੇ ਬਾਵਜੂਦ ਵੀ ਕੁਲਤਾਰ ਸਿੰਘ ਸੰਧਵਾਂ ਜਮੀਨ ਨਾਲ ਜੁੜੇ ਹੋਏ ਹਨ ਅਤੇ ਹਰ ਇਕ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਹਨ। ਕਰਮਜੀਤ ਅਨਮੋਲ ਨੇ ਨਵੇਂ ਸ਼ਾਮਲ ਹੋਏ ਪਰਵਾਰਾਂ ਨੂੰ ਜੀ ਆਇਆਂ ਆਖਦਿਆਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਅੰਦਰ ਬਣਦਾ ਮਾਣ-ਸਨਮਾਨ ਮਿਲੇਗਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਇੰਜੀ. ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਫ਼ਰੀਦਕੋਟ, ਸੁਖਵੰਤ ਸਿੰਘ ਸਰਾਂ ਜਿਲਾ ਯੂਥ ਪ੍ਰਧਾਨ, ਗੁਰਮੀਤ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਐਡਵੋਕੇਟ ਬਾਬੂ ਲਾਲ, ਸਤਪਾਲ ਸ਼ਰਮਾ, ਅਜੀਤ ਸਿੰਘ, ਬਲਜੀਤ ਸਿੰਘ ਸੰਧੂ, ਸੁਖਦੇਵ ਸਿੰਘ ਪਦਮ, ਸੁਤੰਤਰ ਜੋਸ਼ੀ, ਸਵਰਨ ਸਿੰਘ ਵਿਰਦੀ, ਮਨੋਜ ਕੁਮਾਰ, ਅਸ਼ੋਕ ਗੋਇਲ ਪ੍ਰਧਾਨ, ਅਰੁਣ ਚਾਵਲਾ, ਸ਼ਮਸ਼ੇਰ ਸਿੰਘ ਰਾਜੂ, ਕਲਿਆਣ, ਬਨਾਰਸੀ ਦਾਸ ਸ਼ਰਮਾ, ਦਿਲਬਾਗ ਸਿੰਘ ਚਾਹਲ, ਤੇਜ ਸਿੰਘ ਸਰਪੰਚ ਢਾਬ, ਪਰਮਿੰਦਰ ਸਿੰਘ ਲੁੱਧੜ, ਗੁਰਮੀਤ ਸਿੰਘ ਪੱਪੂ, ਮਨਜੀਤ ਸ਼ਰਮਾ, ਅਰੁਣ ਸਿੰਗਲਾ, ਮਿਹਰ ਸਿੰਘ ਚੰਨੀ, ਹਰਪ੍ਰੀਤ ਸਿੰਘ ਮੁਹਾਰ, ਪੰਡਤ ਬਿੰਦਰ ਪ੍ਰਧਾਨ, ਗੁਰਟੇਕ ਸਿੰਘ ਸਿੱਧੂ, ਰਾਜਨ ਪ੍ਰਧਾਨ, ਰਮੇਸ਼ ਕੁਮਾਰ ਰਾਜੂ, ਜਗਦੀਪ ਸਿੰਘ ਸਿਰਸੜੀ, ਗੱਗੀ ਸਿਰਸੜੀ, ਦਰਸ਼ਨ ਸਿੰਘ ਅਨੋਖਪੁਰਾ, ਗੁਰਜੰਟ ਸਿੰਘ ਖਾਲਸਾ, ਪ੍ਰਿੰਸ ਬਹਿਲ, ਪਿੰਦਰ ਗਿੱਲ, ਨਰੇਸ਼ ਸਿੰਗਲਾ, ਅਸ਼ੋਕ ਠੇਕੇਦਾਰ, ਮੋਹਿਤ ਸਿੰਗਲਾ, ਨਰਿੰਦਰ ਰਾਠੌੜ, ਕੌਰ ਸਿੰਘ ਸੰਧੂ, ਜਗਜੀਤ ਸਿੰਘ ਸੁਪਰਡੈਂਟ ਤੇ ਕਾਕਾ ਬਰਾੜ ਖਾਰਾ ਆਦਿ ਵੀ ਹਾਜ਼ਰ ਸਨ।

# ਮੰਤਰੀ ਲਾਲਜੀਤ ਭੁੱਲਰ ਵੱਲੋਂ ਰਾਮਗੜ੍ਹੀਆ ਬਰਾਦਰੀ ਖਿਲਾਫ਼ ਗ਼ਲਤ ਸ਼ਬਦਾਵਲੀ ਵਰਤਣ 'ਤੇ ਰੋਸ ਜ਼ਾਹਰ



**ਜਗਰਾਉਂ (ਸੰਜੀਵ ਅਰੋੜਾ)** ਰਾਮਗੜ੍ਹੀਆ ਵੈਲਫੇਅਰ ਕੌਂਸਲ ਦੀ ਹੰਗਾਮੀ ਮੀਟਿੰਗ ਗੁਰਦੁਆਰਾ ਵਿਸ਼ਵਕਰਮਾ ਮੰਦਰ ਦੇ ਮੀਟਿੰਗ ਹਾਲ 'ਚ ਹੋਈ, ਜਿਸ 'ਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਵਰਤੀ ਗਈ ਭੱਦੀ ਸ਼ਬਦਾਵਲੀ, ਜੋ ਚੋਣ ਪ੍ਰਚਾਰ ਕਰਦੇ ਹੋਏ ਉਨ੍ਹਾਂ ਨੇ ਰਾਮਗੜ੍ਹੀਆ ਬਰਾਦਰੀ, ਜੋ ਸਤਿਕਾਰਤ ਕੌਮ ਨੂੰ ਗੁੱਲੀਘਰ ਭਾਈਚਾਰਾ ਕਹਿ ਕੇ ਸੰਬੋਧਨ ਕੀਤਾ ਗਿਆ, ਉਹ ਇੱਥੇ ਹੀ ਨਹੀਂ ਰੁਕੇ ਹੋਰ ਵੀ ਉਚੀਆਂ ਜਮਾਤਾਂ ਜਿਵੇਂ ਕਿ ਸਨਿਆਰਾ ਭਾਈਚਾਰਾ ਤੇ ਦਰਜੀ ਭਾਈਚਾਰੇ ਨੂੰ ਵੀ ਨਹੀਂ ਬਖਸ਼ਿਆ ਗਿਆ, ਜਿਸ ਦਾ ਸਮੂਹ ਭਾਈਚਾਰੇ ਵੱਲੋਂ ਕਰੜਾ ਵਿਰੋਧ ਕੀਤਾ ਗਿਆ ਤੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਗਈ ਕਿ ਇਸ ਬੇਲਗਾਮ ਚੋਣ ਲੜ ਰਹੇ ਮੰਤਰੀ ਲਾਲਜੀਤ ਸਿੰਘ ਭੁੱਲਰ ਖਿਲਾਫ਼ ਤੁਰੰਤ ਐਕਸ਼ਨ ਲਿਆ ਜਾਵੇ। ਬਰਾਦਰੀ ਨੇ ਕਿਹਾ ਕਿ ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਇਸ 'ਚ ਇਲਾਕੇ ਦੀਆਂ ਪ੍ਰਮੁੱਖ ਜੱਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਮੌਕੇ ਰਾਮਗੜ੍ਹੀਆ ਵੈਲਫੇਅਰ ਕੌਂਸਲ ਤੋਂ ਸਰਪ੍ਰਸਤ ਬਲਵੰਤ ਸਿੰਘ ਪਨੇਸਰ, ਤਰਲੋਚਨ ਸਿੰਘ ਪਨੇਸਰ, ਹਰਜਿੰਦਰ ਸਿੰਘ ਮੁਧੜ, ਸੁਰਜੀਤ ਸਿੰਘ ਐਸ.ਡੀ.ਓ, ਹਰਜਿੰਦਰ ਸਿੰਘ ਮੁੱਖ ਅਧਿਆਪਕ, ਕੁਲਵੰਤ ਸਿੰਘ ਜਗਦੇ, ਹਰਪ੍ਰੀਤ ਸਿੰਘ ਸੱਗੂ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਤੋਂ ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਰਜਿੰਦਰ ਸਿੰਘ ਰਿਕੂ ਪ੍ਰਧਾਨ, ਸਰਵਣ ਸਿੰਘ ਪੰਨਲ, ਭਵਨਜੀਤ ਸਿੰਘ ਉਭੀ, ਬਲਵੀਰ ਸਿੰਘ ਸਿਵੀਆਂ, ਰਾਜਵੰਤ ਸਿੰਘ ਸੱਗੂ, ਬਲਵਿੰਦਰ ਸਿੰਘ ਸੱਗੂ, ਗੁਰਸੇਵਕ ਸਿੰਘ ਮੱਲ੍ਹਾ, ਅਮਰਦੀਪ ਸਿੰਘ ਮੱਲ੍ਹਾ, ਅਮਰਦੀਪ ਸਿੰਘ ਗੀਹਲ, ਵਿਸ਼ਵਕਰਮਾਂ ਕਮੇਟੀ ਮਲਕ ਤੋਂ ਇੰਦਰਜੀਤ ਸਿੰਘ ਗੀਹਲ, ਪਰਮਜੀਤ ਸਿੰਘ ਗੀਹਲ, ਸਰਬਜੀਤ ਸਿੰਘ ਗੀਹਲ, ਰਣਜੀਤ ਸਿੰਘ ਗੀਹਲ, ਗੁਰਦੁਆਰਾ ਵਿਸ਼ਵਕਰਮਾਂ ਮੰਦਿਰ ਪ੍ਰਬੰਧਕ ਕਮੇਟੀ ਅੱਡਾ ਰਾਏਕੋਟ ਤੋਂ ਸਰਪ੍ਰਸਤ ਦਰਸ਼ਨ ਸਿੰਘ ਸੱਗੂ, ਮੁੱਖ ਸੇਵਾਦਾਰ ਜਸਵੰਤ ਸਿੰਘ ਸੱਗੂ, ਗੁਰਚਰਨ ਸਿੰਘ ਘਟੌੜੇ, ਹਰਪ੍ਰੀਤ ਸਿੰਘ ਸੱਗ, ਭੁਪਿੰਦਰ ਸਿੰਘ ਸੱਗੂ ਤੇ ਸਤਵਿੰਦਰ ਸਿੰਘ ਸੱਗੂ ਆਦਿ ਹਾਜ਼ਰ ਸਨ।

# ਸਫ਼ਾਈ ਸੇਵਕਾਂ ਵੱਲੋਂ ਰੋਸ ਧਰਨਾ ਜਾਰੀ



**ਮਾਲੇਰਕੋਟਲਾ (ਅਸਗਰ ਪਰਿਹਾਰ)** ਸਿਵਲ ਹਸਪਤਾਲ ਦੇ ਸਫਾਈ ਸੇਵਕਾਂ ਵੱਲੋਂ ਮੰਗਾਂ ਦਾ ਨਿਪਟਾਰਾ ਨਾ ਹੋਣ ਤੇ ਤੀਜੇ ਦਿਨ ਵੀ ਰੋਸ ਧਰਨਾ ਜਾਰੀ ਰਿਹਾ। ਦੀ ਕਲਾਸ ਫੋਰ ਗੌ: ਇੰਪ: ਯੂਨੀ: ਪੰਜਾਬ ਦੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਟਰੇਡ ਯੂਨੀਅਨ ਕੌਂਸਲ ਦੇ ਜਨਰਲ ਸਕੱਤਰ ਕਾਮਰੇਡ ਭਰਪੂਰ ਸਿੰਘ ਬੂਲਾਪੁਰ, ਪੀ.ਐਸ.ਈ.ਬੀ ਇੰਪ: ਫੈਡਰੇਸ਼ਨ (ਏਟਕ) ਡਵੀਜ਼ਨ ਮਾਲੇਰਕੋਟਲਾ ਦੇ ਪ੍ਰਧਾਨ ਨਰਿੰਦਰ ਕੁਮਾਰ, ਜ਼ਿਲ੍ਹਾ ਏਟਕ ਦੇ ਸਕੱਤਰ ਕਾ. ਮੁਹੰਮਦ ਖਲੀਲ, ਖੇਤ ਮਜ਼ਦੂਰ ਸਭਾ ਜ਼ਿਲ੍ਹਾ ਸੰਗਰੂਰ ਦੇ ਜਨਰਲ ਸਕੱਤਰ ਕਾ. ਸੁਰਿੰਦਰ ਭੈਣੀ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਠੇਕੇਦਾਰ ਵੱਲੋਂ ਕਾਮਿਆਂ ਨੂੰ ਡੀਸੀ ਰੇਟਾਂ ਤੋਂ ਘੱਟ ਤਨਖਾਹ ਦੇਣਾ, ਇਪਲਾਇਰ ਵੱਲੋਂ ਈਪੀਐਫ ਦਾ ਆਪਣਾ ਹਿੱਸਾ ਜਮ੍ਹਾਂ ਨਾ ਕਰਾਉਣਾ, ਸਫ਼ਾਈ ਲਈ ਸਮਾਨ ਨਾ ਦੇਣਾ, ਪੋਸਟਮਾਰਟਮ ਅਲਾਊਂਸ 2 ਸਾਲ ਤੋਂ ਨਾ ਦੇਣਾ ਆਦਿ ਮੰਗਾਂ ਦੇ ਨਿਪਟਾਰੇ ਲਈ ਪੀੜਤ ਕ੍ਰਮਚਾਰੀਆਂ ਵੱਲੋਂ ਦੀ ਕਲਾਸ ਫੋਰ ਗੌ: ਇੰਪ: ਯੂਨੀ: ਦੀ ਅਗਵਾਈ 'ਚ 16 ਅਪ੍ਰੈਲ ਤੋਂ ਪੁਰਅਮਨ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਠੇਕੇਦਾਰ ਪਿਛਲੇ ਲੰਮੇਂ ਅਰਸੇ ਤੋਂ ਕਿਰਤੀਆਂ ਦਾ ਆਰਥਿਕ ਸੋਸ਼ਣ ਕਰਕੇ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਿਹਾ ਹੈ, ਪਰ ਸਿਹਤ ਵਿਭਾਗ ਦੇ ਉੱਚ ਅਧਿਕਾਰੀ ਤੇ ਸਿਵਲ ਪ੍ਰਸ਼ਾਸਨ ਕੁੰਭਕਰਨ ਦੀ ਨੀਂਦ ਸੁੱਤਾ ਪਿਆ ਹੈ। ਪ੍ਰਸ਼ਾਸਨ ਵੱਲੋਂ ਪੁਰ ਅਮਨ ਰੋਸ ਧਰਨੇ ਦਾ ਕੋਈ ਨੋਟਿਸ ਨਹੀਂ ਲਿਆ ਗਿਆ। ਆਗੂਆਂ ਕਿਹਾ ਕਿ ਜੇਕਰ ਜਲਦੀ ਗੱਲਬਾਤ ਰਾਹੀਂ ਮੰਗਾਂ ਦਾ ਨਿਪਟਾਰਾ ਕਰਕੇ ਪੀੜਤ ਸਫ਼ਾਈ ਸੇਵਕਾਂ ਨੂੰ ਕਿਰਤ ਕਾਨੂੰਨਾਂ ਮੁਤਾਬਕ ਬਣਦੀ ਪੂਰੀ ਤਨਖਾਹ ਲਾਗੂ ਕਰਕੇ ਪਿਛਲੀ ਘੱਟ ਦਿੱਤੀ ਤਨਖਾਹ ਦਾ ਬਣਦਾ ਬਕਾਇਆ ਨਾ ਦਿੱਤਾ ਤਾਂ ਸੰਘਰਸ਼ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਅਗਲੀ ਕੜੀ ਵਜੋਂ 19 ਅਪ੍ਰੈਲ ਨੂੰ ਐਸ ਐਮ ਓ ਮਾਲੇਰਕੋਟਲਾ ਤੇ ਦੋਸ਼ੀ ਠੇਕੇਦਾਰ ਦੀ ਅਰਥੀ ਫੂਕ ਕੇ ਰੋਸ ਮੁਜਾਹਰਾ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਐਸ.ਐਮ.ਓ ਮਾਲੇਰਕੋਟਲਾ ਤੇ ਸਬੰਧਤ ਅਧਿਕਾਰੀਆਂ ਦੀ ਹੋਵੇਗੀ।

## ਕਾਤਰਾਂ

### ਵੇਟ ਲਿਫਟਿੰਗ ਮੁਕਾਬਲੇ ਮਾਤਾ ਗੁਜਰੀ ਕਾਲਜ 'ਚ 23 ਨੂੰ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵੇਟ ਲਿਫਟਿੰਗ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਐਮ ਐਲ ਵਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ ਦੇ ਵੇਟ ਲਿਫਟਿੰਗ ਮੁਕਾਬਲੇ ਲੜਕੇ ਤੇ ਲੜਕੀਆਂ ਦੇ 23 ਅਪ੍ਰੈਲ ਨੂੰ ਮਾਤਾ ਗੁਜਰੀ ਕਾਲਜ ਵਿਖੇ ਕਰਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਵੇਰੇ 9 ਵਜੇ ਤੋਂ 10 ਵਜੇ ਤੱਕ ਬਾਡੀ ਵੇਟ ਪ੍ਰਕਿਰਿਆ ਹੋਵੇਗੀ। ਤੁਰੰਤ ਬਾਅਦ ਮੁਕਾਬਲੇ ਸ਼ੁਰੂ ਹੋ ਜਾਣਗੇ। ਜੇ ਕਿਸੇ ਵੇਟ ਲਿਫਟਰ ਵੱਲੋਂ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਮਾਤਾ ਗੁਜਰੀ ਕਾਲਜ ਦੇ ਸਹਾਇਕ ਪ੍ਰੋਫੈਸਰ ਫਿਜੀਕਲ ਵਿਭਾਗ ਡਾਕਟਰ ਹਰਜੋਤ ਕੌਰ, ਜਿਨਾਂ ਦਾ ਮੋਬਾਈਲ ਨੰਬਰ 98777-39080 ਹੈ ਤੇ ਸੰਪਰਕ ਕਰ ਸਕਦੇ ਹੋ। ਉਨ੍ਹਾਂ ਹੋਰ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੀਆਂ ਟੀਮਾਂ ਵਿੱਚੋਂ ਹੀ ਰਾਜ ਪੱਧਰ 'ਤੇ ਹੋਣ ਵਾਲੇ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਚੋਣ ਕੀਤੀ ਜਾਵੇਗੀ।

### 'ਆਪ' ਆਗੂ ਘੁਲੂਮਾਜਰਾ ਨੇ ਪਾਰਟੀ ਤੋਂ ਦਿੱਤਾ ਅਸਤੀਫ਼ਾ




**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-'ਆਪ' ਆਗੂ ਗੁਰਦਿਆਲ ਸਿੰਘ ਘੁਲੂਮਾਜਰਾ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ।ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਉਨ੍ਹਾਂ ਖੂਨ ਪਸੀਨੇ ਨਾਲ ਸਿੰਜ ਕੇ ਇਸ ਹਲਕੇ ਵਿਚ ਪਾਰਟੀ ਨੂੰ ਮਜਬੂਤ ਕੀਤਾ ਸੀ, ਪਰ ਦੁੱਖ ਦੀ ਗੱਲ ਹੈ ਕਿ ਅੱਜ ਵਰਕਰਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ, ਜਿਸ ਕਾਰਨ ਉਹ ਮਹਿਸੂਸ ਕਰਦੇ ਹਨ ਕਿ ਜਿਥੇ ਵਰਕਰਾਂ ਦਾ ਸਨਮਾਨ ਨਾ ਹੋਵੇ ਉਸ ਪਾਰਟੀ ਵਿੱਚ ਰਹਿਣ ਦਾ ਕੋਈ ਲਾਭ ਨਹੀਂ।

### ਰਾਜਸਥਾਨ ਨਾਲ ਲੱਗਦੀਆਂ ਹੱਦਾਂ 'ਚ 3 ਦਿਨ ਡਰਾਈ ਡੇਅ ਐਲਾਨੇ

**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਸ੍ਰੀ ਹਰਪ੍ਰੀਤ ਸਿੰਘ ਸੂਦਨ ਜ਼ਿਲ੍ਹਾ ਮੈਜਿਸਟ੍ਰੇਟ ਨੇ ਭਾਰਤੀ ਚੋਣ ਕਮਿਸ਼ਨ ਵੱਲੋਂ ਰਾਜਸਥਾਨ ਸਟੇਟ ਵਿੱਚ 19 ਅਪ੍ਰੈਲ ਨੂੰ ਕਰਾਈਆਂ ਜਾ ਰਹੀਆਂ ਲੋਕ ਸਭਾ ਚੋਣ ਦੇ ਸਬੰਧ ਵਿੱਚ ਪੰਜਾਬ ਐਕਸਾਈਜ਼ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਿਸ਼ੇਸ਼ ਹੁਕਮ ਜਾਰੀ ਕਰਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਰਾਜਸਥਾਨ ਨਾਲ ਲੱਗਦੀਆਂ ਹੱਦਾਂ ਵਿੱਚ 3 ਕਿਲੋਮੀਟਰ ਦੇ ਘੇਰੇ ਅੰਦਰ 17 ਅਪ੍ਰੈਲ 2024 ਸ਼ਾਮ 6:00 ਵਜੇ ਤੋਂ 19 ਅਪ੍ਰੈਲ 2024 ਨੂੰ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਤੇ ਵੋਟਾਂ ਦੀ ਗਿਣਤੀ ਵਾਲੇ ਦਿਨ 04 ਜੂਨ ਨੂੰ ਡਰਾਈ ਡੇਅ ਘੋਸ਼ਿਤ ਕੀਤਾ ਹੈ। ਇਸ ਹੁਕਮ ਅਨੁਸਾਰ ਅੰਗਰੇਜ਼ੀ ਤੇ ਦੇਸੀ ਸ਼ਰਾਬ, ਸਪਿਰਟ, ਅਲਕੋਹਲ ਜਾਂ ਕੋਈ ਹੋਰ ਵਸਤੂ ਜਿਸ ਨਾਲ ਕਿ ਸ਼ਰਾਬ ਵਰਗਾ ਨਸ਼ਾ ਹੁੰਦਾ ਹੋਵੇ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ, ਜਮ੍ਹਾਂਖੋਰੀ, ਵੰਡ ਜਾਂ ਸ਼ਰਾਬ ਪਿਲਾਉਣ ਵਾਲੇ ਹੋਟਲਾਂ, ਢਾਬਿਆਂ, ਅਹਾਤਿਆਂ, ਰੈਸਟੋਰੈਂਟਾਂ, ਬੀਅਰ ਬਾਰ, ਕਲੱਬ ਜਾਂ ਕੋਈ ਹੋਰ ਜਨਤਕ ਥਾਂਵਾਂ 'ਤੇ ਉਕਤ ਦਿਨਾਂ ਨੂੰ ਵੇਚਣ ਅਤੇ ਸਰਵ ਕਰਨ 'ਤੇ ਪੂਰਨ ਪਾਬੰਦੀ ਲਾ ਦਿੱਤੀ ਹੈ।ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

### ਵੋਟਰਾਂ ਨੂੰ ਵੋਟ ਦੇ ਹੱਕ ਦੀ ਲਾਜ਼ਮੀ ਵਰਤੋਂ ਦਾ ਸੁਨੇਹਾ



**ਮਾਨਸਾ (ਆਤਮਾ ਸਿੰਘ ਪਮਾਰ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਵੀਪ ਜਾਗਰੂਕਤਾ ਮੁਹਿੰਮ ਤਹਿਤ ਹਲਕਾ ਸਰਦੂਲਗੜ੍ਹ ਦੇ ਬੀ.ਐਲ.ਓਜ਼ ਵੱਲੋਂ ਬੂਥ ਪੱਧਰ 'ਤੇ ਸਕੂਲਾਂ ਵਿਚ ਗਤੀਵਿਧੀਆਂ ਕਰਵਾ ਕੇ 'ਚੋਣ ਪਾਠਸ਼ਾਲਾ' ਦੇ ਵਿਦਿਆਰਥੀਆਂ ਵੱਲੋਂ ਲੋਕਾਂ ਨੂੰ ਵੋਟ ਦੇ ਹੱਕ ਦੀ ਲਾਜ਼ਮੀ ਵਰਤੋਂ ਕਰਨ ਦਾ ਸੁਨੇਹਾ ਦਿੱਤਾ ਗਿਆ।ਜ਼ਿਲ੍ਹਾ ਸਵੀਪ ਅਫ਼ਸਰ ਨਰਿੰਦਰ ਸਿੰਘ ਨੇ ਦੱਸਿਆ ਕਿ ਚੋਣ ਪਾਠਸ਼ਾਲਾ ਦੇ ਵਿਦਿਆਰਥੀ ਨੂੰ ਵੱਖ ਵੱਖ ਗਤੀਵਿਧੀਆਂ ਜਿਵੇਂ ਕਿ ਪੋਸਟਰ ਮੇਕਿੰਗ, ਰੰਗੋਲੀ, ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ ਆਦਿ ਵਿਚ ਸ਼ਾਮਲ ਕਰਕੇ ਲੋਕਾਂ ਤੱਕ ਵੋਟ ਦੇ ਅਧਿਕਾਰ ਦੀ ਅਹਿਮੀਅਤ ਦਾ ਸੁਨੇਹਾ ਪੁਚਾਉਣ ਦਾ ਵਿਲੱਖਣ ਉਪਰਾਲਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਹਰ ਇੱਕ ਨੂੰ ਆਪਣੀ ਵੋਟ ਦੀ ਵਰਤੋਂ ਕਰਦਿਆਂ ਲੋਕਤੰਤਰ ਵਿਚ ਆਪਣੀ ਭਾਗੀਦਾਰੀ ਦਰਜ ਕਰਨੀ ਚਾਹੀਦੀ ਹੈ ਤੇ ਹੋਰਨਾਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੁ ਕੋਈ ਵੀ ਵੋਟਰ ਵੋਟ ਪਾਉਣ ਤੋਂ ਵਾਂਝਾ ਨਾ ਰਹੇ।

# ਖ਼ੂਨਦਾਨ ਕੈਂਪ 'ਚ 70 ਯੂਨਿਟ ਬਲੱਡ ਕੀਤਾ ਇਕੱਤਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਸਾਹਿਬ ਬੀ.ਆਰ. ਅੰਬੇਡਕਰ ਦੇ ਜਨਮ ਦਿਨ ਮੌਕੇ ਸਮੂਹ ਨਗਰ ਨਿਵਾਸੀ ਪਿੰਡ ਠੱਠੀ ਭਾਈ ਦੇ ਸਹਿਯੋਗ ਨਾਲ ਸਾਂਝ ਬਲੱਡ ਵੈਲਫੇਅਰ ਕਲੱਬ ਵੱਲੋਂ ਖ਼ੂਨਦਾਨ ਕੈਂਪ ਸਵੇਰੇ 9 ਵਜੇ ਤੋਂ ਦੁਪਿਹਰ 2 ਵਜੇ ਤੱਕ ਧਰਮਸ਼ਾਲਾ ਸਤਿਗੁਰ ਰਵਿਦਾਸ ਮਹਾਰਾਜ, ਠੱਠੀ ਭਾਈ ਵਿਖੇ ਲਾਇਆ ਗਿਆ।ਇਸ ਮੌਕੇ ਸਾਂਝ ਬਲੱਡ ਕਲੱਬ ਦੇ ਸਰਪ੍ਰਸਤ ਰਾਜਨ ਦੂਆ ਨੇ ਦੱਸਿਆ ਕਿ ਖ਼ੂਨਦਾਨ ਕੈਂਪ 'ਚ 70 ਭੈਣ-ਭਰਾਵਾਂ ਵਲੋਂ ਖ਼ੂਨਦਾਨ ਕੀਤਾ ਗਿਆ। ਇਹ ਬਲੱਡ ਯੂਨਿਟਾਂ ਸਿਵਲ ਹਸਪਤਾਲ ਕੋਟਕਪੂਰਾ ਦੀ ਟੀਮ ਵੱਲੋਂ ਇਕੱਤਰ ਕੀਤੀਆਂ ਗਈਆਂ। ਇਸ ਮੌਕੇ ਬਲੱਡ ਕੈਂਪ 'ਚ ਖ਼ੂਨਦਾਨ ਕਰਨ ਵਾਲੇ ਵੀਰਾਂ ਅਤੇ ਭੈਣਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਕੈਂਪ ਦੀ ਸਾਰਿਆਂ ਵੱਲੋਂ ਬਹੁਤ ਹੀ ਸ਼ਲਾਘਾ ਕੀਤੀ ਗਈ ਤੇ ਟੀਮ ਨੇ ਦੱਸਿਆ ਕਿ 18 ਸਾਲ ਤੋਂ 60 ਸਾਲ ਦੇ ਹਰ ਸਿਹਤਮੰਦ ਵਿਅਕਤੀ ਨੂੰ ਆਪਣਾ ਖ਼ੂਨਦਾਨ ਕਰਨਾ ਚਾਹੀਦਾ ਹੈ। ਅੰਤ 'ਚ ਕਲੱਬ ਦੇ ਸਾਰੇ ਮੈਂਬਰਾ ਵੱਲੋਂ ਸਾਰੇ ਖ਼ੂਨਦਾਨੀ ਵੀਰਾਂ ਦਾ ਧੰਨਵਾਦ ਕੀਤਾ ਗਿਆ।

# ਸੰਗੀਤ ਵਿਭਾਗ ਨੇ ਲੈਕਚਰ-ਕਮ ਡੈਮੋਨਸਟਰੇਸ਼ਨ ਪ੍ਰੋਗਰਾਮ ਕਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਰਹਿਨੁਮਾਈ ਤੇ ਡਾ. ਅਮਨਪ੍ਰੀਤ ਕੌਰ ਕੰਗ (ਸਹਾਇਕ ਪ੍ਰੋ. ਸੰਗੀਤ ਵਿਭਾਗ) ਦੀ ਅਗਵਾਈ ਹੇਠ ਸੰਗੀਤ ਵਿਭਾਗ ਵੱਲੋਂ ਰਿਆਜ਼ ਦਾ ਮਹੱਤਵ ਤੇ ਢੰਗ ਵਿਸ਼ੇ 'ਤੇ ਰੂ-ਬ-ਰੂ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਡਾ. ਚਰਨਜੀਤ ਕੌਰ ਮੁਖੀ ਸੰਗੀਤ ਵਿਭਾਗ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਨੇ ਰਿਆਜ ਦੀਆਂ ਤਕਨੀਕਾਂ ਬਾਰੇ ਵਿਦਿਆਰਥਣਾਂ ਨੂੰ ਜਾਣਕਾਰੀ ਦਿੱਤੀ ਤੇ ਆਪਣੀ ਮਧੁਰ ਆਵਾਜ਼ ਵਿਚ ਰਾਗ ਯਮਨ ਦੀਆਂ ਵੱਖ-ਵੱਖ ਬੰਦਸ਼ਾਂ ਵਿਦਿਆਰਥਣਾਂ ਨਾਲ ਸਾਂਝੀਆਂ ਕੀਤੀਆਂ ਅਤੇ ਸੁਰਾਂ ਦਾ ਲਗਾਅ, ਤਾਲ ਅਤੇ ਰਾਗਾਂ ਦੀ ਸ਼ੁੱਧਤਾ ਨੂੰ ਸਮਝ ਕੇ ਗਾਉਣ ਉੱਤੇ ਜ਼ੋਰ ਦੇਣ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਚੰਗੇ ਸੰਗੀਤ ਨੂੰ ਸੁਣਨ ਅਤੇ ਉਸਦਾ ਅਭਿਆਸ ਕਰਨ ਲਈ ਪ੍ਰੇਰਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਹੁੰਦੇ ਕਿਹਾ ਕਿ ਸੰਗੀਤ ਮਨੁੱਖੀ ਬੋਲੀ ਦੇ ਮਾਧਿਅਮ ਨਾਲ ਧੁਨੀ ਸੰਚਾਰ ਦੇ ਰਾਹੀਂ ਵਿਕਸਿਤ ਹੁੰਦਾ ਹੈ। ਸੰਗੀਤ ਮਨੁੱਖ ਦੇ ਮੂਲ ਭਾਵਾਂ ਦੀ ਤਰਜਮਾਨੀ ਕਰਦਾ ਹੈ। ਇੱਕ ਚੰਗਾ ਮਨੁੱਖ ਹੀ ਕਲਾ ਨੂੰ ਪਿਆਰ ਕਰ ਸਕਦਾ ਹੈ ਅਤੇ ਵਿਦਿਆਰਥੀਆਂ ਵਿਚ ਸੰਗੀਤ ਤੇ ਹੋਰ ਸੂਖਮ ਕਲਾਵਾਂ ਪ੍ਰਤਿ ਆਕਰਸ਼ਣ ਪੈਦਾ ਕਰਨ ਲਈ ਕਾਲਜ ਵੱਲੋਂ ਅਜਿਹੇ ਪ੍ਰੋਗਰਾਮ ਸਮੇਂ-ਸਮੇਂ 'ਤੇ ਉਲੀਕੇ ਜਾਣੇ ਚਾਹੀਦੇ ਹਨ। ਉਨ੍ਹਾਂ ਡਾ. ਚਰਨਜੀਤ ਕੌਰ ਦਾ ਧੰਨਵਾਦ ਕੀਤਾ ਅਤੇ ਵਿਸ਼ੇ ਸਬੰਧੀ ਦਿੱਤੀ ਜਾਣਕਾਰੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਕਾਲਜ ਵੱਲੋਂ ਭੇਟ ਕੀਤਾ ਗਿਆ।

# ਰਾਮ ਨੌਮੀ ਮੌਕੇ ਕੱਢੀ ਸਕੂਟਰ ਮੋਟਰਸਾਈਕਲ ਸ਼ੋਭਾ ਯਾਤਰਾ



**ਨਾਭਾ (ਵਰਿੰਦਰ ਵਰਮਾ)** ਧਰਮ ਜਾਗਰਣ ਮੰਚ ਨਾਭਾ ਵੱਲੋਂ ਸ਼੍ਰੀ ਰਾਮ ਨੌਮੀ ਮਹਾਂਉਤਸਵ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਤੇ ਸਕੂਟਰ, ਮੋਟਰਸਾਈਕਲ ਸ਼ੋਭਾ ਯਾਤਰਾ ਕੱਢੀ ਗਈ। ਇਸ ਯਾਤਰਾ ਵਿੱਚ ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨੇ ਭਾਗ ਲਿਆ।ਇਹ ਯਾਤਰਾ ਸ਼੍ਰੀ 18 ਭੁੱਜੀ ਦੁਰਗਾ ਸ਼ਿਵ ਮੰਦਿਰ ਪਟਿਆਲਾ ਗੇਟ ਤੋਂ ਸ਼ੁਰੂ ਹੋ ਕੇ ਭੀਖੀ ਮੋੜ, ਡਾਕਖਾਨਾ ਚੌਂਕ, ਦੇਵੀ ਮੰਦਰ ਚੌਂਕ, ਕਰਤਾਰਪੁਰਾ ਮੁਹੱਲਾ, ਹਸਪਤਾਲ ਰੋਡ, ਪੁਰਾਣੀ ਸਬਜ਼ੀ ਮੰਡੀ, ਮੈਂਹਸ ਗੇਟ, ਬਠਿੰਡੀਆ ਮੁਹੱਲਾ ਤੋਂ ਨਗਰ ਕੌਂਸਲ ਨਾਭਾ ਦੇ ਦਫਤਰ ਤੋਂ ਹੁੰਦੇ ਹੋਏ ਪਟਿਆਲਾ ਗੇਟ 18 ਭੁਜਾ ਮੰਦਰ ਵਿਖੇ ਸਮਾਪਤ ਹੋਈ।ਇਸ ਮੌਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਲੋਕਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਯਾਤਰਾ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਸੰਤ ਸਮਾਜ ਦੇ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਕਿਹਾ ਕਿ ਰਾਮ ਨੌਮੀ ਦਾ ਤਿਉਹਾਰ ਭਾਰਤ ਵਿੱਚ ਸ਼ਰਧਾ ਤੇ ਵਿਸ਼ਵਾਸ ਨਾਲ ਮਨਾਇਆ ਜਾਂਦਾ ਹੈ।ਹਿੰਦੂ ਧਰਮ ਗ੍ਰੰਥਾਂ ਅਨੁਸਾਰ ਇਸ ਦਿਨ ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਜਨਮ ਹੋਇਆ ਸੀ।ਇਸ ਲਈ ਸ਼ਰਧਾਲੂ ਇਸ ਸ਼ੁਭ ਦਿਨ ਨੂੰ ਰਾਮ ਨੌਮੀ ਦੇ ਰੂਪ ਵਿੱਚ ਮਨਾਉਂਦੇ ਹਨ ਤੇ ਪਵਿੱਤਰ ਨਦੀਆਂ ਵਿੱਚ ਇਸਨਾਨ ਕਰਦੇ ਹਨ ਅਤੇ ਪੁੰਨ ਦੇ ਭਾਗੀ ਬਣਦੇ ਹਨ।ਉਨ੍ਹਾਂ ਕਿਹਾ ਕਿ ਹਿੰਦੂ ਧਾਰਮਿਕ ਸਭਿਅਤਾ ਵਿੱਚ ਰਾਮ ਨੌਮੀ ਦੇ ਤਿਉਹਾਰ ਦਾ ਮਹੱਤਵ ਰਿਹਾ ਹੈ।ਉਨ੍ਹਾਂ ਕਿਹਾ ਕਿ ਸ੍ਰੀ ਰਾਮ ਨੌਮੀ ਦਾ ਤਿਉਹਾਰ ਪਿਛਲੇ ਕਈ ਹਜ਼ਾਰ ਸਾਲਾਂ ਤੋਂ ਮਨਾਇਆ ਜਾ ਰਿਹਾ ਹੈ।

# ਯੂਨੀਵਰਸਿਟੀ ਕੈਂਪਸ 'ਚ ਖ਼ੂਨਦਾਨ ਕੈਂਪ ਲਾਇਆ



**ਤਲਵੰਡੀ ਸਾਬੋ (ਜਗਦੀਪ ਗਿੱਲ)** ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਤੇ ਯਾਦਵਿੰਦਰਾ ਸਾਇੰਸਜ ਵਿਭਾਗ ਦੇ ਐਨ.ਐਸ.ਐਸ. ਯੂਨਿਟਾਂ ਦੇ ਪ੍ਰੋਗਰਾਮ ਅਫ਼ਸਰਾਂ ਕ੍ਰਮਵਾਰ ਡਾ. ਪ੍ਰਦੀਪ ਜਿੰਦਲ ਅਤੇ ਡਾ. ਤਰੁਣ ਗਰਗ ਦੇ ਅਣਥੱਕ ਯਤਨਾਂ ਸਦਕਾ ਦੋਵਾਂ ਵਿਭਾਗਾਂ ਵੱਲੋਂ ਸਾਂਝੇ ਤੌਰ ਤੇ ਬੀਤੀ 16 ਅਪ੍ਰੈਲ ਨੂੰ ਅਹਿਸਾਸ ਵੈਲਫੇਅਰ ਸੋਸਾਇਟੀ ਬਠਿੰਡਾ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ।ਕੈਂਪ ਦੇ ਉਦਘਾਟਨ ਸਮੇਂ ਦੋਹਾਂ ਵਿਭਾਗਾਂ ਦੀ ਮੁਖੀ ਸਹਿਬਾਨ ਕ੍ਰਮਵਾਰ ਡਾ. ਸਿੰਪਲ ਜਿੰਦਲ ਤੇ ਡਾ. ਅੰਜੂ ਸੈਣੀ ਨੇ ਮਨੁੱਖੀ ਸੇਵਾ ਲਈ ਇਸ ਮਹਾਨ ਕਾਰਜ ਖ਼ੂਨਦਾਨ ਲਈ ਅੱਗੇ ਆਉਣ ਲਈ ਵਲੰਟੀਅਰਾਂ ਦੀ ਪ੍ਰਸ਼ੰਸ਼ਾ ਕੀਤੀ ਅਤੇ ਪ੍ਰੋਗਰਾਮ ਅਫ਼ਸਰਾਂ ਨੂੰ ਵਧਾਈ ਦਿੱਤੀ।

ਡਾ. ਪ੍ਰਦੀਪ ਜਿੰਦਲ ਨੇ ਐਹਸਾਸ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸ਼੍ਰੀ ਅਨਿਲ ਸਿੰਗਲਾ, ਸੈਕਟਰੀ ਰਵੀ ਕਾਂਤ ਅਰੋੜਾ, ਮੈਂਬਰ ਹਿਤੇਸ਼ ਅਰੋੜਾ ਅਤੇ ਉਨ੍ਹਾਂ ਦੀ ਪੂਰੀ ਟੀਮ ਦੀ ਜਾਣ-ਪਛਾਣ ਕਰਾਈ।

ਡਾ. ਤਰੁਣ ਗਰਗ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਜ਼ਿਲ੍ਹਾ ਬਠਿੰਡਾ ਦੇ ਰਿਟਾਇਰਡ ਚੀਫ਼ ਮੈਡੀਕਲ ਅਫ਼ਸਰ ਡਾ. ਆਈ.ਬੀ. ਅੱਗਰਵਾਲ ਨੂੰ ਜੀ ਆਇਆਂ ਕਿਹਾ ਅਤੇ ਇਸ ਮੌਕੇ ਬਲੱਡ ਕਲੈਕਸ਼ਨ ਲਈ ਪਹੁੰਚੀ ਟੀਮ ਦਾ ਸਵਾਗਤ ਕੀਤਾ।ਮੁੱਖ ਮਹਿਮਾਨ ਡਾ. ਅੱਗਰਵਾਲ ਨੇ ਆਪਣੇ ਪ੍ਰੇਰਨਾ-ਦਾਇਕ ਭਾਸ਼ਣ ਵਿੱਚ ਖ਼ੂਨਦਾਨ ਕਰਨ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ।ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਕਮਲਜੀਤ ਸਿੰਘ ਨੇ ਵਿਭਾਗਾਂ ਦੇ ਐਨ.ਐਸ.ਐਸ. ਯੂਨਿਟਾਂ ਦੇ ਪ੍ਰੋਗਰਾਮ ਅਫ਼ਸਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਕੈਂਪ ਅਕਾਦਮਿਕ ਅਦਾਰਿਆਂ ਦੀ ਸਮਾਜ ਪ੍ਰਤੀ ਜਿੰਮੇਵਾਰੀ ਨੂੰ ਦਰਸਾਉਂਦੇ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪੱਧਰ 'ਤੇ ਆਮ ਲੋਕਾਂ ਨੂੰ ਖ਼ੂਨਦਾਨ ਕਰਨ ਵਰਗੇ ਮਹੱਤਵਪੂਰਨ ਕਾਰਜ ਨੂੰ ਅਪਨਾਉਣ ਲਈ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ। ਇਸ ਖ਼ੂਨਦਾਨ ਕੈਂਪ ਵਿੱਚ ਐਨ.ਐਸ.ਐਸ. ਵਲੰਟੀਅਰਾਂ ਤੋਂ ਇਲਾਵਾ ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਸਟਾਫ ਮੈਂਬਰਾਂ ਨੇ ਵੀ ਖ਼ੂਨਦਾਨ ਕੀਤਾ।ਸੁਸਾਇਟੀ ਵਲੋਂ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਦੇ ਨਾਲ ਸਹਿ-ਭਾਗਤਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕੈਂਪਸ ਦੇ ਭਗਤ ਪੂਰਨ ਸਿਹਤ ਕੇਂਦਰ ਦੇ ਇੰਚਾਰਜ ਹਰਪ੍ਰੀਤ ਸਿੰਘ ਅਤੇ ਉਹਨਾਂ ਦੀ ਟੀਮ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ, 9 ਬੱਸਾਂ ਦੇ ਕੱਟੇ ਚਲਾਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਮਾਊਂਟ ਲਿਟਰਾ ਜ਼ੀ ਸਕੂਲ ਤੇ ਦਿੱਲੀ ਇੰਟਰਨੈਸ਼ਨਲ ਸਕੂਲ ਵਿਖੇ ਆਰ.ਟੀ.ਓ ਸ੍ਰੀ ਵਰੁਣ ਕੁਮਾਰ ਵਲੋਂ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ।ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਅਧੂਰੇ ਦਸਤਾਵੇਜ਼ ਵਾਲੀਆਂ 09 ਬੱਸਾਂ ਦੇ ਚਲਾਨ ਕੀਤੇ ਗਏ ਅਤੇ 35 ਬੱਸਾਂ ਦਾ ਨਿਰੀਖਣ ਕੀਤਾ ਤੇ ਨਿਰੀਖਣ ਦੌਰਾਨ ਸਹੀ ਪਾਈਆ ਗਈਆਂ। ਉਨ੍ਹਾਂ ਹਦਾਇਤ ਕੀਤੀ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਲਈ ਸੇਫ ਸਕੂਲ ਵਾਹਨ ਪਾਲਿਸੀ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਬਹੁਤ ਲਾਜ਼ਮੀ ਹੈ, ਇਸ ਲਈ ਵੈਨ ਵਿੱਚ ਮੁੱਢਲੀਆਂ ਸਹੂਲਤਾਂ ਜਿਵੇਂ ਕਿ ਫਸਟ ਏਡ ਬਾਕਸ, ਅੱਗ ਬੁਝਾਊ ਯੰਤਰ, ਕੈਮਰਾ ਆਦਿ ਹੋਣਾ ਚਾਹੀਦਾ ਹੈ।ਇਸ ਤੋਂ ਇਲਾਵਾ ਸਰਕਾਰੀ ਨੰਬਰ ਪਲੇਟ, ਫਿਟਨੈੱਸ ਸਰਟੀਫਿਕੇਟ ਆਦਿ ਸਹੂਲਤਾਂ ਹੋਣੀਆਂ ਲਾਜ਼ਮੀ ਹਨ।ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਪੇ ਵੀ ਸਕੂਲ ਵੈਨਾਂ ਅੰਦਰ ਇਨ੍ਹਾਂ ਸਹੂਲਤਾਂ ਦੀ ਨਜ਼ਰਸਾਨੀ ਕਰਨ ਤੇ ਕਿਸੇ ਪ੍ਰਕਾਰ ਦੀ ਕਮੀ ਹੋਣ 'ਤੇ ਸਬੰਧਤ ਸਕੂਲ ਦੇ ਧਿਆਨ ਵਿਚ ਲਿਆਉਣ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫ਼ਰੀਦਕੋਟ ਦੇ ਹਰ ਸਕੂਲ ਨੂੰ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਜੇਕਰ ਕੋਈ ਸਕੂਲ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਸਕੂਲ ਦੇ ਪ੍ਰਬੰਧਕਾਂ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਵਾਹਨਾਂ ਨੂੰ ਜ਼ਬਤ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਸਕੂਲੀ ਵਾਹਨਾਂ ਦੇ ਡਰਾਇਵਰਾ ਨੂੰ ਇਹ ਗੱਲ ਸਪੱਸ਼ਟ ਕੀਤੀ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆ ਨਾ ਕਰਨ ਵਾਲੇ ਵਾਹਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਸਹਾਇਕ ਟਰਾਂਸਪੋਰਟ ਅਫ਼ਸਰ ਗੁਰਨਾਮ ਸਿੰਘ, ਸਮੂਹ ਸਟਾਫ ਤੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੇ ਨੁਮਾਇੰਦੇ ਹਾਜ਼ਰ ਸਨ।

# ਜਨਮ ਦਿਨ ਮੌਕੇ ਪੌਦੇ ਲਾਏ



**ਪਟਿਆਲਾ (ਪੱਤਰ ਪ੍ਰੇਰਕ)**-ਯੂਥ ਹੋਸਟਲ ਪਟਿਆਲਾ ਅਦਾਰਾ ਯੁਵਾ ਮਾਮਲੇ ਤੇ ਖੇਡ ਮੰਤਰਾਲੇ ਭਾਰਤ ਸਰਕਾਰ ਵਿਖੇ ਵਣ ਮਹਾਂਉਤਸਵ ਦਾ ਪ੍ਰੋਗਰਾਮ ਆਯੋਜਤ ਕੀਤਾ ਗਿਆ।ਯੂਥ ਹੋਸਟਲ ਮੈਨੇਜਰ ਰਾਜੇਸ਼ ਸ਼ਰਮਾ ਨੇ ਆਖਿਆ ਕਿ ਹੋਸਟਲ ਵਿੱਚ ਰਹਿੰਦੇ ਜੁੜਵਾਂ ਭਰਾ ਫੁੱਟਬਾਲ ਦੇ ਕੋਚ ਹਰਸ਼ਵਰਧਨ ਸ਼ਰਮਾ ਤੇ ਯਸ਼ਵਰਧਨ ਸ਼ਰਮਾ ਦੇ ਜਨਮਦਿਨ ਮੌਕੇ ਬਸੰਤ ਰਿਤੂ ਅਮਰੂਦਾ ਦੇ ਬਾਗ ਵਿੱਚ ਅੰਬਾਂ ਤੇ ਅਮਰੂਦਾਂ ਦੇ ਪੌਦੇ ਲਾਏ ਗਏ।ਹਰਸ਼ਵਰਧਨ ਸ਼ਰਮਾ ਤੇ ਯਸ਼ਵਰਧਨ ਸ਼ਰਮਾ ਨੇ ਆਪਣੇ ਸਾਂਝੇ ਬਿਆਨ ਵਿੱਚ ਆਖਿਆ ਕਿ ਸਾਨੂੰ ਸਾਰਿਆਂ ਨੂੰ ਆਪਣੇ ਜਨਮ ਦਿਨ ਮੌਕੇ ਜਾਂ ਕਿਸੇ ਵੀ ਖੁਸ਼ੀ ਦੇ ਮੌਕੇ ਪੌਦੇ ਲਗਾ ਕੇ ਖੁਸ਼ੀ ਮਨਾਉਣੀ ਚਾਹੀਦੀ ਹੈ ਤਾਂ ਜੁ ਜਿੱਥੇ ਅਸੀਂ ਜਨਮ ਦਿਨ ਦੀ ਖੁਸ਼ੀ ਮਨਾ ਰਹੇ ਹੁੰਦੇ ਹਾਂ, ਉਸ ਦੇ ਨਾਲ ਨਾਲ ਵਾਤਾਵਰਨ ਨੂੰ ਬਚਾਉਣ ਲਈ ਪੌਦੇ ਲਾ ਕੇ ਲੋਕਾਂ ਨੂੰ ਵਾਤਾਵਰਨ ਨੂੰ ਬਚਾਉਣ ਲਈ ਸੁਨੇਹਾ ਵੀ ਦੇ ਰਹੇ ਹੁੰਦੇ ਹਾਂ, ਕਿਉਂਕਿ ਵਾਤਾਵਰਨ ਪੂਰੇ ਵਿਸ਼ਵ ਦੇ ਅੰਦਰ ਖਰਾਬ ਹੁੰਦਾ ਜਾ ਰਿਹਾ ਹੈ, ਇਸ ਲਈ ਸਾਨੂੰ ਵਧੇਰੇ ਪੌਦੇ ਲਾਉਣ ਦੇ ਉਪਰਾਲੇ ਕਰਕੇ ਵਾਤਾਵਰਨ ਨੂੰ ਬਚਾਉਣ ਦੀ ਲੋੜ ਹੈ।

ਯੂਥ ਹੋਸਟਲ ਦੇ ਮੈਨੇਜਰ ਰਾਜੇਸ਼ ਸ਼ਰਮਾ ਨੇ ਵੀ ਆਖਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਵੀ ਲੋਕਾਂ ਨੂੰ ਜਨਮ ਦਿਨ ਮੌਕੇ, ਵਿਆਹ ਦੀ ਸਾਲਗਿਰ੍ਹਾ ਮੌਕੇ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ ਫਰੀ ਪੌਦੇ ਵੰਡ ਕੇ ਲੋਕਾਂ ਨੂੰ ਵਾਤਾਵਰਣ ਬਚਾਉਣ ਦੀ ਅਪੀਲ ਕੀਤੀ ਜਾਂਦੀ ਹੈ।ਇਸ ਮੌਕੇ ਨਹਿਰੂ ਯੁਵਾ ਕੇਂਦਰ ਪਟਿਆਲਾ ਤੋਂ ਜਤਿੰਦਰ ਕੁਮਾਰ, ਮਨਪ੍ਰੀਤ ਸਿੰਘ, ਮਲਕੀਤ ਸਿੰਘ, ਸਿਮਰਨ ਕੌਰ, ਉਦੇ ਸਿੰਘ ਮੀਨਾ, ਸੋਨੂੰ ਸਿੰਘ, ਜਤਿੰਦਰ ਕੁਮਾਰ, ਪਰਮਜੀਤ ਸਿੰਘ, ਤਰਨਦੀਪ ਆਦਿ ਨੇ ਵੀ ਭਾਗ ਲਿਆ।

## ਜੀਤ ਮਹਿੰਦਰ ਸਿੰਘ ਸਿੱਧੂ ਵੱਲੋਂ ਚੋਣ ਮੁਹਿੰਮ ਦਾ ਆਗਾਜ਼



**ਮਾਨਸਾ (ਆਤਮਾ ਸਿੰਘ ਪਮਾਰ)**-ਜਿਸ ਤਰ੍ਹਾਂ ਭਾਜਪਾ ਨੇ ਪਿਛਲੀ ਸਮੇਂ ਦੌਰਾਨ ਸ਼ਾਈਨਿੰਗ ਇੰਡੀਆ ਦਾ ਨਾਅਰਾ ਦਿੱਤਾ ਸੀ, ਪ੍ਰੰਤੂ ਦੇਸ਼ ਦੀ ਜਨਤਾ ਨੇ ਭਾਜਪਾ ਨੂੰ ਅਸਲ ਸ਼ੀਸ਼ਾ ਦਿਖਾ ਦਿੱਤਾ ਸੀ, ਠੀਕ ਉਸੇ ਤਰ੍ਹਾਂ ਲੋਕ ਇਸ ਵਾਰ ਵੀ ਭਾਜਪਾ ਦੇ ਚਾਰ ਸੌ ਪਾਰ ਦੇ ਨਾਅਰੇ ਦਾ ਚੋਣਾਂ ਵਿਚ ਜਵਾਬ ਦੇਣਗੇ ਤੇ ਭਾਜਪਾ ਨੂੰ ਨਕਾਰਕੇ ਦੇਸ਼ ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ, ਜਿਸ ਵਿੱਚ ਬਠਿੰਡਾ ਜ਼ਿਲ੍ਹੇ ਦੇ ਲੋਕ ਕਾਂਗਰਸ ਪਾਰਟੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਬਠਿੰਡਾ ਸੀਟ ਕਾਂਗਰਸ ਦੀ ਝੋਲੀ 'ਚ ਪਾਉਣਗੇ।ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੇ ਜ਼ਿਲ੍ਹੇ ਕਾਂਗਰਸ ਕਮੇਟੀ ਮਾਨਸਾ ਦੇ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਦੇ ਗ੍ਰਹਿ ਵਿਖੇ ਵਰਕਰਾਂ ਮਿਲਣੀ ਸਮੇਂ ਇੱਕ ਵੱਡੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਬਠਿੰਡਾ ਤੇ ਮਾਨਸਾ ਜ਼ਿਲ੍ਹਾ ਸਹੂਲਤਾਂ ਪੱਖੋਂ ਪਛੜੇ ਹੋਏ ਹਨ। ਮੈਂ ਬਠਿੰਡਾ ਜ਼ਿਲ੍ਹੇ ਦੇ ਨੌਂ ਦੇ ਨੌਂ ਹਲਕਿਆਂ 'ਚ ਬਰਾਬਰ ਵਿਕਾਸ ਕਰਨ ਦੇ ਸਿਰਤੋੜ ਯਤਨ ਕਰਾਂਗਾ।ਉਨ੍ਹਾਂ ਆਪ ਸਰਕਾਰ 'ਤੇ ਨਿਸ਼ਾਨਾਂ ਸਾਧਦਿਆਂ ਕਿਹਾ ਕਿ ਬੱਕਰੀ, ਮੁਰਗੀ ਦੇ ਮੁਆਵਜ਼ੇ ਦੇਣ ਦਾ ਐਲਾਨ ਕਰਨ ਵਾਲੀ ਸਰਕਾਰ ਨੇ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਬਾਤ ਤੱਕ ਨਹੀਂ ਪੁੱਛ ਰਹੀ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਸੂਬਾਈ ਪ੍ਰਧਾਨ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸਿਫ਼ਾਰਸ਼ 'ਤੇ ਹੀ ਉਨਾਂ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ।

# ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪੁਚਾਇਆ ਜਾ ਰਿਹਾ : ਸੰਤੋਸ਼ ਸਿੱਧੂ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜ਼ਿਲ੍ਹਾ ਫਿਰੋਜ਼ਪੁਰ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ, ਇਸਤਰੀ ਵਿੰਗ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਸਰਬਜੀਤ ਕੌਰ ਦੇ ਹੁਕਮਾਂ ਤਹਿਤ ਤੇ ਕਾਂਗਰਸ ਕਮੇਟੀ ਬਲਾਕ ਮਖੂ ਦੇ ਪ੍ਰਧਾਨ ਸ਼ਿਵ ਸਾਗਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਂਗਰਸ ਕਮੇਟੀ ਜ਼ਿਲ੍ਹਾ ਫ਼ਿਰੋਜ਼ਪੁਰ ਇਸਤਰੀ ਵਿੰਗ ਦੇ ਜਨਰਲ ਸਕੱਤਰ ਸ਼੍ਰੀਮਤੀ ਸੰਤੋਸ਼ ਸਿੱਧੂ ਵੱਲੋਂ ਬਲਾਕ ਮਖੂ ਦੇ ਸ਼ਹਿਰ ਅਤੇ ਪਿੰਡਾਂ 'ਚ ਪਹੁੰਚ ਕੇ ਕਾਂਗਰਸੀ ਵਰਕਰਾਂ ਨਾਲ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ 'ਚ ਪੁਚਾਇਆ ਜਾ ਰਿਹਾ ਹੈ।ਸ਼੍ਰੀਮਤੀ ਸੰਤੋਸ਼ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਨੀਤੀਆਂ ਘਰ-ਘਰ 'ਚ ਪੁਚਾਉਣ ਤਹਿਤ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਚ ਨੌਜਵਾਨ, ਕਿਸਾਨ, ਪਿਛੜੇ ਵਰਗ, ਦਲਿਤ, ਆਦਿਵਾਸੀਆਂ ਤੇ ਔਰਤਾਂ ਬੇਹੱਦ ਪ੍ਰੇਸ਼ਾਨ ਹਨ।ਸਮਾਜ ਨੂੰ ਵੰਡ ਕੇ ਫਿਰਕੂ ਜਨੂੰਨ ਫੈਲਾਉਣਾ, ਵੰਡੋ ਤੇ ਰਾਜ ਕਰੋ ਭਾਜਪਾ ਦੀ ਰਣਨੀਤੀ ਹੈ, ਜਿਸ ਨੂੰ ਦੇਸ਼ ਦੇ ਲੋਕ ਹੁਣ ਸਮਝ ਚੁੱਕੇ ਹਨ।ਬੇਰੋਜ਼ਗਾਰੀ, ਔਰਤਾਂ 'ਤੇ ਹੋ ਰਹੇ ਅੱਤਿਆਚਾਰ, ਕਿਸਾਨਾਂ ਦੀਆਂ ਸਮੱਸਿਆਵਾਂ, ਆਸਮਾਨ ਛੂਹ ਰਹੀ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇਸ ਮੌਕੇ ਸੰਦੀਪ ਕੌਰ, ਮਨਦੀਪ ਕੌਰ, ਅਮਨਦੀਪ ਕੌਰ, ਸਰਬਜੀਤ ਕੌਰ, ਸੁਨੀਤਾ, ਰੇਖਾ, ਸਬੀਨਾ, ਪਰਮਜੀਤ ਕੌਰ, ਮਿੰਦਰ ਕੌਰ, ਨੇਹਾ, ਸ਼ਿਲਾ ਆਦਿ ਹਾਜ਼ਰ ਸਨ।

# ਮੁਕਤਸਰ ਵਿਕਾਸ ਮਿਸ਼ਨ ਦੇ ਕਾਫ਼ਲੇ 'ਚ ਹੋ ਰਿਹਾ ਲਗਾਤਾਰ ਵਾਧਾ : ਢੋਸੀਵਾਲ



ਨਵੇਂ ਬਣੇ ਮੈਂਬਰ ਬਲਜੀਤ ਸਿੰਘ ਮਿਸ਼ਨ ਮੁਖੀ ਢੋਸੀਵਾਲ ਤੇ ਹੋਰਨਾਂ ਨਾਲ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਕਰੀਬ 10 ਸਾਲ ਪਹਿਲਾਂ ਆਪਣੇ ਸੰਸਥਾਪਕ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਂਦ ਵਿਚ ਆਈ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦਾ ਸ਼ਹਿਰ ਨਿਵਾਸੀਆਂ ਵੱਲੋਂ ਸਹਿਯੋਗ ਤੇ ਪਿਆਰ ਮਿਲਣਾ ਲਗਾਤਾਰ ਜਾਰੀ ਹੈ। ਇਹ ਸੰਸਥਾ ਸ਼ੁਰੂ ਤੋਂ ਲੈ ਕੇ ਹੁਣ ਤੱਕ ਸਮਾਜ ਸੇਵਾ ਦੇ ਕਾਰਜਾਂ ਵਿਚ ਮੋਹਰੀ ਸਥਾਨ ਰੱਖਦੀ ਹੈ। ਸੰਸਥਾ ਦੇ ਸਾਰੇ ਹੀ ਮੈਂਬਰ ਪੂਰੀ ਨੇਕ ਨੀਤੀ ਤੇ ਇਮਾਨਦਾਰੀ ਨਾਲ ਸਮਾਜ ਸੇਵਾ ਦੇ ਕਾਰਜ ਕਰਦੇ ਹਨ।ਵਿਕਾਸ ਮਿਸ਼ਨ ਦੀਆਂ ਪ੍ਰਭਾਵਸ਼ਾਲੀ ਸਮਾਜ ਸੇਵਾ ਦੇ ਕਾਰਜਾਂ ਤੋਂ ਪ੍ਰਭਾਵਤ ਹੋ ਕੇ ਪੰਜਾਬ ਕੋਆਪ੍ਰੇਟਿਵ ਵਿਭਾਗ ਵਿਚੋਂ ਸੇਵਾਮੁਕਤ ਹੋਏ ਬਲਜੀਤ ਸਿੰਘ ਨੇ ਮਿਸ਼ਨ ਦੇ ਨਵੇਂ ਮੈਂਬਰ ਬਣ ਕੇ ਬਕਾਇਦਾ ਤੌਰ 'ਤੇ ਮਿਸ਼ਨ ਵਿਚ ਸ਼ਮੂਲੀਅਤ ਕੀਤੀ ਹੈ।ਰੇਲਵੇ ਰੋਡ ਸਥਿਤ ਪਵਨ ਹੋਟਲ ਵਿਖੇ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਈ ਵਿਸ਼ੇਸ਼ ਮੀਟਿੰਗ ਵਿਚ ਬਲਜੀਤ ਸਿੰਘ ਨੇ ਮਿਸ਼ਨ ਦੀ ਮੈਂਬਰਸ਼ਿਪ ਹਾਸਿਲ ਕੀਤੀ।ਮੀਟਿੰਗ ਦੌਰਾਨ ਪੱਤਰਕਾਰੀ ਦੇ ਖੇਤਰ ਵਿਚ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸਵ: ਇੰਦਰ ਸਿੰਘ ਦਰਦੀ ਦੇ ਪੱਤਰਕਾਰ ਸਪੁੱਤਰ ਤੇ ਸਥਾਨਕ ਬ੍ਰਿਧ ਆਸ਼ਰਮ ਦੇ ਪ੍ਰਧਾਨ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਸਰਬਜੀਤ ਸਿੰਘ ਦਰਦੀ ਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ।

ਮੀਟਿੰਗ ਦੌਰਾਨ ਮਿਸ਼ਨ ਦੇ ਪੈਟਰਨ ਡਾ. ਸੁਰਿੰਦਰ ਗਿਰਧਰ, ਸੀਨੀਅਰ ਮੀਤ ਪ੍ਰਧਾਨ ਫਸਟ ਗੁਰਪਾਲ ਸਿੰਘ ਪਾਲੀ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਓ.ਪੀ. ਖਿੱਚੀ ਤੇ ਪ੍ਰਿੰ. ਸੰਜੀਵ ਜਿੰਦਲ (ਦੋਵੇਂ ਮੀਤ ਪ੍ਰਧਾਨ), ਸਹਾਇਕ ਲੋਕ ਸੰਪਰਕ ਵਿੰਗ ਡਾਇਰੈਕਟਰ ਸਾਹਿਲ ਕੁਮਾਰ ਹੈਪੀ ਅਤੇ ਨਰਿੰਦਰ ਕਾਕਾ ਪ੍ਰੈਸ ਫੋਟੋ ਗ੍ਰਾਫਰ ਉਚੇਚ ਤੌਰ 'ਤੇ ਮੌਜੂਦ ਸਨ। ਆਪਣੇ ਸੰਬੋਧਨ ਵਿਚ ਸ੍ਰ. ਦਰਦੀ ਨੇ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਦਲੇ ਪ੍ਰਧਾਨ ਢੋਸੀਵਾਲ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿਤੀ।

ਉਨ੍ਹਾਂ ਅੱਗੇ ਕਿਹਾ ਕਿ ਨੇਕ ਨੀਤੀ ਤੇ ਇਮਾਨਦਾਰੀ ਨਾਲ ਸਮਾਜ ਸੇਵਾ ਦੇ ਕਾਰਜ ਕਰਨ ਵਾਲੀਆਂ ਸੰਸਥਾਵਾਂ ਸਮੁੱਚੇ ਸਮਾਜ ਦਾ ਮਾਣ ਹੁੰਦੀਆਂ ਹਨ।ਮੀਟਿੰਗ ਦੌਰਾਨ ਨਵੇਂ ਬਣੇ ਮੈਂਬਰ ਬਲਜੀਤ ਸਿੰਘ ਨੂੰ ਪ੍ਰਧਾਨ ਸਮੇਤ ਸਮੂਹ ਮੈਂਬਰਾਂ ਨੇ ਹਾਰ ਪਾ ਕੇ ਸਵਾਗਤ ਕੀਤਾ ਅਤੇ ਜੀ ਆਇਆਂ ਕਿਹਾ।ਮਿਸ਼ਨ ਦੇ ਚੇਅਰਮੈਨ ਨਿਰੰਜਣ ਸਿੰਘ ਰੱਖਰਾ ਤੇ ਮਾਰਗ ਦਰਸ਼ਕ ਇੰਜ. ਅਸ਼ੋਕ ਕੁਮਾਰ ਭਾਰਤੀ ਨੇ ਵੀ ਫੋਨ ਰਾਹੀਂ ਬਲਜੀਤ ਸਿੰਘ ਦੇ ਮਿਸ਼ਨ ਦੇ ਮੈਂਬਰ ਬਣਨ 'ਤੇ ਢੋਸੀਵਾਲ ਤੇ ਹੋਰਨਾਂ ਨੂੰ ਵਧਾਈ ਦਿੱਤੀ।ਮੀਟਿੰਗ ਦੌਰਾਨ ਬਲਜੀਤ ਸਿੰਘ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਮੁਕਤਸਰ ਵਿਕਾਸ ਮਿਸ਼ਨ ਦੀਆਂ ਗਤੀਵਿਧੀਆਂ ਤੋਂ ਬਹੁਤ ਪ੍ਰਭਾਵਤ ਹਨ ਅਤੇ ਉਹ ਸੰਸਥਾ ਦਾ ਮੈਂਬਰ ਬਣ ਕੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ।

# ਜ਼ਿਲ੍ਹੇ ਦੀਆਂ ਮੰਡੀਆਂ 'ਚ 10219 ਮੀਟਰਕ ਟਨ ਕਣਕ ਦੀ ਹੋਈ ਆਮਦ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹੇ ਦੇ ਸਾਰੇ ਸਰਕਾਰੀ ਖਰੀਦ ਕੇਂਦਰਾਂ ਤੇ ਕਣਕ ਦੀ ਖਰੀਦ ਪ੍ਰਕਿਰਿਆ ਜਾਰੀ ਹੈ ਅਤੇ ਵੱਖ-ਵੱਖ ਏਜੰਸੀਆਂ ਵੱਲੋਂ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ।ਜ਼ਿਲ੍ਹੇ ਦੀਆਂ ਮੰਡੀਆਂ 'ਚ ਸ਼ਾਮ ਤੱਕ 10219 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਏਜੰਸੀਆਂ ਵੱਲੋਂ 3079 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਤੇ ਕਿਸਾਨਾਂ ਨੂੰ ਬਣਦੀਆਂ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦਿੱਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਤੇ ਖੇਤਾਂ ਵਿੱਚ ਹੀ ਮਿਲਾਉਣ ਤਾਂ ਜੁ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਪੀਣ ਵਾਲੇ ਪਾਣੀ ਤੇ ਪਖ਼ਾਨਿਆਂ ਤੋਂ ਇਲਾਵਾ ਹੋਰ ਲੋੜੀਂਦੀਆਂ ਸਹੂਲਤਾਂ ਦਾ ਖਾਸ ਖਿਆਲ ਰੱਖਿਆ ਗਿਆ ਹੈ।ਉਨ੍ਹਾ ਕਿਹਾ ਕਿ ਮੰਡੀਆਂ ਵਿਚ ਕਿਸਾਨਾਂ, ਆੜ੍ਹਤੀਆਂ ਤੇ ਲੇਬਰ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਕਟਾਈ ਸਵੇਰੇ 06.00 ਵਜੇ ਤੋਂ ਸ਼ਾਮ 07.00 ਵਜੇ ਤੱਕ ਹੀ ਕਰਨ ਤਾਂ ਜੁ ਕਣਕ ਵਿੱਚ ਨਮੀ ਦੀ ਮਾਤਰਾ ਵੱਧ ਨਾ ਹੋਵੇ।ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ਼੍ਰੀਮਤੀ ਵੰਦਨਾ ਕੰਬੋਜ ਨੇ ਦੱਸਿਆ ਕਿ ਜ਼ਿਲ੍ਹੇ 'ਚ ਕਣਕ ਦੀ ਖਰੀਦ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ 70 ਖਰੀਦ ਕੇਂਦਰ ਸਥਾਪਤ ਕੀਤੇ ਗਏ ਹਨ।ਇਸ ਤੋਂ ਇਲਾਵਾ 8 ਆਰਜੀ ਖਰੀਦ ਕੇਂਦਰ ਸਥਾਪਤ ਕੀਤੇ ਗਏ ਹਨ।

# ਗਿਆਨ-ਵਿਗਿਆਨ ਦੇ ਵੱਖ-ਵੱਖ ਖੇਤਰਾਂ 'ਚ ਵਰਤੋਂ ਨਾਲ ਹੀ ਭਾਸ਼ਾ ਵਿਕਸਤ ਹੁੰਦੀ : ਪ੍ਰੋ. ਅਰਵਿੰਦ



**ਪਟਿਆਲਾ (ਅਵਤਾਰ ਜਟਾਣਾ)** ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਕਿਹਾ ਕਿ ਗਿਆਨ ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿੱਚ ਵਰਤੋਂ ਕੀਤੇ ਜਾਣ ਨਾਲ ਹੀ ਭਾਸ਼ਾ ਦਾ ਵਿਕਾਸ ਹੁੰਦਾ ਹੈ।ਉਨ੍ਹਾਂ ਕਿਹਾ ਕਿ ਆਪਣੀ ਮਾਂ ਬੋਲੀ ਵਿਕਸਤ ਨਾ ਹੋਈ ਹੋਣ ਦਾ ਬਹਾਨਾ ਛੱਡਣਾ ਚਾਹੀਦਾ ਹੈ ਤੇ ਗਿਆਨ ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿੱਚ ਇਸ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵੱਲੋਂ ਆਰੰਭ ਕੀਤੀ ਗਈ 'ਬਲਰਾਜ ਸਾਹਨੀ ਯਾਦਗਾਰੀ ਭਾਸ਼ਣ' ਲੜੀ ਦੇ ਪਹਿਲੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਪ੍ਰੋ. ਅਰਵਿੰਦ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਉਘੇ ਫਿਲਮੀ ਕਾਲਾਕਾਰ ਤੇ ਸਾਹਿਤਕਾਰ ਬਲਰਾਜ ਸਾਹਨੀ ਨੇ ਆਪਣੀ ਮਾਂ ਭਾਸ਼ਾ ਵੱਲ ਮੋੜਾ ਕੱਟ ਕੇ ਉਚਕੋਟੀ ਦਾ ਸਾਹਿਤ ਲਿਖਿਆ, ਜਿਸ ਦੀ ਅੱਜ ਵੀ ਬਹੁਤ ਪ੍ਰਸੰਗਿਕਤਾ ਹੈ।ਬਲਰਾਜ ਸਾਹਨੀ ਦੀ ਰਬਿੰਦਰ ਨਾਥ ਟੈਗੋਰ ਨਾਲ ਹੋਈ ਮੁਲਾਕਾਤ ਜ਼ਿਕਰ ਕਰਦੇ ਹੋਏ ਵਾਈਸ ਚਾਂਸਲਰ ਨੇ ਕਿਹਾ ਕਿ ਰਬਿੰਦਰ ਨਾਥ ਟੈਗੋਰ ਦੀ ਪ੍ਰੇਰਣਾ ਸਦਕਾ ਹੀ ਬਲਰਾਜ ਸਾਹਨੀ ਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਸੀ।ਬਲਰਾਜ ਸਾਹਨੀ ਨੇ ਵੀ ਇਸ ਮੁਲਾਕਾਤ ਦੌਰਾਨ ਰਬਿੰਦਰ ਨਾਲ ਟੈਗੋਰ ਨੂੰ ਪੰਜਾਬੀ ਭਾਸ਼ਾ ਦੇ ਘੱਟ ਵਿਕਸਤ ਹੋਣ ਦਾ ਤਰਕ ਦਿੱਤਾ ਸੀ, ਪਰ ਰਬਿੰਦਰ ਨਾਲ ਟੈਗੋਰ ਵੱਲੋਂ ਆਪਣੀ ਗੱਲ ਠੋਸ ਤਰੀਕੇ ਨਾਲ ਰੱਖਣ ਕਰਕੇ ਬਲਰਾਜ ਸਾਹਨੀ ਨੇ ਮਾਂ ਭਾਸ਼ਾ ਵੱਲ ਮੋੜਾ ਕੱਟਿਆ ਅਤੇ ਵਧੀਆ ਸਾਹਿਤ ਦੀ ਸਿਰਜਣਾ ਕੀਤਾ।ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਆਪਣੀ ਮਾਂ ਬੋਲੀ ਰਾਹੀਂ ਹੀ ਆਪਣੇ ਭਾਵਾਂ ਨੂੰ ਵਧੀਆ ਤਰੀਕੇ ਨਾਲ ਪ੍ਰਗਟ ਕਰ ਸਕਦਾ ਹੈ।ਇਸ ਭਾਸ਼ਣ ਲੜੀ ਦਾ ਇਹ ਪਹਿਲਾ ਭਾਸ਼ਣ ਮਦਨ ਗੋਪਾਲ ਸਿੰਘ ਨੇ ਦਿੱਤਾ। ਬਲਰਾਜ ਸਾਹਨੀ ਨਾਲ ਆਪਣੀਆਂ ਸਾਂਝਾਂ ਦੇ ਹਵਾਲੇ ਨਾਲ ਗੱਲ ਸ਼ੁਰੂ ਕਰਦਿਆਂ ਉਨ੍ਹਾਂ ਦੀ ਪੰਜਾਬੀਅਤ ਤੋਂ ਲੈ ਕੇ ਸਿਨੇਮਾ ਦੇ ਵੱਖ-ਵੱਖ ਪੱਖਾਂ ਬਾਰੇ ਆਪਣੀਆਂ ਅਹਿਮ ਧਾਰਨਾਵਾਂ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਬਲਰਾਜ ਸਾਹਨੀ ਆਪਣੇ ਅੰਤਲੇ ਸਾਹ ਤੱਕ ਪੰਜਾਬੀਅਤ ਨਾਲ ਪ੍ਰਣਾਏ ਰਹੇ, ਪਰ ਇਸ ਦੇ ਨਾਲ-ਨਾਲ ਸਾਨੂੰ ਉਨ੍ਹਾਂ ਕਾਰਨਾਂ ਨੂੰ ਸਮਝਣ ਦੀ ਵੀ ਲੋੜ ਹੈ, ਜੋ ਉਨ੍ਹਾਂ ਦੇ ਪੰਜਾਬ ਤੋਂ ਬਾਹਰ ਜਾਣ ਦਾ ਕਾਰਨ ਬਣੇ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸ਼ਖ਼ਸੀਅਤ ਉੱਤੇ ਬਲਰਾਜ ਸਾਹਨੀ ਦਾ ਬਹੁਤ ਗਹਿਰਾ ਪ੍ਰਭਾਵ ਹੈ।

# ਡਿਪਟੀ ਕਮਿਸ਼ਨਰ ਵੱਲੋਂ ਖਾਸਾ ਸ਼ਰਾਬ ਫੈਕਟਰੀ ਦੀ ਅਚਨਚੇਤ ਚੈਕਿੰਗ



ਅੰਮ੍ਰਿਤਸਰ (ਨਰਿੰਦਰਜੀਤ)- ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਧਿਕਾਰੀ ਘਨਸ਼ਾਮ ਥੋਰੀ ਨੇ ਅੱਜ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਖਾਸਾ ਸ਼ਰਾਬ ਫੈਕਟਰੀ ਦੀ ਅਚਨਚੇਤ ਚੈਕਿੰਗ ਕੀਤੀ ਅਤੇ ਸ਼ਰਾਬ ਦੇ ਸਟਾਕ ਦੀ ਜਾਂਚ ਕੀਤੀ। ਡਿਪਟੀ ਕਮਿਸ਼ਨਰ ਉਥੇ ਲੰਮਾ ਸਮਾਂ ਰਹੇ ਅਤੇ ਉਨਾਂ ਉਥੇ ਸ਼ਰਾਬ ਬਨਾਉਣ ਤੋਂ ਲੈ ਕੇ ਫੈਕਟਰੀ ਤੋਂ ਬਾਹਰ ਨਿਕਲਣ ਤੱਕ ਦੀ ਸਾਰੀ ਪ੍ਰਣਾਲੀ ਨੂੰ ਵਾਚਿਆ। ਇਸ ਦੌਰਾਨ ਉਨਾਂ ਫਲਾਇੰਗ ਸੁਕਐਡ ਦੀ ਟੀਮ ਨੂੰ ਸਾਰੇ ਸਟਾਕ ਦੀ ਜਾਂਚ ਤੇ ਬਿੱਲਾਂ ਨਾਲ ਮਿਲਾਉਣ ਦੀ ਹਦਾਇਤ ਕੀਤੀ, ਜੋ ਕਿ ਦੇਰ ਸ਼ਾਮ ਤੱਕ ਜਾਰੀ ਰਹੀ। ਘਨਸ਼ਾਮ ਥੋਰੀ ਨੇ ਫੈਕਟਰੀ ਪ੍ਰਬੰਧਕਾਂ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵੋਟਾਂ ਦੌਰਾਨ ਸ਼ਰਾਬ ਦੀ ਵਰਤੋਂ ਆਮ ਨਾਲੋਂ ਵਧ ਜਾਂਦੀ ਹੈ ਅਤੇ ਅਜਿਹੇ ਵਿਚ ਫੈਕਟਰੀ ਦੀ ਸਪਲਾਈ ਉਤੇ ਤਿੱਖੀ ਨਜ਼ਰ ਰੱਖੀ ਜਾਵੇ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਕਿ ਇਥੋਂ ਨਿਕਲਣ ਵਾਲੀ ਇਕੱਲੀ ਇਕੱਲੀ ਬੋਤਲ ਤੁਹਾਡੀ ਨਿਗ੍ਹਾ ਹੇਠ ਹੋਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਸਪਲਾਈ ਵਿਭਾਗ ਦੇ ਨਿਯਮਾਂ ਨੂੰ ਅੱਖੋਂ ਪਰੋਖੇ ਕਰਕੇ ਨਾ ਹੋਵੇ। ਉਨ੍ਹਾਂ ਸ਼ਰਾਬ ਲਈ ਆ ਰਹੀ ਸਿਪਰਟ ਦੀ ਸਪਲਾਈ ਉਤੇ ਵੀ ਨਿਗ੍ਹਾ ਰੱਖਣ ਲਈ ਕਿਹਾ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਇਸ ਸਪਲਾਈ ਦੀ ਦੁਰਵਰਤੋਂ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਸਾਡੇ ਜ਼ਿਲ੍ਹੇ ਵਿਚ ਪੈਂਦੀ ਇਹ ਇਕਲੌਤੀ ਸ਼ਰਾਬ ਫੈਕਟਰੀ ਹੈ, ਜਿਥੋਂ ਵੱਖ-ਵੱਖ ਮਾਅਰਕੇ ਦੀ ਸ਼ਰਾਬ ਬਾਜ਼ਾਰ ਵਿਚ ਜਾਂਦੀ ਹੈ, ਸੋ ਇਸ ਫੈਕਟਰੀ ਉਤੇ ਆਬਕਾਰੀ ਵਿਭਾਗ ਦੀ 24 ਘੰਟੇ ਨਿਗ੍ਹਾ ਹੋਣੀ ਜ਼ਰੂਰੀ ਹੈ। ਉਨ੍ਹਾਂ ਸ਼ਰਾਬ ਦੀ ਪੈਕਿੰਗ, ਸਪਲਾਈ ਰਿਕਾਰਡ, ਡਿਸਪੈਚ, ਪੈਕਿੰਗ, ਸਪਿਰਿਟ ਦੀ ਆਮਦ ਅਤੇ ਇਸ ਸਾਰੇ ਕੰਮ ਉਤੇ ਆਬਕਾਰੀ ਵਿਭਾਗ ਦੇ ਕੰਟਰੋਲ ਦੀ ਜਾਂਚ ਕੀਤੀ। ਇਸ ਮੌਕੇ ਉਨ੍ਹਾਂ ਨਾਲ ਐਸ ਡੀ ਐਮ ਅੰਮ੍ਰਿਤਸਰ 2 ਲਾਲ ਵਿਸ਼ਵਾਸ, ਏ ਈ ਟੀ ਸੀ ਸੁਖਵਿੰਦਰ ਸਿੰਘ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਫਾਹਾ ਲੈ ਕੇ ਕੀਤੀ ਆਤਮ ਹੱਤਿਆ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸਰਹੱਦੀ ਪਿੰਡ ਚੀਮਾ (ਸ਼ੁਕਰਚੱਕ) ਦੇ ਇਕ ਕਿਸਾਨ ਵੱਲੋਂ ਬੈਂਕ ਅਤੇ ਆੜ੍ਹਤੀ ਦੇ ਕਰਜ਼ੇ ਤੋਂ ਤੰਗ ਪ੍ਰੇਸ਼ਾਨ ਹੋ ਕੇ ਸਵੇਰੇ ਪਸ਼ੂਆਂ ਵਾਲੇ ਬਰਾਂਡੇ ਦੇ ਗਾਡਰ ਨਾਲ ਰੱਸੇ ਨਾਲ ਫਾਹਾ ਲੈ ਕੇ ਜੀਵਨ ਲੀਲ੍ਹਾ ਖਤਮ ਕਰ ਲਈ ਅਤੇ ਮੌਕੇ 'ਤੇ ਇਕ ਸੁਸਾਈਡ ਨੋਟ ਲਿਖ ਕੇ ਰੱਖ ਗਿਆ, ਜਿਸ ਨੂੰ ਪੁਲਸ ਨੇ ਕਬਜ਼ੇ ਵਿੱਚ ਲੈ ਲਿਆ। ਜਿਸ ਵਿੱਚ ਮ੍ਰਿਤਕ ਕਿਸਾਨ ਸੁਖਰਾਜ ਸਿੰਘ ਪੁੱਤਰ ਵੀਰ ਸਿੰਘ ਵਾਸੀ ਸ਼ੁਕਰਚੱਕ ਨੇ ਲਿਖਿਆ ਕਿ ਉਸ ਨੇ ਆੜ੍ਹਤੀ ਗੁਰਿੰਦਰ ਸਿੰਘ ਕੋਲੋਂ ਢਾਈ ਲੱਖ ਲਿਆ ਪ੍ਰੰਤੂ ਉਸ ਨੇ ਵਿਆਜ ਲਾ ਕੇ 13 ਲੱਖ ਬਣਾ ਦਿਤੇ ਅਤੇ ਹੁਣ ਪੈਸੇ ਮੋੜਨ ਲਈ ਦਬਾਅ ਪਾ ਰਿਹਾ ਸੀ ਜਦੋਂ ਕਿ ਇਕ ਨਿੱਜੀ ਪ੍ਰਾਈਵੇਟ ਬੈਂਕ ਨੇ ਵੀ 30 ਲੱਖ ਰੁਪਏ ਉਸ ਵੱਲ ਬਣਾ ਕੇ ਦਬਾਅ ਪਾ ਰਹੇ ਸਨ ਪ੍ਰੰਤੂ ਗਰੀਬ ਹੋਣ ਕਰਕੇ ਉਹ ਮੋੜਨ ਤੋਂ ਅਸਮਰੱਥ ਸੀ। ਜਿਸ 'ਤੇ ਦੁਖੀ ਹੋ ਕੇ ਉਹ ਆਪਣੀ ਜੀਵਨ ਲੀਲ੍ਹਾ ਖਤਮ ਕਰ ਰਿਹਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦੇਂਦਿਆਂ ਮ੍ਰਿਤਕ ਕਿਸਾਨ ਦੇ ਪੁੱਤਰ ਵੰਸਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਤੇ ਕਰਜ਼ੇ ਨੂੰ ਮੋੜਨ ਲਈ ਦਬਾਅ ਨੂੰ ਲੈ ਕੇ ਕਾਫੀ ਪ੍ਰੇਸ਼ਾਨ ਸੀ ਜਿਸ 'ਤੇ ਅੱਜ ਸਵੇਰੇ ਉਸ ਨੇ ਘਰ ਦੇ ਪਿਛਲੇ ਪਾਸੇ ਪਸ਼ੂਆਂ ਵਾਲੇ ਵਰਾਂਡੇ ਵਿੱਚ ਗਾਡਰ ਨਾਲ ਰੱਸਾ ਬੰਨ੍ਹ ਕੇ ਫਾਹਾ ਲੈ ਲਿਆ। ਜਿਸ ਦਾ ਪਤਾ ਲੱਗਣ 'ਤੇ ਅਸੀਂ ਉਸ ਨੂੰ ਜਦੋਂ ਤੱਕ ਹੇਠਾਂ ਲਾਹਿਆ ਉਦੋਂ ਤੱਕ ਮੇਰਾ ਪਿਤਾ ਦੀ ਮੌਤ ਹੋ ਚੁੱਕੀ ਸੀ। ਘਟਨਾ ਦਾ ਪਤਾ ਚੱਲਣ 'ਤੇ ਥਾਣਾ ਸਰਾਏ ਅਮਾਨਤ ਖਾਂ ਤੋਂ ਪੁਲਸ ਮੌਕੇ 'ਤੇ ਪਹੁੰਚੀ ਅਤੇ ਮ੍ਰਿਤਕ ਕਿਸਾਨ ਦੀ ਦੇਹ ਅਤੇ ਸੁਸਾਈਡ ਨੋਟ ਨੂੰ ਕਬਜ਼ੇ ਵਿੱਚ ਲੈ ਕੇ ਕਾਨੂੰਨ ਕਾਰਵਾਈ ਸ਼ੁਰੂ ਕਰ ਦਿੱਤੀ।

ਥਾਣੇਦਾਰ ਸਤਪਾਲ ਨੇ ਦੱਸਿਆ ਕਿ ਸੁਸਾਈਡ ਨੋਟ ਦੇ ਅਧਾਰ 'ਤੇ ਸਬੰਧਤ ਆੜ੍ਹਤੀ ਅਤੇ ਬੈਂਕ ਬਰਾਂਚ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਦੋਂ ਕਿ ਆੜ੍ਹਤੀ ਗੁਰਿੰਦਰ ਸਿੰਘ ਨਾਲ ਸੰਪਰਕ ਕਰਨ 'ਤੇ ਉਸ ਨੇ ਤੰਗ ਪ੍ਰੇਸ਼ਾਨ ਕਰਨ ਵਾਲੀ ਗੱਲ ਨੂੰ ਗਲਤ ਦੱਸਦਿਆਂ ਕਿਹਾ ਕਿ ਸਬੰਧਤ ਕਿਸਾਨ ਨੇ ਉਸ ਕੋਲੋਂ ਪੈਸੇ ਉਧਾਰ ਜ਼ਰੂਰ ਲਏ ਪ੍ਰੰਤੂ ਉਸ 'ਤੇ ਕੋਈ ਦਬਾਅ ਨਹੀਂ ਪਾਇਆ।

# ਚਾਵਾ ਦੇ ਰਾਮ ਮੰਦਰ 'ਚ ਗੈਸ ਸਿਲੰਡਰ ਨੂੰ ਅੱਗ, 50 ਹਜ਼ਾਰ ਦਾ ਨੁਕਸਾਨ



ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਚਾਵਾ ਵਿਖੇ ਰਾਮ ਮੰਦਰ ਵਿਚ ਅਚਾਨਕ ਗੈਸ ਸਿਲੰਡਰ ਨੂੰ ਅੱਗ ਲੱਗਣ ਨਾਲ ਸੰਗਤਾਂ ਵਿਚ ਸਵੇਰੇ 7 ਵਜੇ ਕਰੀਬ ਹਫੜਾ ਦਫੜਾ ਮਚ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਦਰ ਦੇ ਪ੍ਰਧਾਨ ਰਾਜੇਸ਼ ਮਿਨਹਾਸ ਨੇ ਦੱਸਿਆ ਕਿ ਅੱਜ ਸਵੇਰੇ ਮੰਦਰ ਵਿਚ ਪਾਠ ਪੂਜਾ ਕਰਨ ਲਈ ਆਈਆਂ ਸੰਗਤਾਂ ਵਾਸਤੇ ਕੁਝ ਔਰਤਾਂ ਗੈਸ ਵਾਲੀ ਭੱਠੀ 'ਤੇ ਚਾਹ ਬਣਾ ਰਹੀਆਂ ਸਨ ਕਿ ਅਚਾਨਕ ਗੈਸ ਸਿਲੰਡਰ ਦੀ ਪਾਈਪ ਨੂੰ ਅੱਗ ਲੱਗ ਗਈ। ਉਨ੍ਹਾ ਕਿਹਾ ਜਿਸ ਸਿਲੰਡਰ ਨੂੰ ਅੱਗ ਲੱਗ ਪਈ ਸੀ, ਉਸ 'ਤੇ ਸੰਗਤਾਂ ਵਲੋਂ ਬੋਰੀਆਂ ਗਿੱਲੀਆਂ ਕਰਕੇ ਸੁੱਟਣ ਤੋਂ ਇਲਾਵਾ ਨਜ਼ਦੀਕੀ ਪੈਟਰੋਲ ਪੰਪ ਤੋਂ ਅੱਗ ਬੁਝਾਊ ਯੰਤਰ ਲਿਆ ਕੇ ਅੱਗ 'ਤੇ ਕਾਬੂ ਪਾਇਆ ਗਿਆ। ਉਨ੍ਹਾਂ ਕਿਹਾ ਮੰਦਰ ਵਿਚ ਦੋ ਹੋਰ ਸਿਲੰਡਰ ਗੈਸ ਨਾਲ ਭਰੇ ਹੋਏ ਸਨ ਅਤੇ ਹੋਰ ਵੀ ਕਾਫ਼ੀ ਸਮਾਨ ਪਿਆ ਸੀ ਜੋ ਅੱਗ ਦੀ ਭੇਟ ਚੜ੍ਹਨ ਤੋਂ ਬੱਚ ਗਿਆ। ਉਨ੍ਹਾ ਕਿਹਾ ਕਿ ਇਸ ਘਟਨਾ ਨਾਲ ਮੰਦਰ ਅੰਦਰ ਪਈ ਅਲਮਾਰੀ ਅਤੇ ਇਨਵਰਟਰ ਬੁਰੀ ਤਰ੍ਹਾਂ ਨਾਲ ਸੜ ਕੇ ਸੁਆਹ ਹੋ ਗਏ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਉਨ੍ਹਾਂ ਕਿਹਾ ਅੱਗ ਲੱਗਣ ਨਾਲ ਉਨ੍ਹਾਂ ਦਾ 50 ਹਜ਼ਾਰ ਦੇ ਕਰੀਬ ਨੁਕਸਾਨ ਹੋਇਆ ਹੈ।

# ਆਰ ਡੀ ਖੋਸਲਾ ਸਕੂਲ ਦੇ ਵਿਦਿਆਰਥੀਆਂ ਵਿਰਸੇ ਦਾ ਸਤਿਕਾਰ ਤੇ ਸੁਰੱਖਿਆ ਕਰਨ ਦਾ ਪ੍ਰਣ ਲਿਆ




ਬਟਾਲਾ (ਤਰਲੋਕ ਬੱਗਾ)- ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਵਿਸ਼ਵ ਵਿਰਾਸਤ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੇ ਕਵਿਤਾਵਾਂ, ਭਾਸ਼ਣਾਂ ਅਤੇ ਨਾਅਰਿਆਂ ਰਾਹੀਂ ਆਪਣੇ ਵਿਰਸੇ ਨੂੰ ਪ੍ਰਗਟ ਕਰਦਿਆਂ ਸਾਰਿਆਂ ਨੂੰ ਵਿਸ਼ਵ ਵਿਰਾਸਤ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸੱਭਿਆਚਾਰਕ ਵਿਰਸੇ ਦੀ ਰਾਖੀ ਲਈ ਜਾਗਰੂਕਤਾ ਪੈਦਾ ਕੀਤੀ। ਉਨ੍ਹਾਂ ਸੱਭਿਆਚਾਰਕ ਵਿਰਸੇ ਦਾ ਸਤਿਕਾਰ ਅਤੇ ਰੱਖਿਆ ਕਰਨ ਦਾ ਵਾਅਦਾ ਕੀਤਾ। ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਸ਼ਵ ਵਿਰਾਸਤ ਦਿਵਸ ਦੀ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਸਾਲ ਇਸ ਦਿਵਸ ਦਾ ਵਿਸ਼ਾ ਵਿਭਿੰਨਤਾ ਨੂੰ ਖੋਜਣਾ ਅਤੇ ਅਨੁਭਵ ਕਰਨਾ ਹੈ। ਹਰ ਸਾਲ 18 ਅਪ੍ਰੈਲ ਨੂੰ ਇਸ ਦਿਨ ਨੂੰ ਮਨਾਉਣ ਦਾ ਮਕਸਦ ਲੋਕਾਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੇ ਸਤਿਕਾਰ ਅਤੇ ਸੰਭਾਲ ਲਈ ਜਾਗਰੂਕ ਕਰਨਾ ਅਤੇ ਭਾਰਤੀ ਸੱਭਿਆਚਾਰ ਤੋਂ ਜਾਣੂ ਕਰਵਾਉਣਾ ਹੈ।

ਵਿਸ਼ਵ ਵਿਰਾਸਤ ਦਿਵਸ ਨੂੰ ਸਮਾਰਕਾਂ ਅਤੇ ਇਤਿਹਾਸਕ ਸਥਾਨਾਂ ਦੇ ਅੰਤਰਰਾਸ਼ਟਰੀ ਦਿਵਸ ਵਜੋਂ ਜਾਣਿਆ ਜਾਂਦਾ ਹੈ।

ਇਤਿਹਾਸਕ ਇਮਾਰਤਾਂ ਅਤੇ ਸਮਾਰਕ ਵਿਸ਼ਵ ਵਿਰਾਸਤ ਹਨ ਅਤੇ ਇਨ੍ਹਾਂ ਨੂੰ ਸੰਭਾਲਣਾ ਸਾਡਾ ਸਾਰਿਆਂ ਦਾ ਫਰਜ਼ ਹੈ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਨੇ ਵਿਸ਼ਵ ਵਿਰਾਸਤ ਦਿਵਸ 'ਤੇ ਸਾਰਿਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਾਡਾ ਵਿਰਸਾ ਸਾਡੇ ਭਾਰਤੀ ਸੱਭਿਆਚਾਰ ਦੀ ਪਛਾਣ ਹੈ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਇਸ ਦੀ ਸਾਂਭ ਸੰਭਾਲ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ ਅਤੇ ਇਸ ਦੀ ਰੱਖਿਆ ਕਰਨੀ ਚਾਹੀਦੀ ਹੈ।

# ਸੀ ਐੱਮ ਦੀ ਯੋਗਸ਼ਾਲਾ ਦਾ ਲੈ ਰਹੇ ਨੇ ਅਨੇਕਾਂ ਲੋਕ ਫਾਇਦਾ



ਕਲਾਨੌਰ, (ਮਨਦੀਪ ਕੋਹਲੀ )- ਜਿੱਥੇ ਪਹਿਲਾਂ ਦੇਸ਼ ਵਿੱਚ ਸਾਲ ਚ ਇੱਕ ਦਿਨ ਯੋਗ ਡੇਅ ਵਜੋਂ ਮਨਾਇਆ ਜਾਂਦਾ ਸੀ, ਪਰ ਹੁਣ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵਜੋਂ ਵੱਲੋਂ ਸੀ ਐਮ ਜੀ ਦੀ ਯੋਗਸ਼ਾਲਾ ਤਹਿਤ ਚਲਾਏ ਪ੍ਰੋਗਰਾਮ ਵਿੱਚ ਹਰ ਸ਼ਹਿਰ ਤਹਿਸੀਲ ਅਤੇ ਬਲਾਕ ਪੱਧਰ 'ਤੇ ਸਰਕਾਰ ਵੱਲੋਂ ਯੋਗ ਕਰਵਾਉਣ ਵਾਲੇ ਟੀਚਰਾਂ ਨੂੰ ਨੌਕਰੀਆਂ ਦੇ ਕੇ ਲੋਕਾਂ ਨੂੰ ਫਰੀ ਯੋਗ ਕਰਵਾਇਆ ਜਾ ਰਿਹਾ ਹੈ।

ਇਸੇ ਤਹਿਤ ਕਲਾਨੌਰ ਵਿੱਚ ਵੀ ਸੀਐਮ ਦੀ ਯੋਗਸ਼ਾਲਾ ਤਹਿਤ ਸਰਕਾਰ ਵੱਲੋਂ ਭੇਜੇ ਸੁਸੇਨ ਤ੍ਰਿਪਾਟੀ ਵੱਲੋਂ ਕਲਾਨੌਰ ਦੇ ਵੱਖ-ਵੱਖ ਇਲਾਕਿਆਂ ਵਿੱਚ ਯੋਗ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ ਜਿਸ ਵਿੱਚ ਔਰਤਾਂ ਅਤੇ ਮਰਦਾਂ ਤੋਂ ਇਲਾਵਾ ਬੱਚੇ ਵੀ ਯੋਗ ਦਾ ਲਾਭ ਲੈ ਰਹੇ ਹਨ। ਸੁਸੇਨ ਤ੍ਰਿਪਾਟੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਯੋਗ ਦੀਆਂ ਕਲਾਸਾਂ ਵਿੱਚ ਆਉਣ ਅਤੇ ਯੋਗ ਕਰਕੇ ਆਪਣੇ ਸਰੀਰ ਨੂੰ ਨਿਰੋਗ ਬਣਾਉਣ ਕਿਉਂਕਿ ਅੱਜਕੱਲ੍ਹ ਜ਼ਿਆਦਾਤਰ ਲੋਕ ਫਾਸਟ ਫੂਡ ਅਤੇ ਬਾਹਰ ਦਾ ਖਾਣਾ ਹੀ ਖਾ ਰਹੇ ਹਨ ਜੋ ਕਿ ਸਾਡੀ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੱਕ ਆਪਣਾ ਤੰਦਰੁਸਤ ਜੀਵਨ ਬਤੀਤ ਕਰਨ ਲਈ ਯੋਗ ਬਹੁਤ ਹੀ ਜ਼ਰੂਰੀ ਹੈ।

# ਮਾਝਾ ਪ੍ਰੈੱਸ ਕਲੱਬ ਦੀ ਸਲਾਨਾ ਮੀਟਿੰਗ 'ਚ ਭੂਪਿੰਦਰ ਸਿੰਘ ਸਿੱਧੂ ਨੂੰ ਕਲੱਬ ਦਾ ਨਵਾਂ ਪ੍ਰਧਾਨ ਥਾਪਿਆ



ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)-ਅੱਜ ਮਾਝਾ ਪ੍ਰੈਸ ਕਲੱਬ ਅੰਮ੍ਰਿਤਸਰ ਦੀ ਸਲਾਨਾ ਮੀਟਿੰਗ ਜੰਡਿਆਲਾ ਗੁਰੂ ਵਿਖੇ ਹੋਈ ਜਿਸ ਵਿੱਚ ਪਿਛਲੇ ਸਾਲ ਦੀਆਂ ਕਲੱਬ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ ਗਿਆ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਦਰਪੇਸ਼ ਸਮੱਸਿਆਵਾਂ ਨਾਲ ਕਿਵੇਂ ਨਜਿੱਠਣਾ ਹੈ, ਉਸ ਤੇ ਵਿਚਾਰ ਚਰਚਾ ਕੀਤੀ ਗਈ। ਪੱਤਰਕਾਰਾਂ ਨੂੰ ਫੀਲਡ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਖੁੱਲ੍ਹ ਕੇ ਵਿਚਾਰ ਚਰਚਾ ਹੋਈ। ਇਸ ਸਬੰਧ ਵਿੱਚ ਹਰੇਕ ਆਗੂ ਨੇ ਆਪਣੀ ਰਾਇ ਜ਼ਾਹਰ ਕੀਤੀ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਪੱਤਰਕਾਰਤਾ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਜੋ ਲੋਕਾਂ ਦੀ ਅਵਾਜ਼ ਨੂੰ ਬੁਲੰਦ ਕਰਕੇ ਸਰਕਾਰੇ ਦਰਬਾਰੇ ਪਹੁੰਚਾਉਂਦਾ ਹੈ ਅਤੇ ਸਮਾਜ ਵਿੱਚ ਹੋ ਰਹੀਆ ਬੁਰਾਈਆਂ ਨੂੰ ਉਜਾਗਰ ਕਰਦਾ ਹੈ। ਚੰਗਿਆਈਆਂ ਨੂੰ ਵੀ ਸਮਾਜ ਦੇ ਸਾਹਮਣੇ ਰੱਖਦਾ ਹੈ। ਪਰ ਅੱਜ ਸਰਕਾਰਾਂ ਵਲੋਂ ਪੱਤਰਕਾਰਾਂ ਨੂੰ ਦਬਾਇਆ ਜਾ ਰਿਹਾ ਹੈ ਅਤੇ ਉਨ੍ਹਾਂ 'ਤੇ ਵੱਖ ਵੱਖ ਤਰ੍ਹਾਂ ਦੀ ਸੈਂਸਰਸ਼ਿਪ ਲਗਾਈ ਜਾ ਰਹੀ ਹੈ ਜੋ ਲੋਕਤੰਤਰ ਵਾਸਤੇ ਖਤਰਾ ਹੈ। ਅੱਜ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਭਵਿੱਖ ਵਿੱਚ ਕਿਸੇ ਵੀ ਪੱਤਰਕਾਰ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸਮੂਹ ਪੱਤਰਕਾਰ ਭਾਈਚਾਰਾ ਉਸ ਦਾ ਸਾਥ ਦੇਵੇਗਾ। ਅਖੀਰ ਵਿੱਚ ਨਵੇਂ ਸਾਲ ਦੀ ਪਲੇਠੀ ਮੀਟਿੰਗ ਵਿੱਚ ਰਸਮੀ ਤੌਰ 'ਤੇ ਨਵੇਂ ਢਾਂਚੇ ਦੀ ਚੋਣ ਕੀਤੀ ਗਈ ਜਿਸ ਵਿੱਚ ਲਖਬੀਰ ਸਿੰਘ ਗਿੱਲ ਨੂੰ ਚੇਅਰਮੈਨ, ਭੂਪਿੰਦਰ ਸਿੰਘ ਸਿੱਧੂ ਨੂੰ ਪ੍ਰਧਾਨ, ਗੁਪਾਲ ਸਿੰਘ ਨੂੰ ਵਾਈਸ ਪ੍ਰਧਾਨ, ਪਰਗਟ ਸਿੰਘ ਘਣਗਸ ਨੂੰ ਵਾਈਸ ਚੇਅਰਮੈਨ, ਸਤਿੰਦਰਬੀਰ ਸਿੰਘ ਹੁੰਦਲ ਨੂੰ ਜਨਰਲ ਸਕੱਤਰ, ਜਗਤਾਰ ਸਿੰਘ ਬੰਡਾਲਾ ਨੂੰ ਜੁਆਇੰਟ ਸਕੱਤਰ, ਗੁਰਪ੍ਰੀਤ ਸਿੰਘ ਚੰਦੀ ਨੂੰ ਕੈਸ਼ੀਅਰ, ਡਾ. ਨਰਿੰਦਰ ਸਿੰਘ ਨੂੰ ਵਾਈਸ ਚੇਅਰਮੈਨ, ਰਵਿੰਦਰ ਸਿੰਘ ਗਿੱਲ ਪੀਟੀ ਨੂੰ ਬੁਲਾਰਾ, ਅੰਗਰੇਜ਼ ਸਿੰਘ ਨੂੰ ਮੁੱਖ ਬੁਲਾਰਾ, ਜਸਬੀਰ ਸਿੰਘ ਭੋਲਾ ਨੂੰ ਮਾਨਾਵਾਲਾ ਏਰੀਏ ਦਾ ਇੰਚਾਰਜ ਅਤੇ ਬੌਬੀ ਨੂੰ ਮਾਨਾਵਾਲੇ ਤੋਂ ਸਹਾਇਕ ਇੰਚਾਰਜ ਥਾਪਿਆ ਗਿਆ। ਇਸ ਮੌਕੇ ਨਵੀਂ ਗਠਤ ਟੀਮ ਵਲੋਂ ਭੂਪਿੰਦਰ ਸਿੰਘ ਸਿੱਧੂ ਨੇ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ। ਅਖੀਰ ਵਿੱਚ ਪ੍ਰਧਾਨ ਭੂਪਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

# ਕਿਸਾਨ ਆਗੂ ਸਵਿੰਦਰ ਸਿੰਘ ਦੋਦੇ ਦੀ ਅੰਤਿਮ ਅਰਦਾਸ ਪਿੰਡ ਦੋਦੇ 'ਚ ਭਲਕੇ



ਝਬਾਲ (ਮੱਖਣ ਮਨੋਜ)-ਬੀਤੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸੰਘਰਸ਼ੀ ਕਿਸਾਨ ਆਗੂ ਸਵਿੰਦਰ ਸਿੰਘ ਦੋਦੇ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਜਾਣ ਉਪਰੰਤ ਅੰਤਿਮ ਅਰਦਾਸ, ਸ਼ਬਦ ਕੀਰਤਨ ਤੇ ਸ਼ਰਧਾਂਜਲੀ ਸਮਾਗਮ 20 ਅਪ੍ਰੈਲ ਨੂੰ ਗੁਰਦੁਆਰਾ ਬਾਬਾ ਸ਼ਹੀਦਾਂ ਸਾਹਿਬ ਪਿੰਡ ਦੋਦੇ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਸਕੱਤਰੇਤ ਦੇ ਆਗੂ ਜਸਬੀਰ ਸਿੰਘ ਗੰਡੀਵਿੰਡ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਜਸਬੀਰ ਸਿੰਘ ਚੀਮਾ, ਸੀ ਪੀ ਆਈ ਦੇ ਜ਼ਿਲ੍ਹਾ ਆਗੂ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਸਵਿੰਦਰ ਦੋਦੇ ਦਾ ਸੰਘਰਸ਼ਮਈ ਜੀਵਨ ਕਿਸਾਨ ਜਥੇਬੰਦੀਆਂ ਦੇ ਨਾਲ 2004 ਤੋਂ ਸ਼ੁਰੂ ਹੋਇਆ ਜੋ ਉਸ ਸਮੇਂ ਦੀ ਕਾਂਗਰਸ ਸਰਕਾਰ ਸਮੇਂ ਬੰਬੀਆਂ ਦੇ ਬਿੱਲ ਬਾਈਕਾਟ ਦੇ ਵਿਰੁੱਧ ਲੜਿਆ ਗਿਆ। ਜਿਸ ਵਿੱਚ ਕਿਸਾਨ ਆਗੂ ਸਵਿੰਦਰ ਦੋਦੇ ਨੇ ਕਈ ਵਾਰ ਜੇਲ੍ਹਾਂ ਵੀ ਕੱਟੀਆਂ। ਉਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ ਵੱਖ ਵੱਖ ਲੜੇ ਗਏ ਮੋਰਚੇ ਭਾਵੇਂ ਉਹ ਜ਼ਮੀਨ ਮੋਰਚੇ ਹੋਣ, ਭਾਵੇਂ ਕਰਜ਼ਾ ਮੁਕਤੀ ਹੋਣ, ਜਿਸ ਦੇ ਚਲਦਿਆਂ ਮੋਦੀ ਸਰਕਾਰ ਵਿਰੁੱਧ ਲੜੇ ਗਏ 2020 'ਚ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀ ਲੜਾਈ ਦੇ ਦਿੱਲੀ ਲਗਾਤਾਰ ਰਿਹਾ ਅਤੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾ ਕੇ ਵਾਪਸ ਪਰਤਿਆ ਅਤੇ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਕਿਸਾਨ ਹੱਕਾਂ ਦੀ ਰਾਖੀ ਲਈ ਸੰਘਰਸ਼ ਵਿੱਚ ਰਿਹਾ, ਜਿਸ ਦੀ ਮੌਤ ਨਾਲ ਕਿਸਾਨ ਲਹਿਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੀ ਅੰਤਿਮ ਅਰਦਾਸ 20 ਅਪ੍ਰੈਲ ਨੂੰ ਗੁਰਦੁਆਰਾ ਬਾਬੇ ਸ਼ਹੀਦਾਂ ਸਾਹਿਬ ਪਿੰਡ ਦੋਦੇ ਵਿਖੇ ਹੋਵੇਗੀ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਬੱਚਿਆਂ ਨੇ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਬੱਚਿਆਂ ਨੇ ਸਾਇੰਸ ਓਲੰਪੀਆਡ ਫਾਊਂਡੇਸ਼ਨ ਨਵੀਂ ਦਿੱਲੀ ਵੱਲੋਂ ਕਰਵਾਈ ਗਈ ਪ੍ਰਤੀਯੋਗਤਾ ਪ੍ਰੀਖਿਆ 'ਚ ਮੱਲਾਂ ਮਾਰੀਆਂ। ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸੈਸ਼ਨ 2022-23 ਦੇ ਸਾਇੰਸ ਓਲੰਪੀਆਡ ਫਾਊਂਡੇਸ਼ਨ, ਨਵੀਂ ਦਿੱਲੀ ਵੱਲੋਂ ਕਰਵਾਈ ਗਈ ਸੋਸ਼ਲ ਸਾਇੰਸ ਓਲੰਪੀਆਡ ਵਿੱਚ 102 ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 15 ਵਿਦਿਆਰਥੀਆਂ ਨੇ ਗੋਲਡ ਮੈਡਲ ਐਕਸੀਲੈਂਸ ਅਤੇ 36 ਵਿਦਿਆਰਥੀਆਂ ਨੇ ਜ਼ੋਨਲ ਮੈਡਲ ਅਤੇ ਡਿਸਟਿੰਕਸ਼ਨ ਹਾਸਲ ਕੀਤੇ। ਕੰਪਿਊਟਰ ਓਲੰਪੀਆਡ ਵਿੱਚ 122 ਵਿਦਿਆਰਥੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 38 ਵਿਦਿਆਰਥੀਆਂ ਨੇ ਗੋਲਡ ਅਤੇ ਡਿਸਟਿੰਕਸ਼ਨ। 35 ਵਿਦਿਆਰਥੀਆਂ ਨੇ ਗੋਲਡ ਮੈਡਲ ਅਤੇ ਐਕਸੀਲੈਂਸ ਪ੍ਰਾਪਤ ਕੀਤੇ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ ਅਤੇ ਸਕੂਲ ਪ੍ਰਿੰਸੀਪਲ ਅਨਰੀਤ ਬਾਵਾ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਅਤੇ ਇਸ ਸ਼ਾਨਦਾਰ ਸਫਲਤਾ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਮਿਹਨਤ ਕਰਕੇ ਬੁਲੰਦੀਆਂ ਨੂੰ ਛੂਹਣ ਲਈ ਪ੍ਰੇਰਿਤ ਕੀਤਾ।

# ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਧਾਰੀਵਾਲ ਪੁਲਸ ਦੇ ਏ.ਐਸ.ਆਈ. ਹਰਭਜਨ ਚੰਦ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਇਕ ਇਤਲਾਹ 'ਤੇ ਇਕ ਔਰਤ ਵਾਸੀ ਨਵੀਂ ਆਬਾਦੀ ਕੰਗ ਦੇ ਘਰ ਰੇਡ ਕਰਕੇ ਔਰਤ ਨੂੰ 15000 ਐਮ.ਐਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਥਾਣਾ ਕਾਹਨੂੰਵਾਨ ਦੇ ਏ.ਐਸ.ਆਈ. ਕੰਸ ਰਾਜ ਨੇ ਪਿੰਡ ਦੀ ਬਣੀ ਪਾਰਕ ਨੇੜੇ ਰੇਡ ਕਰਕੇ ਸੁੱਖਾ ਮਸੀਹ ਘੁੱਕੀ ਪੁੱਤਰ ਰੋਸ਼ਨ ਮਸੀਹ ਵਾਸੀ ਜਾਗੋਵਾਲ ਬਾਂਗਰ ਨੂੰ 6750 ਐਮ.ਐਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਥਾਣਾ ਘੁੰਮਣ ਕਲਾ ਦੇ ਏ.ਐਸ.ਆਈ. ਰਾਜਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਪਿੰਡ ਗਾਦੜੀਆਂ ਨਜ਼ਦੀਕ ਵਿੱਕੀ ਮਸੀਹ ਪੁੱਤਰ ਹਦੈਤ ਮਸੀਹ ਵਾਸੀ ਗਾਦੜੀਆ ਜੋ ਗਾਦੜੀਆਂ ਵਿਖੇ ਮੀਟ ਅੰਡੇ ਦੀ ਦੁਕਾਨ ਕਰਦਾ ਹੈ, ਉਹ ਆਪਣੀ ਦੁਕਾਨ ਵਿੱਚ ਗ੍ਰਾਹਕਾਂ ਨੂੰ ਸ਼ਰਾਬ ਠੇਕਾ ਬਿਨਾਂ ਕਿਸੇ ਮਨਜ਼ੂਰੀ ਜਾਂ ਲਾਇਸੰਸ ਤੋਂ ਪਿਆ ਰਿਹਾ ਹੈ ਜਿਸ 'ਤੇ ਤਫਤੀਸ਼ੀ ਅਫਸਰ ਨੇ ਸਮੇਤ ਪੁਲਸ ਪਾਰਟੀ ਦੁਕਾਨ 'ਤੇ ਰੇਡ ਕਰਕੇ ਦੁਕਾਨ ਅੰਦਰੋਂ 3 ਬੋਤਲਾਂ ਸ਼ਰਾਬ ਠੇਕਾ ਮਾਰਕਾ ਬਲੈਕ ਹਾਰਨ ਵਿਸਕੀ, ਟੇਬਲ ਤੋਂ ਦੋ ਖਾਲੀ ਗਿਲਾਸ ਅਤੇ ਇੱਕ ਜੱਗ ਬਰਾਮਦ ਕੀਤਾ ਹੈ। ਇਸੇ ਤਰ੍ਹਾਂ ਥਾਣਾ ਕਲਾਨੌਰ ਦੇ ਐਸ.ਆਈ. ਗੁਰਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਅੱਡਾ ਖੁਸ਼ੀਪੁਰ ਵਿਖੇ ਰੇਡ ਕਰਕੇ ਹਮੀਦ ਮਸੀਹ ਪੁੱਤਰ ਮਾਧੋ ਮਸੀਹ ਵਾਸੀ ਖੁਸ਼ੀਪੁਰ ਨੂੰ ਕਾਬੂ ਕਰਕੇ ਉਸ ਪਾਸੋਂ 10 ਬੋਤਲਾਂ ਸ਼ਰਾਬ ਠੇਕਾ ਮਾਰਕਾ ਪੰਜਾਬ ਹਾਰਨ ਵਿਸਕੀ ਬਰਾਮਦ ਕੀਤੀ ਜਦੋਂਕਿ ਯੁੱਧਵੀਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਮਸਤਕੋਟ, ਭਿੰਦਾ ਵਾਸੀ ਨਾ-ਮਾਲੂਮ ਪੁਲਸ ਪਾਰਟੀ ਨੂੰ ਦੇਖ ਕੇ ਭੱਜ ਗਏ ਹਨ। ਪੁਲਸ ਨੇ ਇਨ੍ਹਾਂ ਸਾਰੇ ਕਥਿਤ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਕਾਮਰੇਡ ਰਮੇਸ਼ ਕੁਮਾਰ ਦੀ ਮੌਤ 'ਤੇ ਸੀ ਪੀ ਆਈ ਨੇਤਾਵਾਂ ਵੱਲੋਂ ਦੁੱਖ ਦਾ ਪ੍ਰਗਟਾਵਾ



ਦੀਨਾਨਗਰ (ਸੁਭਾਸ਼ ਕੈਰੇ)-ਸੀ ਪੀ ਆਈ ਦੇ ਬਲਾਕ ਦੀਨਾਨਗਰ ਤੋਂ ਕਮੇਟੀ ਮੈਂਬਰ ਕਾਮਰੇਡ ਰਮੇਸ਼ ਕੁਮਾਰ ਘੁੱਲਾ ਦੀ ਪਿਛਲੇ ਦਿਨੀਂ ਹੋਈ ਮੌਤ 'ਤੇ ਪਾਰਟੀ ਦੇ ਸਮੂਹ ਆਗੂਆਂ ਤੇ ਵਰਕਰਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸੀ ਪੀ ਆਈ ਦੇ ਹਲਕਾ ਦੀਨਾਨਗਰ ਇੰਚਾਰਜ ਕਾਮਰੇਡ ਸੁਭਾਸ਼ ਕੈਰੇ, ਬਲਾਕ ਮੀਤ ਸਕੱਤਰ ਸੁਖਦੇਵ ਸਿੰਘ ਕਾਹਲੋਂ, ਜਨਕ ਰਾਜ, ਯਸ਼ਪਾਲ, ਵਿਪਨ ਕੁਮਾਰ, ਖੇਤ ਮਜ਼ਦੂਰ ਸਭਾ ਦੇ ਬਲਾਕ ਸਕੱਤਰ ਕੁਲਦੀਪ ਸਿੰਘ ਘੁੱਲਾ, ਇਸਤਰੀ ਸਭਾ ਦੀ ਆਗੂ ਬੀਬੀ ਅਵਤਾਰ ਕੌਰ ਅਤੇ ਸਰਬਜੀਤ ਕੁਮਾਰੀ ਨੇ ਇਸ ਸਬੰਧੀ ਬਿਆਨ ਜਾਰੀ ਕਰਕੇ ਕਾਮਰੇਡ ਰਮੇਸ਼ ਕੁਮਾਰ ਘੁੱਲਾ ਦੀ ਬੇਵਕਤੀ ਮੌਤ ਨੂੰ ਪਾਰਟੀ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ ਅਤੇ ਕਿਹਾ ਕਿ ਪਾਰਟੀ ਉਨ੍ਹਾਂ ਦੁਆਰਾ ਕੀਤੇ ਕੰਮਾਂ ਅਤੇ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖੇਗੀ।

ਹਲਕਾ ਇੰਚਾਰਜ ਸੁਭਾਸ਼ ਕੈਰੇ ਨੇ ਦੱਸਿਆ ਕਿ ਰਮੇਸ਼ ਕੁਮਾਰ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 21 ਅਪ੍ਰੈਲ ਨੂੰ ਸ੍ਰੀ ਗੁਰੂ ਰਵਿਦਾਸ ਭਵਨ ਗੁਰਦਾਸਪੁਰ ਵਿਖੇ ਹੋਵੇਗਾ। ਉਨ੍ਹਾਂ ਸਮੂਹ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ।

# ਮੁਹੱਲਾ ਅਨੰਦ ਨਗਰ ਨਿਵਾਸੀਆਂ ਵੱਲੋਂ ਚੋਣਾਂ ਦਾ ਬਾਈਕਾਟ

**ਕੋਟਕਪੂਰਾ, (ਰਛਪਾਲ ਭੁੱਲਰ)** ਕੋਟਕਪੂਰਾ ਦੇ ਅਨੰਦ ਨਗਰ ਦੇ ਵਸਨੀਕਾਂ ਨੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਸਾਰੇ ਉਮੀਦਵਾਰਾਂ/ਲੀਡਰਾਂ ਨੂੰ ਹਦਾਇਤ ਕੀਤੀ ਕਿ ਉਹ ਮੁਹੱਲੇ 'ਚ ਆਉਣ ਵੇਲੇ ਆਪਣੇ ਨਾਲ ਮੁਹੱਲੇ 'ਚ ਉਹਨਾਂ ਦੀ ਪਾਰਟੀ ਵੱਲੋਂ ਕਰਵਾਏ ਕੰਮਾਂ ਦੇ ਵੇਰਵੇ ਨਾਲ ਲੈ ਕੇ ਆਉਣ। ਮੁਹੱਲੇ ਦੇ ਸਮੂਹ ਵਸਨੀਕਾਂ ਵੱਲੋਂ ਰਾਜਨੀਤਿਕ ਆਗੂਆਂ ਦੇ ਲਾਰਿਆਂ ਕਾਰਨ ਮੁਕੰਮਲ ਬਾਈਕਾਟ ਕਰਨ ਦਾ ਨਿਰਣਾ ਕਰ ਲਿਆ ਹੈ ਤੇ ਚਿਤਾਵਨੀ ਵਜੋਂ ਮੁਹੱਲੇ 'ਚ ਦਾਖਲ ਰਸਤੇ ਤੇ ਫਲੈਕਸ ਲਮਕਾਅ ਦਿੱਤਾ ਗਿਆ ਹੈ। ਮੁਹੱਲਾ ਵਾਸੀਆਂ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਬੜੇ ਉਤਸ਼ਾਹ ਨਾਲ ਬਦਲਾਅ ਲਿਆਉਣ ਲਈ ਸੱਤਾਧਾਰੀ ਪਾਰਟੀ ਨੂੰ ਵੋਟਾਂ ਪਾਈਆਂ ਸਨ, ਪਰ ਇਸ ਮੁਹੱਲੇ ਨੂੰ ਜੋ ਰਸਤਾ ਜਾਂਦਾ ਸੀ ਉਸ ਵਿੱਚ ਰੇਲਵੇ ਦੀ ਜਗਾ ਆਉਂਦੀ। ਇਸ ਰਸਤੇ 'ਚ ਕੁਝ ਵਿਅਕਤੀਆਂ ਨੇ ਰਸਤੇ ਦਾ ਕਾਫੀ ਹਿੱਸਾ ਰੋਕਿਆ ਹੋਇਆ ਸੀ। ਫਲਾਈ ਓਵਰ ਬਨਣ ਉਪਰੰਤ ਰੇਲਵੇ ਵੱਲੋਂ ਨਿਸ਼ਾਨਦੇਹੀ ਕਰਵਾ ਕੇ ਆਪਣੀ ਜਗ੍ਹਾ ਨੂੰ ਰੋਕ ਲਿਆ ਤੇ ਬਾਕੀ ਕੇਵਲ ਸਕੂਟਰਾਂ ਆਦਿ ਲਈ ਹੀ ਜਗ੍ਹਾ ਬਚੀ, ਜਿਸ ਕਾਰਨ ਮੁਹੱਲਾ ਵਾਸੀ ਡਾਢੀ ਮੁਸੀਬਤ 'ਚ ਆ ਗਏ। ਇਸ ਪਾਸੇ ਦਸ਼ਮੇਸ਼ ਗਲੋਬਲ ਸਕੂਲ ਬਣਿਆ ਹੋਣ ਕਾਰਨ ਸਕੂਲ ਦੇ ਬੱਚੇ ਬੱਚੀਆਂ ਲਈ ਵੀ ਭਾਰੀ ਮੁਸ਼ਕਲ ਪੈਦਾ ਹੋ ਗਈ। ਮੁਹੱਲੇ ਦੇ ਵਿਅਕਤੀਆਂ ਨੇ ਇਸ ਤਕਲੀਫ ਨੂੰ ਦੂਰ ਕਰਾਉਣ ਲਈ ਪ੍ਰਸਾਸਨ ਤੱਕ ਤੇ ਅਦਾਲਤੀ ਯਤਨਾਂ ਸਦਕਾ ਨਗਰ ਕੌਂਸਲ ਵੱਲੋਂ ਕੁਝ ਨਜਾਇਜ ਕਬਜੇ ਦੂਰ ਕਰਵਾ ਦਿੱਤੇ ਪਰ ਮਲਬਾ ਤੇ ਥੜੀਆ ਬਾਰੇ ਕੁਝ ਨਹੀਂ ਕੀਤਾ। ਹਲਕਾ ਕੋਟਕਪੂਰਾ ਦੇ ਵਿਧਾਇਕ ਜੋ ਸਪੀਕਰ ਪੰਜਾਬ ਵਿਧਾਨ ਸਭਾ ਹਨ ਬਾਰੇ ਵੀ ਅੰਦਰੋਂ ਅੰਦਰੀਂ ਗੁੱਸਾ ਹੈ, ਜਿਸ ਕਾਰਨ ਵਸਨੀਕਾਂ ਨੇ ਚੋਣਾਂ ਦੇ ਬਾਈਕਾਟ ਦਾ ਨਿਰਣਾ ਲਿਆ। ਰਸਤੇ ਬਾਰੇ ਸਥਾਨਕ ਈ ਓ ਦਾ ਜਵਾਬ ਸੀ ਕਿ ਇੱਕ ਵਿਅਕਤੀ ਨੇ ਫਰੀਦਕੋਟ ਦੀ ਸਿਵਲ ਅਦਾਲਤ 'ਚ ਕੇਸ ਪਾਇਆ ਹੋਇਆ ਹੈ ਤੇ ਅਦਾਲਤ ਨੇ ਸਥਾਨਕ ਐਸ ਡੀ ਐਮ ਨੂੰ ਲੋਕਲ ਕਮਿਸ਼ਨਰ ਤਾਇਨਾਤ ਕੀਤਾ ਹੈ ਜਿੰਨ੍ਹਾ ਦੀ ਰਿਪੋਰਟ ਦੇ ਅਧਾਰ 'ਤੇ ਅਦਾਲਤ ਦੇ ਫੈਸਲੇ ਅਨੁਸਾਰ ਕਾਰਵਾਈ ਕਰਨ ਲਈ ਕਿਹਾ। ਮਲਬੇ ਤੇ ਥੜੀਆਂ ਬਾਰੇ ਉਹਨਾਂ ਆਪਣੀ ਅਗਿਆਨਤਾ ਪ੍ਰਗਟ ਕੀਤੀ। ਇਸ ਮੌਕੇ ਜਗਸੀਰ ਸਿੰਘ ਖਾਰਾ ਪ੍ਰਧਾਨ ਮੁਹੱਲਾ ਵਿਕਾਸ ਕਮੇਟੀ, ਕੁਲਵੰਤ ਰਾਏ ਸ਼ਰਮਾ, ਪ੍ਰਿਤਪਾਲ ਸਿੰਘ, ਦਲਜਿੰਦਰ ਸਿੰਘ ਸੰਧੂ, ਮਨਜੀਤ ਸਿੰਘ ਠਾਣੇਦਾਰ, ਰਜਿੰਦਰ ਸਿੰਘ ਸਰਾਂ, ਵਿਸਾਖਾ ਸਿੰਘ ਸਰਾਂ, ਜੋਗਿੰਦਰ ਸਿੰਘ ਸੂਰਘੂਰੀ, ਪਿੰਸੀਪਲ ਦਸ਼ਮੇਸ਼ ਪਬਲਿਕ ਸਕੂਲ, ਮਾਪੇ, ਸਕੂਲ ਵੈਨਾਂ ਦੇ ਮਾਲਕ ਅਤੇ ਡਰਾਈਵਰ ਤੇ ਹੋਰ ਭਾਰੀ ਗਿਣਤੀ 'ਚ ਮੁਹੱਲਾ ਵਾਸੀ ਹਾਜ਼ਰ ਸਨ।

# ਸਿਮਰਨਜੀਤ ਸਿੰਘ ਮਾਨ ਗੁਰਦੁਆਰਾ ਜੋਤੀਸਰ ਸਾਹਿਬ ਵਿਖੇ ਹੋਏ ਨਤਮਸਤਕ



ਸੰਗਰੂਰ (ਪ੍ਰਵੀਨ ਸਿੰਘ ) ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਗੁਰਦੁਆਰਾ ਜੋਤੀਸਰ ਸਾਹਿਬ ਪਟਿਆਲਾ ਰੋਡ ਸੰਗਰੂਰ ਵਿਖੇ ਨਤਮਸਤਕ ਹੋਣ ਲਈ ਪਹੁੰਚੇ।

ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਉਪਰੰਤ ਗੁਰਬਾਣੀ ਦੇ ਅਲੌਕਿਕ ਕੀਰਤਨ ਦਾ ਆਨੰਦ ਮਾਣਿਆ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ। ਇਸ ਉਪਰੰਤ ਕਾਰ ਸੇਵਾ ਵਾਲੇ ਬਾਬਾ ਨਾਲ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਇਸ ਮੌਕੇ ਉਨ੍ਹਾਂ ਦੇ ਨਾਲ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਬੀਬੀ ਰਾਜਿੰਦਰ ਕੌਰ ਜੈਤੋ, ਕੁਲਵੰਤ ਸਿੰਘ ਕਲਕੱਤਾ, ਅਰਸਦੀਪ ਸਿੰਘ ਚਹਿਲ, ਸੁਖਪ੍ਰੀਤ ਸਿੰਘ, ਹਰੀਸ ਕੁਮਾਰ ਸਮੇਤ ਹੋਰ ਪਾਰਟੀ ਆਗੂ ਅਤੇ ਮੈਂਬਰ ਵੀ ਹਾਜਰ ਸਨ। ਇਸ ਮੌਕੇ ਸ੍ਰੀ ਮਾਨ ਨੇ ਕਿਹਾ ਕਿ ਉਹ ਅੱਜ ਇੱਥੇ ਆਪਣੇ ਕਿਸੇ ਸਿਆਸੀ ਪ੍ਰਚਾਰ ਲਈ ਨਹੀਂ, ਸਗੋਂ ਦਸਵੀਂ ਦੇ ਸ਼ੁਭ ਦਿਹਾੜੇ ਮੌਕੇ ਗੁਰੂ ਚਰਨਾਂ ਦਾ ਓਟ ਆਸਰਾ ਲੈਣ ਅਤੇ ਸੰਗਤ ਦੇ ਦਰਸਨ ਕਰਨ ਲਈ ਪਹੁੰਚੇ ਹਨ।

# ਟ੍ਰੈਫਿਕ ਸਟਾਫ ਵੱਲੋਂ ਸੜਕ ਸੁਰੱਖਿਆ ਸੰਬੰਧੀ ਸੈਮੀਨਾਰ



ਬਟਾਲਾ ( ਡਾਕਟਰ ਮਲਵਿੰਦਰ ਸਿੰਘ)- ਬਟਾਲਾ ਪੁਲਸ ਦੇ ਟ੍ਰੈਫਿਕ ਸਟਾਫ਼ ਵੱਲੋਂ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸੜਕ ਸੁਰੱਖਿਆ ਸੰਬੰਧੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਟ੍ਰੈਫਿਕ ਨਿਯਮਾਂ ਦੀ ਪਾਲਣਾ ਅਤੇ ਸੁਰੱਖਿਅਤ ਡਰਾਈਵਿੰਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ।

ਟ੍ਰੈਫਿਕ ਸਟਾਫ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹੁਣੇ ਤੋਂ ਹੀ ਟ੍ਰੈਫਿਕ ਨਿਯਮਾਂ ਸੰਬੰਧੀ ਜਾਣਕਾਰੀ ਹੋਵੇਗੀ ਤਾਂ ਉਹ ਸੜਕਾਂ 'ਤੇ ਚੱਲਣ ਸਮੇਂ ਸਾਵਧਾਨੀਆਂ ਦੀ ਵਰਤੋਂ ਕਰਨਗੇ ਤੇ ਸੜਕੀ ਹਾਦਸਿਆਂ ਤੋਂ ਬਚ ਸਕਣਗੇ। ਉਨ੍ਹਾਂ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਕਿਹਾ ਕਿ ਛੋਟੀ ਉਮਰੇ ਵਹੀਕਲ ਦੀ ਵਰਤੋਂ ਨਹੀਂ ਕਰਨੀ ਚਾਹੀਦੀ, 18 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਹੀ ਵਹੀਕਲ ਨੂੰ ਚਲਾਉਣਾ ਚਾਹੀਦਾ ਹੈ ਅਤੇ ਲਾਇਸੰਸ ਬਣਾਉਣ ਤੋਂ ਬਾਅਦ ਹੀ ਵਹੀਕਲ ਨੂੰ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਆਲੇ-ਦੁਆਲੇ, ਮਾਪਿਆਂ, ਰਿਸ਼ਤੇਦਾਰਾਂ ਨੂੰ ਵੀ ਸੜਕੀ ਨਿਯਮਾਂ ਦੀ ਪਾਲਣਾ ਕਰਨ ਬਾਰੇ ਜਾਗਰੂਕ ਕਰਨ।

ਉਨ੍ਹਾਂ ਕਿਹਾ ਕਿ ਵਹੀਕਲ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਵਹੀਕਲ ਚਲਾਉਂਦੇ ਸਮੇਂ ਸੀਟ ਬੈਲਟ ਅਤੇ ਹੈਲਮੈਟ ਦੀ ਵਰਤੋਂ ਜ਼ਰੂਰ ਕੀਤੀ ਜਾਵੇ ਤਾਂ ਜੋ ਕਿ ਦੁਰਘਟਨਾ ਹੋਣ 'ਤੇ ਜਾਨ-ਮਾਲ ਤੋਂ ਬਚਿਆ ਜਾ ਸਕੇ। ਸੜਕ ਸੁਰੱਖਿਆ ਮੁਹਿੰਮ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਵਿਦਿਆਰਥੀ ਵਰਗ ਤੇ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਿਆਂ ਤੋਂ ਦੂਰ ਰਹਿਣ ਲਈ ਆਪਣਾ ਧਿਆਨ ਖੇਡਾਂ ਵੱਲ ਲਾਇਆ ਜਾਵੇ। ਉਨ੍ਹਾਂ ਕਿਹਾ ਕਿ ਖੇਡਾਂ ਖੇਡਣ ਨਾਲ ਸਰੀਰਕ ਪੱਖੋਂ ਅਤੇ ਮਾਨਸਿਕ ਪੱਖੋਂ ਮਜ਼ਬੂਤੀ ਮਿਲਦੀ ਹੈ ਤੇ ਕੁਰੀਤੀਆਂ ਵੱਲ ਜਾਣ ਤੋਂ ਬਚਿਆ ਜਾ ਸਕਦਾ ਹੈ।

# ਚੋਰੀ ਕੀਤੀ ਕਾਰ ਬਰਾਮਦ, ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਦੀਨਾਨਗਰ ਪੁਲਸ ਦੇ ਏ.ਐਸ.ਆਈ. ਰੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਲਾਈਟਾਂ ਵਾਲਾ ਚੌਕ ਦੀਨਾਨਗਰ ਮੌਜੂਦ ਸੀ ਕਿ ਇਤਲਾਹ ਮਿਲੀ ਕਿ ਖੁਸ਼ਵਿੰਦਰ ਸਿੰਘ ਪੁੱਤਰ ਹਰਬਾਗ ਸਿੰਘ ਵਾਸੀ ਟੀਚਰ ਕਾਲੋਨੀ ਕੱਚਾ ਜ਼ੀਰਾ ਰੋਡ ਮੋਗਾ, ਰਾਜ ਕੁਮਾਰ ਵਾਸੀ ਮੁਹੱਲਾ ਸ਼ਿਮਲਾਪੁਰੀ ਨੇੜੇ ਜੀਤੋ ਮਾਰਕੀਟ ਲੁਧਿਆਣਾ ਚੋਰੀ ਦੀਆਂ ਕਾਰਾਂ ਨੰਬਰ ਪਲੇਟਾਂ ਬਦਲ ਕੇ ਭੋਲੇ ਭਾਲੇ ਵਿਅਕਤੀਆਂ ਨੂੰ ਵੇਚਣ ਦੇ ਆਦੀ ਹਨ। ਇਨ੍ਹਾਂ ਦੋਨਾਂ ਨੇ ਇਕ ਚੋਰੀ ਦੀ ਕਾਰ ਬਰੀਜਾ ਨੂੰ ਜਾਅਲੀ ਨੰਬਰ ਐਚ.ਆਰ. 51.ਬੀ.ਐਸ.9464 ਲਗਵਾ ਕੇ ਹਰਪਾਲ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਵਡਾਲਾ ਬਾਂਗਰ ਹਾਲ ਸ਼ਿਵਮ ਕਲੋਨੀ ਦੀਨਾਨਗਰ ਨੂੰ ਵੇਚੀ ਹੈ ਜਿਸ ਬਾਰੇ ਹਰਪਾਲ ਸਿੰਘ ਨੂੰ ਕੋਈ ਜਾਣਕਾਰੀ ਨਹੀਂ ਹੈ। ਤਫਤੀਸ਼ੀ ਅਫਸਰ ਏ.ਐਸ.ਆਈ. ਰੁਪਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਹਰਪਾਲ ਸਿੰਘ ਦੇ ਘਰ ਰੇਡ ਕਰਕੇ ਉਕਤ ਕਾਰ ਨੂੰ ਬਰਾਮਦ ਕਰਕੇ ਕਥਿਤ ਦੋਸ਼ੀਆਂ ਖੁਸ਼ਵਿੰਦਰ ਸਿੰਘ ਪੁੱਤਰ ਹਰਬਾਗ ਸਿੰਘ, ਰਾਜ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਦਿੱਲੀ ਪਬਲਿਕ ਸਕੂਲ ਨੇ ਬਾਰ੍ਹਵੀਂ ਜਮਾਤ ਨੂੰ ਦਿੱਤੀ ਵਿਦਾਇਗੀ

ਰਾਜਪੁਰਾ (ਰਮੇਸ਼ ਕਟਾਰੀਆ) ਡੀ ਪੀ ਐਸ ਸਕੂਲ ਰਾਜਪੁਰਾ ਦੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਸ਼ਾਨਦਾਰ ਸਮਾਰੋਹ ਰਾਹੀ ਆਪਣੇ ਪਿਆਰੇ ਸੀਨੀਅਰਾਂ ਨੂੰ ਵਿਦਾਇਗੀ ਦਿੱਤੀ। ਸਮਾਗਮ ਰੈੱਡ ਕਾਰਪੇਟ ਦੇ ਸੁਆਗਤ ਨਾਲ ਸ਼ੁਰੂ ਹੋਇਆ। ਮਾਣ ਅਤੇ ਯਾਦਾਂ ਦੇ ਮਿਸਰਣ ਨਾਲ, ਫੈਕਲਟੀ, ਸਟਾਫ ਅਤੇ ਸਾਥੀ ਵਿਦਿਆਰਥੀ ਜਸਨ ਲਈ ਇਕੱਠੇ ਹੋਏ। ਗ੍ਰੇਡ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਸਾਰੀਆਂ ਮਜੇਦਾਰ ਖੇਡਾਂ ਅਤੇ ਮਜੇਦਾਰ ਗਤੀਵਿਧੀਆਂ ਦਾ ਆਯੋਜਨ ਕੀਤਾ। ਉਨ੍ਹਾਂ ਵਿੱਚੋਂ ਹਰੇਕ ਜੇਤੂ ਨੂੰ ਖਿਤਾਬ ਦਿੱਤੇ ਗਏ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਮਿਸਟਰ ਅਤੇ ਮਿਸ ਡੀ ਪੀ ਐਸ ਰਾਜਪੁਰਾ ਦੀ ਚੋਣ ਕਰਨ ਲਈ ਉਨ੍ਹਾਂ ਨੂੰ ਸਖਤ ਮੁਕਾਬਲੇ ਵਿੱਚੋਂ ਲੰਘਣਾ ਪਿਆ। ਗੁਰਿੰਦਰ ਸਿੰਘ ਅਤੇ ਅਵਨੀ ਬਾਂਸਲ ਨੂੰ ਮਿਸਟਰ ਅਤੇ ਮਿਸ ਡੀ ਪੀ ਐਸ ਰਾਜਪੁਰਾ ਚੁਣਿਆ ਗਿਆ। ਜਦੋਂ ਕਿ ਕਰਨਵੀਰ ਸਿੰਘ ਅਤੇ ਨਿਸੀਤਾ ਛਾਬੜਾ ਨੂੰ ਕ੍ਰਮਵਾਰ ਮਿਸਟਰ ਡੈਸ਼ਿੰਗ ਅਤੇ ਮਿਸ ਚਾਰਸਮੈਟਿਕ ਚੁਣਿਆ ਗਿਆ। ਇਹ ਮੀਲ ਪੱਥਰ ਸਾਲਾਂ ਦੀ ਸਖਤ ਮਿਹਨਤ, ਸਮਰਪਣ ਅਤੇ ਵਿਕਾਸ ਦੀ ਸਮਾਪਤੀ ਨੂੰ ਦਰਸਾਉਂਦਾ ਹੈ। ਵਿਦਾਇਗੀ ਸਮਾਰੋਹ ਵਿੱਚ ਸਕੂਲ ਵਿੱਚ ਆਪਣੇ ਸਮੇਂ ਦੌਰਾਨ ਵਿਦਾ ਹੋਣ ਵਾਲੇ ਸੀਨੀਅਰਾਂ ਦੁਆਰਾ ਸਾਂਝੇ ਕੀਤੇ ਗਏ ਪਿਆਰੇ ਪਲਾਂ ਨੂੰ ਦਰਸਾਉਂਦੇ ਹੋਏ ਦਿਲਕਸ ਭਾਸਣਾਂ, ਪ੍ਰਦਰਸ਼ਨਾਂ ਅਤੇ ਪੇਸਕਾਰੀਆਂ ਦੀ ਇੱਕ ਲੜੀ ਪੇਸ਼ ਕੀਤੀ ਗਈ। ਇਹ ਸਮਾਂ ਬੀਤੇ ਹੋਏ ਪਲਾਂ ਨੂੰ ਯਾਦ ਕਰਨ ਦਾ, ਹੱਸਣ ਦਾ ਅਤੇ ਇੱਕ ਜਾਂ ਦੋ ਹੰਝੂ ਵਹਾਉਣ ਦਾ ਸਮਾਂ ਸੀ ਜਦੋਂ ਉਹ ਆਪਣੀ ਜ਼ਿੰਦਗੀ ਦੇ ਅਗਲੇ ਅਧਿਆਏ ਨੂੰ ਸ਼ੁਰੂ ਕਰਨ ਲਈ ਤਿਆਰ ਸਨ। ਜਿਵੇਂ ਕਿ ਉਹ ਆਪਣੇ ਅਲਮਾ ਮੇਟਰ ਨੂੰ ਅਲਵਿਦਾ ਕਹਿ ਰਹੇ ਹਨ, 2023-24 ਦੀ ਕਲਾਸ ਨੇ ਆਪਣੇ ਪਿੱਛੇ ਉੱਤਮਤਾ, ਦੋਸਤੀ ਅਤੇ ਲਚਕੀਲੇਪਣ ਦੀ ਵਿਰਾਸਤ ਛੱਡ ਦਿੱਤੀ ਹੈ। ਡਿਪਸਾਈਟਸ ਦੇ ਤੌਰ 'ਤੇ ਉਨ੍ਹਾਂ ਦੇ ਯੋਗਦਾਨ ਨੇ ਇੱਕ ਅਮਿੱਟ ਛਾਪ ਛੱਡੀ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਨੂੰ ਮਹਾਨਤਾ ਲਈ ਯਤਨ ਕਰਨ ਅਤੇ ਹਰ ਮੌਕੇ ਨੂੰ ਉਤਸਾਹ ਅਤੇ ਦ੍ਰਿੜਤਾ ਨਾਲ ਸਵੀਕਾਰ ਕਰਨ ਲਈ ਪ੍ਰੇਰਿਤ ਕਰਦੀ ਹੈ। ਪ੍ਰਿੰਸੀਪਲ, ਸ੍ਰੀਮਤੀ ਗੀਤਿਕਾ ਚੰਦਰਾ, ਨੇ ਗ੍ਰੈਜੂਏਟ ਹੋਣ ਵਾਲੇ ਸੀਨੀਅਰਾਂ ਨੂੰ ਆਪਣੀਆਂ ਨਿੱਘੀਆਂ ਸੁਭਕਾਮਨਾਵਾਂ ਦਿੱਤੀਆਂ ਤੇ ਕਿਹਾ ਉਹ ਸਕੂਲ ਦੇ ਗੇਟਾਂ ਤੋਂ ਪਰੇ ਸੰਸਾਰ ਵਿੱਚ ਅੱਗੇ ਵਧਣ ਲਈ ਤਿਆਰ ਹਨ ਪ੍ਰਿੰਸੀਪਲ ਸਹਿਬਾ ਨੇ ਬੱਚਿਆ ਨੂੰ ਕਿਹਾ ਤੁਹਾਨੂੰ ਚਮਕਣਾ ਜਾਰੀ ਰੱਖਣਾ ਚਾਹੀਦਾ ਹੈ ਅਤੇ ਜਿੱਥੇ ਵੀ ਤੁਹਾਡੀ ਯਾਤਰਾ ਤੁਹਾਨੂੰ ਲੈ ਕੇ ਜਾਵੇ ਉੱਥੇ ਸਕਾਰਾਤਮਕ ਪ੍ਰਭਾਵ ਰੱਖੋ

# ਪ੍ਰਨੀਤ ਕੌਰ ਦਾ ਪਾਤੜਾਂ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਤਿੱਖਾ ਵਿਰੋਧ



ਪਾਤੜਾਂ **(ਨਿਸ਼ਾਨ ਸਿੰਘ ਬਣਵਾਲਾ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਦੇ ਚੋਣ ਪ੍ਰਚਾਰ ਦਾ ਵਿਰੋਧ ਕਰਨ ਦੇ ਦਿੱਤੇ ਸੱਦੇ ਤਹਿਤ ਪਾਤੜਾਂ ਵਿਖੇ ਲੋਕ ਸਭਾ ਹਲਕਾ ਪਟਿਆਲਾ ਤੋਂ ਭਾਜਪਾ ਪ੍ਰਨੀਤ ਕੌਰ ਦਾ ਦੂਜੀ ਵਾਰ ਕਿਸਾਨਾਂ ਵੱਲੋਂ ਕਾਲੇ ਝੰਡੇ ਦਿਖਾਉਂਦੇ ਹੋਏ ਜਬਰਦਸਤ ਵਿਰੋਧ ਕੀਤਾ ਗਿਆ। ਇਸ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਪਰਨੀਤ ਕੌਰ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ। ਪਾਤੜਾਂ ਦੇ ਸ਼ਿਵ ਪੈਲੇਸ ਦੀ ਥਾਂ ਦਫਤਰ ਵਿਖੇ ਰੱਖੇ ਭਾਜਪਾ ਦੇ ਚੋਣ ਪ੍ਰੋਗਰਾਮ ਦੇ ਬਾਹਰ ਕਿਸਾਨਾਂ ਦਾ ਇਕੱਠ ਹੋਣਾ ਸੁਰੂ ਹੋ ਗਿਆ। ਜਿਉਂ ਹੀ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਆਉਣ ਦੀ ਸੂਚਨਾ ਮਿਲੀ ਤਾਂ ਮੋਰਚੇ ਵੱਲੋਂ "ਕਿਸਾਨਾਂ ਦੀ ਕਾਤਲ ਮੋਦੀ ਸਰਕਾਰ ਮੁਰਦਾਬਾਦ" ਦੇ ਨਾਅਰਿਆਂ ਨਾਲ ਉਹਨਾਂ ਦੇ ਕਾਫਲੇ ਨੂੰ ਕਾਲੇ ਝੰਡੇ ਦਿਖਾ ਕੇ ਜੋਰਦਾਰ ਵਿਰੋਧ ਕੀਤਾ ਗਿਆ। ਪੁਲਸ ਰੋਕਾਂ ਦੇ ਬਾਵਜੂਦ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਲਗਾਤਾਰ ਲਗਭਗ ਇਕ ਘੰਟਾ ਭਾਜਪਾ ਦੇ ਚੁਣਾਵੀ ਪ੍ਰੋਗਰਾਮ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਵਿਰੋਧ ਪ੍ਰਦਰਸ਼ਨ ਤੋਂ ਬਾਅਦ ਭਾਜਪਾ ਦੀ ਉਮੀਦਵਾਰ ਜਦੋਂ ਹੀ ਆਪਣੇ ਅਗਲੇ ਪ੍ਰੋਗਰਾਮ ਵੱਲ ਰਵਾਨਾ ਹੋਣ ਲੱਗੇ ਲਗੇ ਤਾਂ ਕਿਸਾਨ ਉਹਨਾਂ ਦੇ ਕਾਫਲੇ ਦਾ ਪਿੱਛਾ ਕਰਦੇ ਹੋਏ ਪਿੰਡ ਸੇਲਵਾਲਾ ਤੱਕ ਜਾ ਪਹੁੰਚੇ ਜਿਥੇ ਕਿਸਾਨਾਂ ਵੱਲੋਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਜਮ ਕੇ ਨਾਅਰੇਬਾਜੀ ਕੀਤੀ ਗਈ। ਰੋਸ ਪ੍ਰਦਰਸਨ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਹਰਭਜਨ ਸਿੰਘ ਬੁੱਟਰ, ਗੁਰਵਿੰਦਰ ਸਿੰਘ ਦੇਧਨਾ, ਅਮਰੀਕ ਸਿੰਘ ਘੱਗਾ ਅਤੇ ਹਰਦੇਵ ਸਿੰਘ ਨੇ ਦੱਸਿਆ ਕਿ ਇਤਿਹਾਸਕ ਦਿੱਲੀ ਕਿਸਾਨ ਅੰਦੋਲਨ ਵਿੱਚ 750 ਤੋਂ ਵੱਧ ਕਿਸਾਨਾਂ ਦੀ ਸਹਾਦਤ, ਲਖੀਮਪੁਰ ਖੀਰੀ ਵਿੱਚ ਭਾਜਪਾ ਸੰਸਦ ਮੈਂਬਰ ਦੇ ਮੁੰਡੇ ਅਸੀਸ ਮਿਸਰਾ ਟੈਨੀ ਵੱਲੋਂ ਜੀਪ ਹੇਠਾਂ ਕੁਚਲ ਕੇ ਕਿਸਾਨਾਂ ਨੂੰ ਮਾਰਨ, ਖਨੌਰੀ ਬਾਰਡਰ ਤੇ ਨੌਜਵਾਨ ਕਿਸਾਨ ਸੁਭਕਰਨ ਸਿੰਘ ਨੂੰ ਹਰਿਆਣਾ ਪੁਲਿਸ ਵੱਲੋਂ ਸਿਰ ਵਿੱਚ ਗੋਲੀ ਮਾਰ ਕੇ ਸਹੀਦ ਕਰਨਾ ਦੇਸ ਦੀ ਕਿਸਾਨੀ ਉੱਤੇ ਮੋਦੀ ਸਰਕਾਰ ਵੱਲੋਂ ਕੀਤੇ ਅੱਤਿਆਚਾਰ ਦੀਆਂ ਮੂੰਹ ਬੋਲਦੀਆਂ ਘਟਨਾਵਾਂ ਹਨ। ਕਿਸਾਨਾਂ ਉੱਤੇ ਗੋਲੀਆਂ ਚਲਾਉਣ ਅਤੇ ਕਾਰਪੋਰੇਟ ਲਈ ਗਲੀਚੇ ਵਛਾਉਣ ਵਾਲੀ ਭਾਜਪਾ ਹਕੂਮਤ ਨੂੰ ਲੋਕ ਸਭਾ ਚੋਣਾਂ ਦੌਰਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਗਾਤਾਰ ਘੇਰਿਆ ਜਾਵੇਗਾ।

ਇਸ ਮੌਕੇ ਕਿਸਾਨ ਆਗੂਆਂ ਦਲਜਿੰਦਰ ਸਿੰਘ ਹਰਿਆਊ, ਹਰਭਜਨ ਸਿੰਘ ਧੂਹੜ, ਸੁਖਦੇਵ ਸਿੰਘ ਹਰਿਆਊ, ਚਰਨਜੀਤ ਕੌਰ ਧੂੜੀਆਂ, ਮਹਿੰਦਰ ਸਿੰਘ ਖਾਂਗ ਨੇ ਕਿਹਾ ਕਿ ਪਿੰਡਾਂ ਵਿੱਚ ਭਾਜਪਾ ਦੀ ਚੋਣ ਮੁਹਿੰਮ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ। ਪਾਤੜਾਂ ਵਿਖੇ ਹੋਏ। ਇਸ ਰੋਸ ਪ੍ਰਦਰਸ਼ਨ 'ਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।

# .ਗ਼ਜ਼ਲਗੋ ਡਾ. ਸ਼ਮਸ਼ੇਰ ਮੋਹੀ ਦਾ ਰੂ-ਬ-ਰੂ ਕਰਵਾਇਆ



ਪਟਿਆਲਾ (ਅਵਤਾਰ ਜਟਾਣਾ)-ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਸਾਹਿਤ ਸਭਾ ਵੱਲੋਂ ਪੰਜਾਬੀ ਗਜਲਗੋ ਡਾ. ਸਮਸੇਰ ਮੋਹੀ ਦਾ ਰੂ-ਬ-ਰੂ ਕਰਵਾਇਆ ਗਿਆ। ਵਰਲਡ ਪੰਜਾਬੀ ਸੈਂਟਰ ਵਿਖੇ ਕਰਵਾਏ ਇਸ ਸਮਾਗਮ ਵਿੱਚ ਡਾ. ਸਮਸ਼ੇਰ ਮੋਹੀ ਨੇ ਆਪਣੇ ਨਿੱਜੀ ਜੀਵਨ, ਗਜਲ ਸਿਰਜਣ ਪ੍ਰਕਿਰਿਆ ਅਤੇ ਖੋਜ-ਅਲੋਚਨਾ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਗਜਲ ਨਾਲ ਸੰਬੰਧਤ ਵਿਦਿਆਰਥੀਆਂ ਵੱਲੋਂ ਪੁੱਛੇ ਗਏ ਵੱਖ-ਵੱਖ ਸਵਾਲਾਂ ਦੇ ਜਵਾਬ ਵੀ ਦਿੱਤੇ। ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਡਾ. ਸ਼ਮਸ਼ੇਰ ਮੋਹੀ ਪੰਜਾਬੀ ਦਾ ਇੱਕ ਸਮਰੱਥ ਗ਼ਜ਼ਲਕਾਰ ਹੈ। ਉਹ ਗ਼ਜ਼ਲ ਦੇ ਉਨ੍ਹਾਂ ਚੰਦ ਸ਼ਾਇਰਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਨੂੰ ਨਵੇਂ ਨਕਸ਼ ਪ੍ਰਦਾਨ ਕੀਤੇ ਹਨ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਵਿਭਾਗ ਦੇ ਖੋਜਾਰਥੀਆਂ, ਵਿਦਿਆਰਥੀਆਂ ਅਤੇ ਬਾਕੀ ਸਟਾਫ ਵੱਲੋਂ ਸਮੂਲੀਅਤ ਕੀਤੀ ਗਈ। ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਪਰਮੀਤ ਕੌਰ ਨੇ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਸਵਾਗਤੀ ਭਾਸ਼ਣ ਦਿੱਤਾ। ਮੰਚ ਸੰਚਾਲਨ ਦਾ ਕਾਰਜ ਵਿਭਾਗ ਦੇ ਅਧਿਆਪਕ ਡਾ. ਮੋਹਨ ਤਿਆਗੀ ਨੇ ਕੀਤਾ।

19-April-PAGE-12.qxd 4/18/2024 10:49 PM Page 1



# ਕਰੈਨਬਰਨ ਟਰਫ ਕਲੱਬ 'ਚ ਕਰਵਾਇਆ ਵਿਸਾਖੀ ਮੇਲਾ



**ਸਿਡਨੀ (ਬਲਰਾਜ ਸੰਘਾ)**

ਕਰੈਨਬਰਨ ਟਰਫ ਕਲੱਬ ਦੇ ਵਿੱਚ ਵਿਸਾਖੀ ਮੇਲਾ ਬਿੱਕਰ ਬਾਈ ਅਤੇ ਹਰਮਨ ਗਿੱਲ ਦੀ ਦੇਖ ਰੇਖ ਹੇਠ ਕਰਵਾਇਆ ਗਿਆ। ਮੇਲੇ ਵਿੱਚ ਰਿਕਾਰਡ ਤੋੜ ਇਕੱਠ ਹੋਇਆ ਅਤੇ ਬੱਚਿਆਂ ਨੇ ਭੰਗੜੇ ਅਤੇ ਗਿੱਧੇ ਦੀਆਂ ਬਹੁਤ ਸੋਹਣੀਆਂ ਪਰਫਾਰਮੈਂਸ ਕੀਤੀਆਂ। ਵਿਸਾਖੀ ਮੇਲੇ ਤੇ ਹਰਦੇਵ ਮਾਹੀਨੰਗਲ ਨੇ ਆਪਣੇ ਚੋਟੀ ਦੇ ਗੀਤਾਂ ਨਾਲ ਸਾਰਿਆਂ ਨੂੰ ਝੂੰਮਣ ਲਾ ਦਿੱਤਾ ਅਤੇ ਉਸ ਤੋਂ ਬਾਅਦ ਸਾਰਥੀ ਕੇ ਦੀ ਪਰਫਾਰਮੈਂਸ ਵੀ ਠੀਕ ਰਹੀ ਅਤੇ ਉਸਨੇ ਕੰਵਰ ਗਰੇਵਾਲ ਦੀ ਆਵਾਜ ਵਿੱਚ ਬਹੁਤ ਵਧੀਆ ਪਰਫਾਰਮ ਕੀਤਾ।ਅੰਤ ਵਿੱਚ ਜਦੋਂ ਸੁੱਚਾ ਰੰਗੀਲਾ ਅਤੇ ਮਨਦੀਪ ਮੈਂਡੀ ਸਟੇਜ ਤੇ ਆਏ ਤਾਂ ਉਹਨਾਂ ਨੇ ਆਪਣੇ ਗੀਤਾਂ ਦੇ ਨਾਲ ਮੇਲੇ ਨੂੰ ਲੁੱਟ ਲਿਆ, ਖਾਸਕਰ ਨਾਗਨੀ ਦਾ ਭੋਰਾ ਗੀਤ ਨੇ ਬਹਿਜਾ ਬਹਿਜਾ ਕਰਵਾ ਦਿੱਤੀ। ਮੇਲੇ ਵਿੱਚ ਖਾਸ ਤੌਰ 'ਤੇ ਬਿਕਰਮਜੀਤ ਮੱਟਰਾਂ ਨੇ ਨਿਊਜੀਲੈਂਡ , ਪ੍ਰਭਜੋਤ ਸੰਧੂ ਅਤੇ ਕੁਲਜੀਤ ਸੰਧੂ ਨੇ ਸਿਡਨੀ ਅਤੇ ਸੁਰਜੀਤ ਸੰਧੂ ਨੇ ਬ੍ਰਿਸਬੇਨ ਤੋਂ ਹਾਜ਼ਰੀ ਭਰੀ। ਗੁਲਸ਼ਨ ਕੋਮਲ ਦਾ ਸ਼ਪੈਸ਼ਲ ਸਨਮਾਨ ਕੀਤਾ ਗਿਆ। ਸਟੇਜ ਦੀ ਜ਼ਿੰਮੇਵਾਰੀ ਪਰੀਤ ਸਿਆਂ ਅਤੇ ਦੀਪਕ ਬਾਵਾ ਨੇ ਬਾਖੂਬੀ ਨਿਭਾਈ ਅਤੇ ਪੰਜਾਬੀ ਕਲੱਬ ਮੈਲਬਰਨ ਦੇ ਸਾਰੇ ਮੈਂਬਰਾਂ ਨੇ ਆਏ ਹੋਏ ਦਰਸ਼ਕਾਂ ਦਾ ਧੰਨਵਾਦ ਕੀਤਾ ਉੱਥੇ ਹੋਰਨਾਂ ਤੋਂ ਇਲਾਵਾ ਗੁਰਬੰਸ ਭੰਗੂ , ਮਨਿੰਦਰ ਬਰਾੜ , ਕਮਲਦੀਪ ਸਿੰਘ, ਮਨੂੰ ਬਰਾੜ , ਰੋਹਿਤ ਮਹਿਰਾ ਅਤੇ ਰਵੀ ਹਾਜ਼ਰ ਸਨ।

# ਮੋਦੀ ਸਰਕਾਰ ਭਾਵਨਾਤਮਿਕ ਮੁੱਦੇ ਉਭਾਰ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ : ਦਰਿਓ ਸਿੰਘ

**ਸ਼ਾਹਕੋਟ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦਾ ਹਰੇਕ ਵਰਕਰ ਲੋਕ ਸਭਾ ਚੋਣਾਂ ਵਿੱਚ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਹਰਾਉਣ ਲਈ ਲੋਕਾਂ ਵਿੱਚ ਜਾਵੇਗਾ। ਮੋਦੀ ਸਰਕਾਰ ਦੀਆਂ ਲੋਕ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਲੋਕ ਤੰਤਰ ਵਿਰੋਧੀ ਅਤੇ ਸਰਮਾਏਦਾਰਾਂ ਦੀਆਂ ਤਿਜੋਰੀਆਂ ਭਰਨ ਪੱਖੀ ਨੀਤੀਆਂ ਦਾ ਭਾਂਡਾ ਚੁਰਾਹੇ 'ਚ ਭੰਨੇਗਾ। ਇਹ ਫੈਸਲਾ ਧਰਮ ਸਿੰਘ ਕਲੋਨੀ ਵਿੱਚ ਸਥਿਤ ਸੀ. ਪੀ. ਆਈ. ਦੇ ਦਫ਼ਤਰ ਵਿੱਚ ਹਰਿਆਣਾ ਸੀ.ਪੀ.ਆਈ. ਦੀ ਸੂਬਾ ਕੌਂਸਲ ਮੀਟਿੰਗ ਵਿੱਚ ਲਿਆ ਗਿਆ। ਕਾਮਰੇਡ ਪ੍ਰੇਮ ਸਿੰਘ ਬੁੱਢਾ ਖੇੜਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੂਬਾ ਸਕੱਤਰ ਕਾਮਰੇਡ ਦਰਿਓ ਸਿੰਘ ਕਸ਼ਅਪ ਨੇ ਮੌਜੂਦਾ ਸਿਆਸੀ ਹਾਲਾਤ 'ਤੇ ਵਿਸਥਾਰ ਨਾਲ ਚਰਚਾ ਕੀਤੀ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸੂਬਾ ਕਾਰਜਕਾਰਨੀ ਦੇ ਮੈਂਬਰ ਐਡਵੋਕੇਟ ਅਸ਼ਵਨੀ ਬਖ਼ਸ਼ੀ ਨੇ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸ਼ਹੀਦਾਂ ਦੇ ਬਲੀਦਾਨ ਕਾਰਨ ਹੀ ਅਸੀਂ ਆਜ਼ਾਦੀ ਵਿੱਚ ਸਾਹ ਲੈ ਰਹੇ ਹਾਂ। ਕਾਮਰੇਡ ਦਰਿਓ ਸਿੰਘ ਨੇ ਕਿਹਾ ਕਿ ਸਾਡੀ ਪਾਰਟੀ ਦੀ ਸਪੱਸ਼ਟ ਸਮਝ ਹੈ ਕਿ ਭਾਜਪਾ-ਆਰ. ਐਸ. ਐਸ. ਦੀ ਸਰਕਾਰ ਦੇਸ਼ ਦੀ ਮਿਹਨਤਕਸ਼ ਜਨਤਾ ਦੇ ਅਧਿਕਾਰਾਂ 'ਤੇ ਹਮਲਾ ਕਰ ਰਹੀ ਹੈ। ਲੋਕਾਂ ਨਾਲ ਕੀਤੇ ਵਾਅਦਿਆ ਨੂੰ ਪੂਰੇ ਕਰਨ ਦੀ ਥਾਂ ਜੁਮਲਾ ਦੱਸ ਕੇ ਲੋਕਾਂ ਨਾਲ ਧੋਖਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਾਰਨ ਦੇਸ਼ ਵਿੱਚ ਉਦਯੋਗਿਕ ਅਤੇ ਆਰਥਿਕ ਹਾਲਾਤ ਬਦਤਰ ਹੋਣ ਨਾਲ ਲੋਕਾਂ ਦੀ ਕੰਮ ਤੋਂ ਛੁੱਟੀ ਕੀਤੀ ਜਾ ਰਹੀ ਹੈ। ਸਰਕਾਰ ਝੂਠੇ ਅੰਕੜੇ ਅਤੇ ਭਾਵਨਾਤਮਿਕ ਮੁੱਦੇ ਉਭਾਰ ਕੇ ਲੋਕਾਂ ਨੂੰ ਗੋਦੀ ਮੀਡੀਆ ਦੇ ਸਹਾਰੇ ਗੁਮਰਾਹ ਕਰ ਰਹੀ ਹੈ। ਪਬਲਿਕ ਸਕੈਟਰ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਕੇ ਅਨੁਸੂਚਿਤ ਅਤੇ ਪਛੜੀਆਂ ਜਾਤਾਂ ਲਈ ਰਾਖਵਾਂਕਰਨ ਬੇ-ਮਾਅਨੇ ਕਰ ਦਿੱਤਾ ਗਿਆ ਹੈ।ਸੀ. ਪੀ. ਆਈ ਦੇ ਸਹਾਇਕ ਸਕੱਤਰ ਕਾਮਰੇਡ ਤਿਲਕ ਰਾਜ ਨੇ ਕਿਹਾ ਕਿ ਦੇਸ਼ ਨੂੰ ਫਾਸ਼ੀਵਾਦੀ ਤਾਨਾਸ਼ਾਹੀ ਵੱਲ ਧੱਕਿਆ ਜਾ ਰਿਹਾ ਹੈ। ਇਸ ਸਥਿਤੀ ਵਿੱਚ ਸੀ. ਪੀ. ਆਈ. ਨੇ ਸਹਿਯੋਗੀਆਂ ਨੂੰ ਨਾਲ ਲੈ ਕੇ ਭਾਜਪਾ ਨੂੰ ਹਰਾਉਣ ਲਈ ਤਾਣ ਲਾਉਣਾ ਹੈ। ਚੋਣ ਰਣਨੀਤੀ ਤਹਿਤ ਪੂਰੇ ਹਰਿਆਣਾ ਵਿੱਚ ਇੰਡੀਆ ਗਠਜੋੜ ਨੂੰ ਸਮਰਥਣ ਦੇਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਰੂਪ ਸਿੰਘ, ਡਾਕਟਰ ਸੁਖਦੇਵ ਸਿੰਘ ਜੰਮੂ, ਜਗਰੂਪ ਸਿੰਘ, ਐਡਵੋਕੇਟ ਰਾਮ ਰਤਨ, ਪਵਨ ਕੁਮਾਰ ਸੈਣੀ, ਮਨੀਰਾਮ ਬੇਲਰੱਖਾ, ਸੱਤਪਾਲ ਸਰੋਵਾ, ਜੈ ਸਿੰਘ ਧਨਖੜ, ਮਹੇਂਦਰ ਸਿੰਘ ਤੰਵਰ, ਭੀਮ ਸਿੰਘ, ਜੈ ਨਰਾਇਣ ਸਮੌਰਾ, ਈਸ਼ਮ ਸਿੰਘ ਤੰਵਰ ਆਦਿ ਸ਼ਾਮਲ ਸਨ।



# ਖਜ਼ਾਨਾ ਵਿਭਾਗ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਫਿਰ ਤੋਂ ਰੁਕੀਆਂ : ਭੁੱਲਰ

**ਮਹਿਤਪੁਰ (ਰਾਜਾ)**

ਪੰਜਾਬ ਦੇ ਖ਼ਜ਼ਾਨਾ ਵਿਭਾਗ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਫਿਰ ਤੋਂ ਰੋਕ ਲਈਆਂ ਹਨ। 15 ਅਪ੍ਰੈਲ 2024 ਨੂੰ ਖ਼ਜ਼ਾਨੇ ਮਾਰਚ ਮਹੀਨੇ ਦੇ ਤਨਖਾਹ ਬਿੱਲਾਂ ਨੂੰ ਲੱਗੇ ਟੋਕਨ ਅਨੁਸਾਰ ਤਨਖਾਹ ਖ਼ਜ਼ਾਨੇ ਵੱਲੋਂ 16 ਅਪ੍ਰੈਲ ਨੂੰ ਬਿੱਲ ਕਲੀਅਰ ਕਰਕੇ ਮੁਲਾਜ਼ਮਾਂ ਦੇ ਖਾਤਿਆਂ ਵਿੱਚ ਤਨਖਾਹ ਪਾਉਣੀ ਸੀ, ਪਰ ਪੰਜਾਬ ਦੇ ਖ਼ਜ਼ਾਨਾ ਵਿਭਾਗ ਨੇ ਜ਼ੁਬਾਨੀ ਹੁਕਮਾਂ ਨਾਲ ਮੁਲਾਜ਼ਮਾਂ ਦੀ ਤਨਖਾਹ ਉਪਰ ਅਣ-ਐਲਾਨੀ ਰੋਕ ਲਗਾ ਦਿੱਤੀ ਹੈ। ਨਵੇਂ ਵਿੱਤੀ ਵਰ੍ਹੇ ਦੀ ਅਜੇ ਸ਼ੁਰੂਆਤ ਹੀ ਹੋਈ ਹੈ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਬਹੁਤ ਜਿਆਦਾ ਬੁਰਾ ਹਾਲ ਹੋ ਗਿਆ ਹੈ ਕਿ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਦੇਣ ਤੋਂ ਵੀ ਅਸਮਰੱਥ ਹੋ ਗਈ ਹੈ। ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਝੂਠੇ ਅਖ਼ਬਾਰੀ, ਟੀ.ਵੀ ਇਸ਼ਤਿਹਾਰਾਂ, ਫਲੈਕਸ ਬੋਰਡਾਂ ਰਾਹੀਂ ਫੋਕੀ ਵਾਹ-ਵਾਹ ਲਈ ਪੰਜਾਬ ਦਾ ਖ਼ਜ਼ਾਨਾ ਲੁਟਾ ਰਹੀ ਹੈ। ਪਰ ਅਪ੍ਰੈਲ ਮਹੀਨਾ ਅੱਧ ਤੋਂ ਜ਼ਿਆਦਾ ਬੀਤਣ ਤੇ ਮੁਲਾਜ਼ਮਾਂ ਦੀ ਮਾਰਚ ਮਹੀਨੇ ਦੀ ਤਨਖਾਹ ਦੇਣ ਤੋਂ ਵੀ ਹੱਥ ਖੜੇ ਕਰ ਰਹੀ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਬਠਿੰਡਾ, ਜਨਰਲ ਸਕੱਤਰ ਐਨ.ਡੀ.ਤਿਵਾੜੀ, ਸੀਨੀਅਰ ਮੀਤ ਪ੍ਰਧਾਨ ਨਵਪ੍ਰੀਤ ਬੱਲੀ, ਪ੍ਰੈੱਸ ਸਕੱਤਰ ਕੰਵਲਜੀਤ ਸੰਗੋਵਾਲ ਨੇ ਪੰਜਾਬ ਸਰਕਾਰ ਦੀ ਵਾਰ-ਵਾਰ ਤਨਖਾਹ ਰੋਕਣ ਕਰਕੇ ਅਲੋਚਨਾ ਕੀਤੀ ਹੈ। ਮੁਲਾਜ਼ਮ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਮੁਲਾਜ਼ਮਾਂ ਦੀ ਤਨਖਾਹ ਦੇਣ ਦਾ ਸਰਕਾਰ ਪ੍ਰਬੰਧ ਕਰੇ। ਇਸ ਮੌਕੇ 'ਤੇ ਗੁਲਜ਼ਾਰ ਖਾਨ,ਸੁਰਿੰਦਰ ਕੰਬੋਜ, ਸੋਮ ਸਿੰਘ, ਅਮਨਦੀਪ ਬਾਗਪੁਰੀ, ਰਸ਼ਮਿੰਦਰ ਪਾਲ ਸੋਨੂੰ, ਸੁਖਵਿੰਦਰ ਦੋਦਾ, ਮਨਜੀਤ ਸਿੰਘ ਸੰਗਤਪੁਰਾ, ਬਿੱਕਰ ਸਿੰਘ ਮਾਖਾ, ਪਰਗਟ ਸਿੰਘ ਜੰਬਰ, ਬਿਕਰਮਜੀਤ ਸਿੰਘ, ਜਸਵਿੰਦਰ ਸਿੰਘ, ਗੁਰਦੀਪ ਸਿੰਘ ਬਲਵਿੰਦਰ ਕਾਲੜਾ, ਰਮਨ ਗੁਪਤਾ, ਗੁਰਮੀਤ ਸਿੰਘ ਖਾਲਸਾ, ਜਤਿੰਦਰ ਸਿੰਘ ਸੋਨੀ, ਲਾਲ ਚੰਦ, ਸੁੱਚਾ ਸਿੰਘ ਰੋਪੜ, ਜਗਤਾਰ ਖਮਾਣੋਂ, ਪਿਰਮਲ ਸਿੰਘ ਲਾਡੀ, ਸਿਕੰਦਰ ਸਿੰਘ ਢੇਰ, ਗੁਰਜੀਤ ਸਿੰਘ ਮੋਹਾਲੀ, ਧਰਮਿੰਦਰ ਠਾਕਰੇ ਆਦਿ ਆਗੂ ਸ਼ਾਮਲ ਸਨ। ਉੱਕਤ ਜਾਣਕਾਰੀ ਪ੍ਰੈੱਸ ਸਕੱਤਰ ਕੰਵਲਜੀਤ ਸੰਗੋਵਾਲ ਨੇ ਸਾਂਝੀ ਕੀਤੀ।



# ਦੋ ਪਿਸਟਲਾਂ ਸਮੇਤ ਬੰਬੀਹਾ ਗਰੁੱਪ ਨਾਲ ਸੰਬੰਧਤ ਇੱਕ ਕਾਬੂ



**ਫਗਵਾੜਾ ( ਡਾ ਰਮਨ)**- ਇੰਸਪੈਕਟਰ ਬਲਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਫਗਵਾੜਾ ਦੀ ਪੁਲਸ ਪਾਰਟੀ ਵੱਲੋਂ 2 ਪਿਸਟਲਾਂ ਸਮੇਤ ਮੁਲਜ਼ਮ ਗ੍ਰਿਫਤਾਰ ਕੀਤੇ ਗਏ ਹਨ। ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਦੱਸਿਆ ਕਿ ਫਗਵਾੜਾ ਪੁਲਸ ਵੱਲੋਂ ਇੱਕ ਸਪੈਸ਼ਲ ਟੀਮ ਦਾ ਗਠਨ ਕੀਤਾ ਗਿਆ ਸੀ, ਉਹਨਾਂ ਵੱਲੋਂ ਜਸਪ੍ਰੀਤ ਸਿੰਘ ਉੱਪ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਨਿਗਰਾਨੀ ਹੇਠ ਇੰਸਪੈਕਟਰ ਬਲਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਫਗਵਾੜਾ ਵੱਲੋਂ ਮੁਕੱਦਮਾ ਨੰਬਰ 25 ਮਿਤੀ 12.03.2024 ਅ/ਧ 25-54-59 ਅਸਲਾ ਐਕਟ ਥਾਣਾ ਸਦਰ ਫਗਵਾੜਾ ਬਰਖਿਲਾਫ ਦਿਲਦਾਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਜੇਠੂਵਾਲ ਥਾਣਾ ਕੰਬੋਅ ਜ਼ਿਲ੍ਹਾ ਅੰਮ੍ਰਿਤਸਰ ਦੇ ਥਾਣਾ ਸਦਰ ਫਗਵਾੜਾ ਦਰਜ ਕਰਕੇ ਉਸ ਪਾਸੋਂ ਇੱਕ ਪਿਸਟਲ ਅਤੇ ਸਮੇਤ ਰੌਂਦ ਅਤੇ 9,80,000/-ਰੁਪਏ ਬ੍ਰਾਮਦ ਕੀਤੇ ਸਨ। ਦੌਰਾਨੇ ਪੁੱਛਗਿੱਛ ਦੋਸ਼ੀ ਦਿਲਦਾਰ ਸਿੰਘ ਨੇ ਮੰਨਿਆ ਸੀ ਕਿ ਬ੍ਰਾਮਦ ਸ਼ੁਦਾ ਪਿਸਟਲ ਉਸ ਨੇ ਵਿਸ਼ਾਲ ਉਰਫ ਵਿੱਕੀ ਪੁੱਤਰ ਸਾਬ ਵਾਸੀ ਪਿੰਡ ਸੋਢੀ ਥਾਣਾ ਰੱਖੇ ਹੋਏ ਹਨ। ਵਿਸ਼ਾਲ ਉਰਫ ਵਿੱਕੀ ਥਾਣਾ ਹੁੱਡਾ ਜਗਾਧਰੀ ਕੁਰੂਕਸ਼ੇਤਰ ਹਰਿਆਣਾ ਵਿੱਚ ਜ਼ਿਲ੍ਹਾ ਜੇਲ੍ਹ ਕੁਰੂਕਸ਼ੇਤਰ ਹਰਿਆਣਾ ਬੰਦ ਸੀ ਜਿਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਉਸ ਦੇ ਘਰ ਤੋਂ ਇੱਕ ਪਿਸਟਲ .32 ਬੋਰ ਅਤੇ ਇੱਕ ਦੇਸੀ ਕੱਟਾ ਬ੍ਰਾਮਦ ਕੀਤਾ। ਉਹ ਬੰਬੀਹਾ ਗੈਂਗ ਨਾਲ ਸਬੰਧਿਤ ਸੀ ਤੇ ਉਹ ਅਸਲਾ ਮੱਧ ਪ੍ਰਦੇਸ਼ ਤੋਂ ਖਰੀਦ ਕਰਕੇ ਲਿਆਉਂਦਾ ਸੀ।

# ਡੀ ਸੀ ਵੱਲੋਂ ਗਠਿਤ ਕਮੇਟੀ ਨੇ ਡੇਰਾਬੱਸੀ ਫੈਕਟਰੀ 'ਚ ਮਿਥੇਨੌਲ ਦੀ ਵਰਤੋਂ 'ਚ ਖ਼ਾਮੀਆਂ ਪਾਈਆਂ

**ਮੋਹਾਲੀ, (ਗੁਰਜੀਤ ਬਿੱਲਾ)**- ਡੇਰਾਬੱਸੀ ਦੇ ਐਸ ਡੀ ਐਮ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਡੀ ਸੀ ਆਸ਼ਿਕਾ ਜੈਨ ਦੁਆਰਾ ਗਠਿਤ ਮਿਥੇਨੌਲ ਅਤੇ ਉਦਯੋਗਿਕ ਸਪਿਰਿਟ ਦੀ ਵਿਕਰੀ ਅਤੇ ਵਰਤੋਂ ਦੀ ਜਾਂਚ ਕਰਨ ਵਾਲੀ ਕਮੇਟੀ ਨੇ ਮੰਗਲਵਾਰ ਨੂੰ ਡੇਰਾਬੱਸੀ ਦੀ ਇੱਕ ਫੈਕਟਰੀ ਵਿੱਚ ਮਿਥੇਨੌਲ ਦੀ ਵਰਤੋਂ ਵਿੱਚ ਖ਼ਾਮੀਆਂ ਪਾਈਆਂ। ਸਬ ਡਵੀਜ਼ਨ ਪੱਧਰੀ ਕਮੇਟੀ ਵਿੱਚ ਉਹ ਖੁਦ, ਸ਼ਰੁਤੀ ਸ਼ਰਮਾ, ਬਲਾਕ ਪੱਧਰੀ ਵਿਸਥਾਰ ਅਫ਼ਸਰ (ਉਦਯੋਗ), ਗੁਰਵਿੰਦਰ ਸਿੰਘ ਆਬਕਾਰੀ ਇੰਸਪੈਕਟਰ ਅਤੇ ਸਤਨਾਮ ਸਿੰਘ, ਸਹਾਇਕ ਸਬ ਇੰਸਪੈਕਟਰ, ਇੰਚਾਰਜ, ਮੁਬਾਰਕਪੁਰ ਪੁਲਸ ਚੌਂਕੀ ਸ਼ਾਮਲ ਸਨ। ਕਮੇਟੀ ਨੇ ਚਾਰ ਉਦਯੋਗਿਕ ਇਕਾਈਆਂ ਦਾ ਸਾਂਝੇ ਤੌਰ 'ਤੇ ਦੌਰਾ ਕੀਤਾ, ਜਿੱਥੇ ਮਿਥੇਨੌਲ ਨੂੰ ਕੱਚੇ ਮਾਲ ਵਜੋਂ ਵਰਤਿਆ ਜਾਂਦਾ ਹੈ। ਜਿਨ੍ਹਾਂ ਫੈਕਟਰੀਆਂ ਦੀ ਜਾਂਚ ਕੀਤੀ ਗਈ ਉਨ੍ਹਾਂ ਵਿੱਚ ਮੈਸਰਜ਼ ਪਾਵਰ ਕੈਮ ਟੈਕ, ਇੰਡਸਟਰੀਅਲ ਫੋਕਲ ਪੁਆਇੰਟ, ਡੇਰਾਬੱਸੀ, ਮੈਸਰਜ਼ ਐਲੇ ਕੈਮ ਲੈਬਜ਼ ਪ੍ਰਾਈਵੇਟ ਲਿਮਟਿਡ, ਡੇਰਾਬੱਸੀ, ਮੈਸਰਜ਼ ਸੁਰਭੀ ਪੋਲੀਮਰਸ, ਡੇਰਾਬੱਸੀ ਅਤੇ ਮੈਸਰਜ਼ ਸਿੰਥਾਈਮਡ ਲੈਬਜ਼ ਪ੍ਰਾਈਵੇਟ ਲਿਮਿਟੇਡ, ਡੇਰਾਬੱਸੀ ਸ਼ਾਮਲ ਹਨ।ਇਹਨਾਂ ਯੂਨਿਟਾਂ ਵਿੱਚੋਂ, ਸੁਰਭੀ ਪੋਲੀਮਰਸ ਅਤੇ ਸਿੰਥਾਈਮਡ ਲੈਬਜ਼ ਕੋਲ ਕੱਚੇ ਮਾਲ ਅਤੇ ਕਿਰਿਆਸ਼ੀਲ ਤੱਤ ਦੇ ਤੌਰ 'ਤੇ ਮੀਥੇਨੌਲ ਦੀ ਵਰਤੋਂ ਦਾ ਸਹੀ ਰਿਕਾਰਡ ਅਤੇ ਸਟੋਰੇਜ ਦੀ ਮਾਤਰਾ ਤੋਂ ਰਿਕਾਰਡ ਅਨੁਸਾਰ ਪਾਈ ਗਈ। ਐਲੇ ਕੈਮ ਲੈਬਜ਼ ਨੇ ਕਿਹਾ ਕਿ ਹਾਲਾਂਕਿ ਯੂਨਿਟ ਕੋਲ ਇਸ ਸਮੇਂ ਮਿਥੇਨੌਲ ਦੇ ਸਟੋਰੇਜ ਲਈ ਲਾਇਸੈਂਸ ਹੈ, ਪਰ ਯੂਨਿਟ ਨਾ ਤਾਂ ਕਿਸੇ ਵੀ ਰੂਪ ਵਿੱਚ ਮਿਥੇਨੌਲ ਖਰੀਦ ਰਹੀ ਹੈ ਅਤੇ ਨਾ ਹੀ ਇਸਦੀ ਵਰਤੋਂ ਕਰ ਰਹੀ ਹੈ। ਐਸ ਡੀ ਐਮ ਗੁਪਤਾ ਨੇ ਕਿਹਾ ਕਿ ਚੌਥੀ ਯੂਨਿਟ ਪਾਵਰ ਕੈਮ ਟੈਕ ਕੱਚੇ ਮਾਲ ਵਜੋਂ ਮੇਥੇਨੌਲ ਦੀ ਵਰਤੋਂ ਕਰਕੇ ਫਾਰਮਾਲਡੀਹਾਈਡ ਦਾ ਉਤਪਾਦਨ ਕਰਦੀ ਹੈ ਪਰ ਮਿਥੇਨੌਲ ਦੇ ਸਟਾਕ ਰਜਿਸਟਰ ਅਤੇ ਬਿੱਲਾਂ ਨੂੰ ਦਿਖਾਉਣ ਵਿੱਚ ਅਸਫਲ ਰਹੀ ਜੋ ਘੋਰ ਲਾਪਰਵਾਹੀ ਦਾ ਕਾਰਨ ਬਣਦੀ ਹੈ। ਪ੍ਰਬੰਧਕਾਂ ਨੂੰ ਰਿਕਾਰਡ ਰੱਖਣ ਚ ਲਾਪਰਵਾਹੀ ਵਰਤਣ ਅਤੇ ਲੋੜੀਂਦੇ ਦਸਤਾਵੇਜ਼ ਪੇਸ਼ ਨਾ ਕਰਨ 'ਤੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਐਸ ਡੀ ਐਮ ਡੇਰਾਬੱਸੀ ਨੇ ਦੱਸਿਆ ਕਿ ਕੰਪਨੀ ਨੂੰ 18 ਅਪ੍ਰੈਲ ਨੂੰ ਸਵੇਰੇ 10 ਵਜੇ ਤੱਕ ਕਮੇਟੀ ਦੇ ਸਾਹਮਣੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ ਗਿਆ ਹੈ, ਨਹੀਂ ਤਾਂ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

# ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਮਨਾਇਆ ਵਿਸ਼ਵ ਕਲਾ ਦਿਵਸ

**ਜਲੰਧਰ (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ ਦੀਆਂ ਸਾਰੀਆਂ ਸ਼ਾਖਾਵਾਂ ਨੇ ਵਿਸ਼ਵ ਕਲਾ ਦਿਵਸ ਮਨਾਇਆ । ਜਿਸ ਦੀ ਅਗਵਾਈ ਸਮੂਹ ਸਕੂਲ ਸ਼ਾਖਾਵਾਂ ਦੇ ਡਾਇਰੈਕਟਰਾਂ, ਪ੍ਰਿੰਸੀਪਲਾਂ ਅਤੇ ਹੋਰ ਸਟਾਫ਼ ਦੀ ਦੇਖ-ਰੇਖ ਹੇਠ ਕੀਤੀ ਗਈ। ਇਸ ਦਿਨ ਨੂੰ ਮਨਾਉਣ ਲਈ ਸਕੂਲ ਦੀਆਂ ਸ਼ਾਖਾਵਾਂ ਦੇ ਵਿਦਿਆਰਥੀਆਂ ਨੇ ਬਹੁਤ ਹੀ ਰਚਨਾਤਮਕਤਾ ਨਾਲ ਭਾਗ ਲਿਆ। ਜਿਸ ਵਿਚ ਵਿਦਿਆਰਥੀਆਂ ਨੇ ਆਪਣੇ ਚਿਹਰਿਆਂ 'ਤੇ ਵੱਖ-ਵੱਖ ਰੰਗ ਲਗਾ ਕੇ ਅਤੇ ਵੱਡੇ ਆਕਾਰ ਦੀ 'ਕਲਾ' ਲਿਖ ਕੇ ਆਪਣੀ ਛੁਪੀ ਹੋਈ ਕਲਾ ਨੂੰ ਪੇਸ਼ ਕੀਤਾ। ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੇ ਕੱਪੜੇ ਪਾ ਕੇ ਬਹੁਤ ਹੀ ਪਿਆਰੇ ਲੱਗ ਰਹੇ ਸਨ। ਇਸ ਮੌਕੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਗਰੁੱਪ ਦਾ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਕਲਾ ਨਾਲ ਜੋੜਨਾ ਦੱਸਦਿਆਂ ਕਿਹਾ ਕਿ ਮਨੁੱਖ ਨੂੰ ਆਪਣੀ ਕਲਾ ਨੂੰ ਦਬਾਉਣਾ ਨਹੀਂ ਚਾਹੀਦਾ।



# ਨਕਲੀ ਦੁੱਧ/ਘਿਓ ਬਣਾਉਣ ਵਾਲੀ ਸਮੱਗਰੀ ਸਮੇਤ ਗ੍ਰਿਫਤਾਰ

**ਫਗਵਾੜਾ ( ਡਾ. ਰਮਨ)**- ਐਸ.ਆਈ. ਲਾਭ ਸਿੰਘ ਮੁੱਖ ਅਫਸਰ ਥਾਣਾ ਰਾਵਲਪਿੰਡੀ ਫਗਵਾੜਾ ਦੀ ਪੁਲਸ ਪਾਰਟੀ ਵੱਲੋਂ ਨਕਲੀ ਦੁੱਧ/ਘਿਓ ਤਿਆਰ ਕਰਨ ਵਾਲੀ ਸਮੱਗਰੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ। ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਦੱਸਿਆ ਕਿ ਪਿੰਡ ਪਾਸ਼ਟਾ ਨਜਦੀਕ ਪੈਟਰੋਲ ਪੰਪ ਗੁੱਜਰਾਂ ਦੇ ਦੋ ਡੇਰੇ ਹਨ, ਜਿੱਥੇ ਰਹਿੰਦੇ ਗੁੱਜਰ ਬਲਾਲ ਪੁੱਤਰ ਫਤਿਹ ਮੁਹੰਮਦ, ਇਮਾਮ ਹੁਸੈਨ ਪੁੱਤਰ ਫਤਿਹ ਮੁਹੰਮਦ ਵਾਸੀਆਨ ਪਿੰਡ ਪਾਸ਼ਟਾ ਥਾਣਾ ਰਾਵਲਪਿੰਡੀ ਜ਼ਿਲ੍ਹਾ ਕਪੂਰਥਲਾ ਅਤੇ ਹਨੀਫ ਉਰਫ ਰਫੀ ਪੁੱਤਰ ਉਮਰਦੀਨ ਵਾਸੀ ਖਰਲ ਕਲਾਂ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਦਿਹਾਤੀ ਮਿਲ ਕੇ ਨਕਲੀ ਕਰੀਮ ਅਤੇ ਨਕਲੀ ਦੇਸੀ ਘਿਓ ਭੋਲੇ ਭਾਲੇ ਲੋਕਾਂ ਨੂੰ ਵੇਚ ਕੇ ਕਾਫੀ ਕਮਾਈ ਕਰ ਰਹੇ ਸਨ। ਐਸ.ਆਈ. ਲਾਭ ਸਿੰਘ ਦੀ ਪੁਲਸ ਪਾਰਟੀ ਵੱਲੋਂ ਡੇਰੇ 'ਤੇ ਰੇਡ ਕਰਕੇ ਹਨੀਫ ਉਰਫ ਰਫੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜੇ ਵਿੱਚੋਂ 60 ਪੈਕਟ ਰਿਫਾਇਡ ਮਾਰਕਾ ਮਹਾਕੋਸ਼, 06 ਪੈਕੇਟ ਸੁੱਕਾ ਦੁੱਧ ਮਾਰਕਾ ਹੈਲਥ ਹਾਰਡ 25 ਸਪਰੇਅ ਡਰਾਈਡ ਪਾਊਡਰ ਮਾਰਕਾ ਮੁਰਲੀ ਅਤੇ ਇੱਕ ਕੈਨ ਕਰੀਮ ਦੇ ਬ੍ਰਾਮਦ ਕੀਤੇ ਗਏ। ਉਸ ਦੇ ਸਾਥੀਆਂ ਨੂੰ ਵੀ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।



# ਰਾਮ ਨੌਮੀ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਫਿਲੌਰ, (ਨਿਰਮਲ)**- ਨਜ਼ਦੀਕੀ ਸਤਲੁਜ ਕੁਸ਼ਟ ਆਸ਼ਰਮ ਵਿਖੇ ਰਾਮ ਨੌਮੀ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਤਲੁਜ ਕੁਸ਼ਟ ਆਸ਼ਰਮ ਕਮੇਟੀ ਵੱਲ ਰਾਮ ਮੰਦਿਰ 'ਚ ਹੱਵਨ ਯੱਗ ਕਰਵਾਇਆ ਗਿਆ, ਜਿਸ ਤੋਂ ਬਾਅਦ ਸਾਰਾ ਦਿਨ ਰਾਮ ਭਜਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਰਾਮ ਨੌਮੀ ਦੀਆਂ ਸਮੂਹ ਰਾਮ ਭਗਤਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਅਟੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਪ੍ਰਧਾਨ ਰੋਬੋ, ਉਪ ਪ੍ਰਧਾਨ ਖਵੇਸਰ ਬਾਕੀ, ਸੈਕਟਰੀ ਰਾਜ ਕਿਸ਼ੋਰ, ਉਪ ਸੈਕੰਡਰੀ ਦੇਵ ਚਰਨ, ਖਜਾਨਚੀ ਮਾਨਿਕ ਲਾਲ, ਸਹਾਇਕ ਖਜਾਨਚੀ ਗਨੇਸ਼ ਪਾਂਡੇ, ਕੌਤਵਾਲ ਗੋਪਾਲ ਸ਼ਰਮਾ, ਕੌਤਵਾਲ ਵਿਦਿਆ ਬੜੀ, ਪਰਮਾਨੰਦ, ਪਰਦੇਸੀ, ਸਾਧਵ, ਸਮਾਪਤੀ ਸੁਦਾਮ ਅਤੇ ਹੋਰ ਹਾਜਰ ਸਨ।



# ਫਾਲਕਨ ਸਕੂਲ 'ਚ ਅਧਿਆਪਕਾਂ ਲਈ ਇਕ ਦਿਨਾ ਵਰਕਸ਼ਾਪ



**ਸੁਲਤਾਨਪੁਰ ਲੋਧੀ, (ਹਨੀ)**

ਤਲਵੰਡੀ ਚੌਧਰੀਆਂ ਰੋਡ ਸਥਿਤ ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਚੇਅਰਮੈਨ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਦੀ ਅਗਵਾਈ ਵਿਚ ਅਧਿਆਪਕਾਂ ਲਈ ਇਕ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ । ਡਾ. ਗੁਰਪ੍ਰੀਤ ਕੌਰ ਬਤੌਰ ਮੁੱਖ ਬੁਲਾਰਾ ਵਰਕਸ਼ਾਪ ਵਿਚ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ । ਇਸ ਦੌਰਾਨ ਡਾ. ਗੁਰਪ੍ਰੀਤ ਕੌਰ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਕਲਾਸ ਰੂਮ ਵਿਚ ਵਿਦਿਆਰਥੀਆਂ ਨਾਲ ਵਿਚਰਦੇ ਹੋਏ ਬਰੀਕੀਆਂ ਵੀ ਦੱਸੀਆਂ । ਉਨ੍ਹਾਂ ਕਿਹਾ ਕਿ ਅਧਿਆਪਨ ਸਮੇਂ ਅਸੀਂ ਵੱਖ ਵੱਖ ਤਰੀਕਿਆਂ ਜਿਵੇਂ ਐਕਟੀਵਿਟੀ ਰਾਹੀਂ, ਸਮਾਰਟ ਬੋਰਡ ਰਾਹੀਂ, ਆਡੀਓ ਵੀਡੀਓ ਆਦਿ ਰਾਹੀਂ ਜੋਸ਼ ਭਰੇ ਢੰਗ ਨਾਲ ਆਪਣੀ ਗੱਲ ਵਿਦਿਆਰਥੀਆਂ ਨੂੰ ਅਸਾਨੀ ਨਾਲ ਸਮਝਾ ਸਕਦੇ ਹਾਂ । ਡਾਇਰੈਕਟਰ ਨਵਦੀਪ ਕੌਰ ਢਿੱਲੋਂ ਅਤੇ ਚੇਅਰਮੈਨ ਅਜੀਤ ਸਿੰਘ ਢਿੱਲੋਂ ਨੇ ਵੀ ਸਟਾਫ਼ ਮੈਂਬਰਾਂ ਨੂੰ ਅਧਿਆਪਨ ਸਬੰਧੀ ਵੱਖ ਵੱਖ ਪ੍ਰਕਾਰ ਦੇ ਟਿਪਸ ਦਿੱਤੇ । ਪ੍ਰਿੰਸੀਪਲ ਬਲਜੀਤ ਕੌਰ ਨੇ ਪਹੁੰਚੇ ਮਹਿਮਾਨਾਂ ਅਤੇ ਸਟਾਫ਼ ਮੈਂਬਰਾਂ ਦਾ ਸਮਾਗਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

# ਹਰਿਆਣਾ ਦੇ ਰਾਜਪਾਲ ਵੇਂਕਟੇਸ਼ਵਰ ਸਵਾਮੀ ਮੰਦਰ ਵਿਖੇ ਹੋਏ ਨਤਮਸਤਕ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਰਾਮਨਵਮੀ ਦੇ ਪਵਿੱਤਰ ਮੌਕੇ 'ਤੇ ਜ਼ਿਲ੍ਹਾ ਪੰਚਕੂਲਾ ਦੇ ਸੈਕਟਰ-12ਏ ਸਥਿਤ ਸ੍ਰੀ ਵੇਂਕਟੇਸ਼ਵਰ ਸਵਾਮੀ ਮੰਦਿਰ ਵਿਚ ਪਹੁੰਚ ਕੇ ਪੂਜਾ ਅਰਚਨਾ ਕੀਤੀ ਅਤੇ ਭਗਵਾਨ ਵੇਂਕਟੇਸ਼ਵਰ ਦਾ ਆਸ਼ੀਰਵਾਦ ਲਿਆ। ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਸਕੱਤਰ ਅਤੇ ਸ੍ਰੀ ਵੇਂਕਟੇਸ਼ਵਰ ਸਵਾਮੀ ਮੰਦਿਰ ਸੈਕਟਰ 12ਏ ਦੇ ਪ੍ਰਧਾਨ ਸ੍ਰੀ ਟੀਵੀਐਸਐਨ ਪ੍ਰਸਾਦ ਤੇ ਉਨ੍ਹਾਂ ਦੀ ਧਰਮ ਪਤਨੀ ਡਾ. ਸ੍ਰੀਦੇਵੀ ਵੀ ਮੌਜੂਦ ਸਨ। ਸ੍ਰੀ ਟੀਵੀਐਸਐਨ ਪ੍ਰਸਾਦ ਨੇ ਮੰਦਿਰ ਵਿਚ ਪਹੁੰਚਣ 'ਤੇ ਰਾਜਪਾਲ ਦਾ ਸਵਾਗਤ ਕੀਤਾ।ਦੱਤਾਤ੍ਰੇਅ ਨੇ ਸੂਬਾਵਾਸੀਆਂ ਨੂੰ ਰਾਮਨਵਮੀ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਸ੍ਰੀ ਵੇਂਕਟੇਸ਼ਵਰ ਸਵਾਮੀ ਤਿਰੂਪਤੀ ਬਾਲਾਜੀ ਮੰਦਿਰ, ਕੁਰੂਕਸ਼ੇਤਰ ਵਿਚ ਆਏ ਪੁਜਾਰੀਆਂ ਵੱਲੋਂ ਪੂਜਾ ਅਰਚਨਾ ਕੀਤੀ ਗਈ। ਮੰਦਿਰ ਵਿਚ ਸੀਤਾਰਾਮ ਕਲਿਯਾਣਾਮ ਨੂੰ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ, ਜਿਸ ਵਿਚ ਸੈਂਕੜੇ ਭਗਤਾਂ ਨੇ ਹਿੱਸਾ ਲਿਆ। ਰਾਜਪਾਲ ਨੂੰ ਸ਼ਾਲ ਭੇਂਟ ਕਰ ਸਨਮਾਨਿਤ ਕੀਤਾ।ਇਸ ਮੌਕੇ 'ਤੇ ਡੀਸੀਪੀ ਹਿਮਾਦੀ ਕੌਸ਼ਿਕ, ਜ਼ਿਲ੍ਹਾ ਪਰਿਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਗਗਨੀਦੀਪ ਸਿੰਘ, ਵੇਂਕਟੇਸ਼ਵਰ ਸਵਾਮੀ ਮੰਦਿਰ ਦੀ ਸਕੱਤਰ ਸ੍ਰੀਮਤੀ ਨੀਰਜਾ, ਆਈਪੀਐਸ, ਮੈਂਬਰ ਸੰਜੀਵ ਕੁਮਾਰ ਸਮੇਤ ਹੋਰ ਸ਼ਰਧਾਲੂ ਮੌਜੂਦ ਸਨ।

# ਐਲ ਪੀ ਯੂ ਨੇ ਮੈਕਰੋਨ ਦੇ ਸਭ ਤੋਂ ਵੱਡੇ ਡਿਸਪਲੇ ਨਾਲ ਵਿਸ਼ਵ ਰਿਕਾਰਡ ਬਣਾਇਆ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਨੇ ਮੈਕਾਰੋਨਜ਼ ਦੇ ਨਾਂਅ ਨਾਲ ਮਸ਼ਹੂਰ ਮੇਰਿੰਗੂ-ਅਧਾਰਿਤ ਸੈਂਡਵਿਚ ਕੁਕੀਜ਼ ਦੀ ਸਭ ਤੋਂ ਵੱਡੀ ਡਿਸਪਲੇਅ ਬਣਾ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕਰਕੇ ਇਤਿਹਾਸ ਰਚ ਦਿੱਤਾ ਹੈ। 9,600 ਦੇ ਪਿਛਲੇ ਰਿਕਾਰਡ ਨੂੰ ਪਛਾੜਦੇ ਹੋਏ, ਐੱਲ.ਪੀ.ਯੂ ਨੇ 10,829 ਟ੍ਰਾਈ ਕਲਰ ਮੈਕਰੋਨ ਪ੍ਰਦਰਸ਼ਿਤ ਕੀਤੇ, ਜਿਨ੍ਹਾਂ ਨੂੰ ਭਾਰਤੀ ਝੰਡੇ ਦੇ ਰੂਪ ਵਿੱਚ ਰੱਖਿਆ ਗਿਆ ।ਐਲਪੀਯੂ ਕੈਂਪਸ ਵਿੱਚ ਆਯੋਜਿਤ ਸਮਾਗਮ ਰਸੋਈ ਕਲਾ ਅਤੇ ਰਾਸ਼ਟਰੀ ਮਾਣ ਦਾ ਇੱਕ ਸ਼ਾਨਦਾਰ ਪ੍ਰਦਰਸ਼ਨ ਸੀ। ਵਿਸ਼ਵ ਸਤਰ 'ਤੇ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨ ਦੇ ਮਾਣ ਦੀ ਡੂੰਘੀ ਭਾਵਨਾ ਨੂੰ ਮਹਿਸੂਸ ਕਰਦੇ ਹੋਏ, ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੇ ਇਸ ਸ਼ਾਨਦਾਰ ਪ੍ਰਦਰਸ਼ਨ ਨੂੰ ਬਣਾਉਣ ਲਈ ਪੂਰੇ ਦਿਲ ਨਾਲ ਕੰਮ ਕੀਤਾ । ਭਾਰਤੀ ਝੰਡੇ ਦੀ ਮਹੱਤਤਾ ਨੇ ਇਸ ਸਮਾਗਮ ਵਿੱਚ ਜਜ਼ਬਾਤ ਅਤੇ ਦੇਸ਼ ਭਗਤੀ ਦੀ ਇੱਕ ਵਾਧੂ ਪਰਤ ਜੋੜ ਦਿੱਤੀ, ਜਿਸ ਨਾਲ ਇਹ ਇੱਕ ਸੱਚਮੁੱਚ ਯਾਦਗਾਰੀ ਮੌਕਾ ਬਣ ਗਿਆ । ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ ਨੇ ਸਖ਼ਤ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਦਿਲੋਂ ਵਧਾਈ ਦਿੱਤੀ ਜਿਨ੍ਹਾਂ ਨੇ ਇਸ ਰਿਕਾਰਡ-ਤੋੜ ਉਪਲਬਧੀ ਨੂੰ ਸਾਵਧਾਨੀ ਨਾਲ ਯੋਜਨਾਬੱਧ ਤਰੀਕੇ ਨਾਲ ਲਾਗੂ ਕੀਤਾ । ਐਲਪੀਯੂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਕਈ ਗਿੰਨੀਜ਼ ਵਰਲਡ ਰਿਕਾਰਡਸ ਨੂੰ ਪ੍ਰਾਪਤ ਕਰਨ ਦੀ ਸਾਖ ਸਥਾਪਿਤ ਕੀਤੀ ਹੈ। ਐਲਪੀਯੂ ਦੁਆਰਾ ਮੈਕਰੋਨ ਦਾ ਵਿਸ਼ਵ ਰਿਕਾਰਡ-ਸਥਾਪਿਤ ਪ੍ਰਦਰਸ਼ਨ ਯੂਨੀਵਰਸਿਟੀ ਦੇ ਪ੍ਰਤਿਭਾ ਨੂੰ ਪਾਲਣ, ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੁਣੇ ਹੋਏ ਖੇਤਰਾਂ ਵਿੱਚ ਉੱਤਮ ਹੋਣ ਦੇ ਮੌਕੇ ਪ੍ਰਦਾਨ ਕਰਨ ਦੇ ਸਮਰਪਣ ਦਾ ਪ੍ਰਮਾਣ ਹੈ।



# ਬਸਪਾ ਦੀ ਮੀਟਿੰਗ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬਸਪਾ ਪ੍ਰਧਾਨ ਦਿਹਾਤੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਜਗਦੀਸ਼ ਸ਼ੇਰਪੁਰੀ ਨੇ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੀ ਵਿਸ਼ੇਸ਼ ਮੀਟਿੰਗ ਨਵੀਂ ਆਬਾਦੀ (ਨੇੜੇ ਰੇਲਵੇ ਸਟੇਸ਼ਨ) ਨਕੋਦਰ ਵਿਖੇ 20 ਨੂੰ ਸਵੇਰੇ 9:30ਵਜੇ ਹੋਵੇਗੀ, ਜਿਸ ਵਿਚ ਬਸਪਾ ਵਲੋਂ ਐਲਾਨੇ ਗਏ ਉਮੀਦਵਾਰ ਬਲਵਿੰਦਰ ਕੁਮਾਰ ਤੇ ਗੁਰਮੇਲ ਚੁੰਬਰ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਮੀਟਿੰਗ ਦੀ ਪ੍ਰਧਾਨਗੀ ਦੇਵ ਰਾਜ ਸੁਮਨ ਪ੍ਰਧਾਨ ਵਿਧਾਨ ਸਭਾ ਨਕੋਦਰ ਕਰਨਗੇ ।

# ਐਸ ਸੀ/ਬੀ ਸੀ ਵਿੰਗ ਤਾਲਮੇਲ ਕਮੇਟੀ ਨੇ ਖੁਰਾਨਾ ਤੇ ਚੰਦੀ ਨੂੰ ਕੀਤਾ ਸਨਮਾਨਤ



**ਫਗਵਾੜਾ (ਜਸਵਿੰਦਰ ਢੱਡਾ)**-ਸ਼੍ਰੋਮਣੀ ਅਕਾਲੀ ਦਲ (ਬ) ਐਸ.ਸੀ./ਬੀ.ਸੀ. ਵਿੰਗ ਤਾਲਮੇਲ ਕਮੇਟੀ ਦੀ ਮੀਟਿੰਗ ਕਮੇਟੀ ਪ੍ਰਧਾਨ ਜਥੇਦਾਰ ਸਰੂਪ ਸਿੰਘ ਖਲਵਾੜਾ ਅਤੇ ਉਪ ਪ੍ਰਧਾਨ ਪਰਮਿੰਦਰ ਸਿੰਘ ਜੰਡੂ ਦੀ ਸਾਂਝੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਨਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਤੋਂ ਇਲਾਵਾ ਜਥੇਦਾਰ ਬਹਾਦਰ ਸਿੰਘ ਸਾਬਕਾ ਸਰਪੰਚ ਸੰਗਤਪੁਰ ਵਿਸ਼ੇਸ਼ ਤੌਰ 'ਤੇ ਹਾਜਰ ਆਏ। ਤਾਲਮੇਲ ਕਮੇਟੀ ਵਲੋਂ ਦੋਵਾਂ ਹਲਕਾ ਇੰਚਾਰਜਾਂ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਸਨਮਾਨਤ ਕੀਤਾ ਗਿਆ। ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਸਰੂਪ ਗਿਰ ਰਾਹੋਂ, ਡਾ. ਜਗਦੀਪ ਸਿੰਘ ਖਲਵਾੜਾ, ਮਧੂਸੂਦਨ ਸਿੰਘ, ਦੇਸਰਾਜ ਜਮਾਲਪੁਰ, ਬਲਵਿੰਦਰ ਸਿੰਘ ਰਾਵਲਪਿੰਡੀ, ਮਲੂਕ ਸਿੰਘ ਖਲਵਾੜਾ, ਬਰਿਜ ਲਾਲ ਅੰਬੇਡਕਰ ਨਗਰ, ਜਸਵਿੰਦਰ ਸਿੰਘ ਭਗਤਪੁਰਾ, ਤਰਸੇਮ ਲਾਲ ਬਿਸ਼ਨਪੁਰ, ਝਿਰਮਲ ਸਿੰਘ ਭਿੰਡਰ, ਸਰਬਜੀਤ ਕੌਰ ਸਾਬਕਾ ਕੌਂਸਲਰ ਭਗਤਪੁਰਾ, ਪਰਮਜੀਤ ਕੰਬੋਜ, ਮਹਿੰਗਾ ਸਿੰਘ ਲੁਧਿਆਣਾ, ਅਮਰੀਕ ਸਿੰਘ ਜੇ.ਈ., ਪੁਰਸ਼ੋਤਮ ਲਾਲ ਰਿਟਾ. ਪੁਲਿਸਮੈਨ, ਰਾਮਪਾਲ ਸਿੰਘ, ਸੁਰਿੰਦਰ ਸਿੰਘ ਸਮਰਾੜੀ, ਗੁਰਮੁਖ ਸਿੰਘ ਚਾਨਾ ਆਦਿ ਹਾਜਰ ਸਨ।

# ਸੇਵਾ ਮੁਕਤ ਆਈ ਪੀ ਐਸ ਭਾਜਪਾ 'ਚ ਸ਼ਾਮਲ

**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**-ਟਾਂਡਾ ਇਲਾਕੇ ਨਾਲ ਸਬੰਧ ਰੱਖਣ ਵਾਲੇ ਸੁਖਰਾਜ ਸਿੰਘ ਸੇਵਾਮੁਕਤ ਆਈ. ਪੀ. ਐਸ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ। ਸਟੇਟ ਪ੍ਰਧਾਨ ਵਿਸ਼ਨੂੰ ਦੱਤ ਸ਼ਰਮਾ ਅਤੇ ਹੋਰ ਸੀਨੀਅਰ ਦੀ ਹਾਜ਼ਰੀ ਵਿਚ ਸੁਖਰਾਜ ਸਿੰਘ ਨੂੰ ਪਾਰਟੀ ਵਿਚ ਸ਼ਾਮਿਲ ਕਰਵਾਇਆ ਗਿਆ। ਸੁਖਰਾਜ ਸਿੰਘ ਨੇ ਕਿਹਾ ਗਿਆ ਕਿ ਭਾਰਤੀ ਜਨਤਾ ਪਾਰਟੀ, ਭਾਰਤ ਦੇ ਲੋਕਾਂ ਦੇ ਹਿੱਤਾਂ ਅਤੇ ਵਿਕਾਸ ਲਈ ਹਰ ਪੱਖ ਤੋਂ ਬਹੁਤ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ ਜਿਸ ਕਾਰਨ ਭਾਰਤ ਵਿਕਸਿਤ ਅਤੇ ਖੁਸ਼ਹਾਲੀ ਭਰਿਆ ਦੇਸ਼ ਹੋਣ ਕਾਰਨ ਦੁਨੀਆ ਵਿਚ ਅਗਾਂਹ ਵਧੂ ਦੇਸ਼ਾਂ ਵਿਚ ਆਉਂਦਾ ਹੈ। ਇਸ ਲਈ ਉਨ੍ਹਾਂ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜਿਆ ਹੈ।

# ਕਣਕ ਦੀ ਸਰਕਾਰੀ ਖਰੀਦ 1400 ਕੁਇੰਟਲ ਹੋਈ

**ਫਿਲੌਰ (ਨਿਰਮਲ)**- ਦਾਨਾ ਮੰਡੀ ਫਿਲੌਰ ਵਿਖੇ ਕਣਕ ਦੀ ਨਵੀਂ ਫਸਲ ਆਉਣੀ ਸ਼ੁਰੂ ਹੋ ਗਈ ਹੈ। ਮਾਰਕੀਟ ਕਮੇਟੀ ਫਿਲੌਰ ਦੇ ਚੇਅਰਮੈਨ ਰੋਸ਼ਨ ਲਾਲ ਰੋਸ਼ੀ ਅਤੇ ਸੈਕਟਰੀ ਮਨਜੀਤ ਸਿੰਘ ਨੇ ਦੱਸਿਆ ਕਿ ਮੌਸਮ ਠੀਕ ਨਾ ਹੋਣ ਕਾਰਨ ਆਮਦ ਘੱਟ ਹੋ ਰਹੀ ਹੈ। ਹੁਣ ਤੱਕ 1400 ਕੁਇੰਟਲ ਦੀ ਸਰਕਾਰੀ ਖਰੀਦ ਏਜੰਸੀਆਂ ਪਨਸਪ ਅਤੇ ਪਨਗਰੇਨ ਵੱਲੋਂ ਕੀਤੀ ਗਈ ਹੈ। ਇਸ ਵਾਰ ਕਣਕ ਦਾ ਭਾਅ 2275 ਰੁਪਏ ਪ੍ਰਤੀ ਕੁਇੰਟਲ ਹੈ। ਕਿਸਾਨ ਅਜਮੇਰ ਸਿੰਘ ਨੇ ਦੱਸਿਆ ਕਿ ਫਸਲ ਵਧੀ ਹੋਈ ਹੈ ਪਰ ਮੌਸਮ ਦੀ ਖਰਾਬੀ ਪੈ ਰਹੀ ਹੈ ਕੰਬਾਈਨਾਂ ਚੱਲ ਨਹੀਂ ਰਹੀਆਂ।

# ਲਾਇਲਪੁਰ ਖ਼ਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਏ. (ਮਿਊਜ਼ਿਕ ਵੋਕਲ) ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ । ਵਿਦਿਆਰਥੀ ਮਾਧਵੀ ਨੇ 400 ਵਿਚੋਂ 365 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ, ਪ੍ਰੀਤੀ ਨੇ 355 ਅੰਕ ਪ੍ਰਾਪਤ ਕਰਕੇ ਪੰਜਵਾਂ, ਗੀਤੀਕ ਗਿੱਲ, ਤਕਸ਼ੂ ਕੈਲੇ ਅਤੇ ਜਸਜੋਤ ਜੁਨੇਜਾ ਨੇ 354 ਅੰਕ ਪ੍ਰਾਪਤ ਕਰਦੇ ਹੋਏ ਸਾਂਝੇ ਰੂਪ ਵਿਚ ਪੰਜਵਾਂ ਸਥਾਨ ਹਾਸਲ ਕੀਤਾ । ਇਸ ਮੌਕੇ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ । ਉਨ੍ਹਾਂ ਇਹ ਵੀ ਕਿਹਾ ਕਿ ਕਾਲਜ ਇਨ੍ਹਾਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਆਉਣ ਵਾਲਿਆਂ ਨਤੀਜਿਆਂ ਵਿਚੋਂ ਵੀ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਵਿਚੋਂ ਵਿਸ਼ੇਸ਼ ਸਥਾਨ ਜਾਂ ਮੈਰਿਟ ਵਿਚ ਆਉਣਗੇ, ਉਨ੍ਹਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਪ੍ਰੋ. ਸੁਖਦੇਵ ਸਿੰਘ ਮੁਖੀ ਸੰਗੀਤ ਵਿਭਾਗ, ਪ੍ਰੋ. ਗੁਨਵੀਰ ਸਿੰਘ, ਪ੍ਰੋ. ਅਕਾਸ਼, ਪ੍ਰੋ. ਨਿਧੀ ਸ਼ਰਮਾ ਅਤੇ ਪ੍ਰੋ. ਕਿਰਨ ਅਮਰ ਵੀ ਹਾਜ਼ਰ ਸਨ।



# ਧੂਮ-ਧਾਮ ਨਾਲ ਮਨਾਇਆ ਖਾਲਸਾ ਪੰਥ ਦਾ ਸਾਜਨਾ ਦਿਵਸ

**ਆਦਮਪੁਰ (ਪਰਮਜੀਤ ਸਿੰਘ)**

ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਦੇ ਅਸਥਾਨ ਉਪਰ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਰੱਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਰਾਜਵੀਰ ਸਿੰਘ,ਭਾਈ ਤਰਸੇਮ ਸਿੰਘ,ਭਾਈ ਨਿਰਮਲ ਸਿੰਘ,ਭਾਈ ਹਰਪ੍ਰੀਤ ਸਿੰਘ ਅਤੇ ਹੋਰ ਆਏ ਹੋਏ ਰਾਗੀ ਢਾਡੀ ਕਵੀਸ਼ਰ ਕਥਾਵਾਚਕ ਜਥਿਆਂ ਵਲੋਂ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਖਾਲਸਾ ਪੰਥ ਦੀ ਸਾਜਨਾ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਕੀਤੀ ਗਈ ਤੇ ਵੱਖ-ਵੱਖ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੂੰ ਇੱਕੋ ਹੀ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਊਚ-ਨੀਚ ਅਤੇ ਜਾਤ-ਪਾਤ ਦੇ ਭੇਦ-ਭਾਵ ਨੂੰ ਖਤਮ ਕਰਨ ਦਾ ਸੁਨੇਹਾ ਦਿੱਤਾ ਸੀ।ਮੰਚ ਦਾ ਸੰਚਾਲਨ ਮਾਸਟਰ ਸੁਰਜੀਤ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਕਰਮ ਸਿੰਘ, ਜਰਨੈਲ ਸਿੰਘ,ਹਰਦਿਆਲ ਸਿੰਘ, ਗੁਰਜੀਤ ਸਿੰਘ, ਸਤਨਾਮ ਸਿੰਘ,ਰਸ਼ਪਾਲ ਸਿੰਘ ਸਰਪੰਚ, ਰਣਵੀਰ ਪਾਲ ਸਿੰਘ,ਡਾਕਟਰ ਰਣਧੀਰ ਸਿੰਘ ਅਤੇ ਹੋਰ ਇਲਾਕੇ ਦੀਆਂ ਸੰਗਤਾਂ ਹਾਜਰ ਸਨ।



# ਲੋਕਤੰਤਰ ਪ੍ਰਣਾਲੀ 'ਚ ਹੈ ਜਨਤਾ ਸਭ ਤੋਂ ਉੱਪਰ : ਅਗਰਵਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਲੋਕਤੰਤਰ ਪ੍ਰਣਾਲੀ ਵਿਚ ਜਨਤਾ ਸੱਭ ਤੋਂ ਉੱਪਰ ਹੁੰਦੀ ਹੈ ਅਤੇ ਇਕ-ਇਕ ਵੋਟ ਦਾ ਬਹੁਤ ਮਹਤੱਵ ਹੁੰਦਾ ਹੈ, ਇਸ ਲਈ ਸਾਰੇ ਵੋਟਰਾਂ ਨੂੰ ਲੋਕਤੰਤਰ ਦੇ ਇਸ ਉਤਸਵ ਵਿਚ ਵੋਟ ਕਰ ਕੇ ਦੇਸ਼ ਦੇ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ।ਉਨ੍ਹਾਂ ਨੇ ਵੋਟਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਵੋਟ ਕਰਨਾ ਉਨ੍ਹਾਂ ਦਾ ਅਧਿਕਾਰ ਹੈ। ਚੋਣ ਵਿਚ ਵੋਟ ਕਰਨ ਦਾ ਮੌਕਾ 5 ਸਾਲ ਦੇ ਬਾਅਦ ਮਿਲਦਾ ਹੈ। ਇਹ ਮੌਕਾ ਸਾਨੂੰ ਗਵਾਉਣਾ ਨਹੀਂ ਚਾਹੀਦਾ ਹੈ । ਨੌਜੁਆਨਾਂ ਨੂੰ ਸਮਝਣਾ ਹੋਵੇਗਾ ਕਿ ਲੋਕਤੰਤਰ ਵਿਚ ਭਾਗੀਦਾਰੀ ਨਾਲ ਲੋਕਤੰਤਰ ਮਜਬੂਤ ਬਣਦਾ ਹੈ।ਅਗਰਵਾਲ ਨੇ ਕਿਹਾ ਕਿ ਚੋਣ ਜਾਬਤਾ ਚੋਣ ਪ੍ਰਕ੍ਰਿਆ ਦੇ ਪੂਰੇ ਹੋਣ ਤਕ ਲਾਗੂ ਰਹੇਗੀ। ਕਿਤੇ ਵੀ ਚੋਣ ਜਾਬਤਾ ਦਾ ਉਲੰਘਣ ਨਜਰ ਆਉਂਦਾ ਹੈ ਤਾਂ ਉਹ ਆਪਣੀ ਸ਼ਿਕਾਇਤ ਜ਼ਿਲ੍ਹਾ ਚੋਣ ਦਫਤਰ ਤੇ ਮੁੱਖ ਚੋਣ ਦਫਤਰ, ਹੈਲਪਲਾਇਨ ਟੋਲ ਫਰੀ ਨੰਬਰ 1950 ਅਤੇ ਸੀ-ਵਿਜਿਲ ਐਪ 'ਤੇ ਕਰ ਸਕਦੇ ਹਨ। ਇਸ ਤੋਂ ਇਲਾਵਾ, ਵੋਟਰ ਚੋਣ ਕਮਿਸ਼ਨ ਦੀ ਵੈਬਸਾਇਟ ਤੇ ਹੈਲਪਲਾਇਨ ਟੋਲ ਫਰੀ ਨੰਬਰ 1950 ਨਾਲ ਆਪਣੇ ਵੋਟ ਤੇ ਪੋਲਿੰਗ ਬੂਥ ਦੇ ਬਾਰੇ ਵਿਚ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

# ਨਛੱਤਰ ਲਾਲ ਪ੍ਰਧਾਨ, ਜੋਗਿੰਦਰ ਪਾਲ ਆਦਿਆ ਸਕੱਤਰ ਤੇ ਅਸ਼ਵਨੀ ਸ਼ਰਮਾ ਖਜ਼ਾਨਚੀ ਬਣੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਰਿਟਾਇਰਡ ਇੰਪਲਾਈਜ਼ ਯੂਨੀਅਨ ਦੀ ਵਿਸ਼ੇਸ਼ ਚੁਣਾਵੀ ਬੈਠਕ ਰੀਜਨ ਪ੍ਰਧਾਨ ਕੇਵਲ ਸਿੰਘ ਹੀਰ ਦੀ ਪ੍ਰਧਾਨਗੀ ਵਿੱਚ ਨਗਰ ਨਿਗਮ ਦਫਤਰ ਵਿਖੇ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਨਛੱਤਰ ਲਾਲ ਨੂੰ ਪ੍ਰਧਾਨ, ਜੋਗਿੰਦਰ ਪਾਲ ਆਦੀਆ ਨੂੰ ਉਪ-ਸਕੱਤਰ ਅਤੇ ਅਸ਼ਵਨੀ ਸ਼ਰਮਾ ਨੂੰ ਖਜਾਨਚੀ ਨਿਯੁਕਤ ਕੀਤਾ ਗਿਆ। ਜਿਨ੍ਹਾਂ ਦਾ ਕਾਰਜਕਾਲ ਇਕ ਸਾਲ 2024-25 ਦੇ ਲਈ ਹੋਵੇਗਾ।ਇਸ ਤੋਂ ਬਾਅਦ ਨਵੇਂ ਨਿਯੁਕਤ ਪ੍ਰਧਾਨ ਨਛੱਤਰ ਲਾਲ ਵਲੋਂ ਆਪਣੀ ਟੀਮ ਦੀ ਘੋਸ਼ਣਾ ਕੀਤੀ ਗਈ। ਜਿਸ ਵਿੱਚ ਕੁਲਵੰਤ ਸਿੰਘ ਸੈਣੀ ਨੂੰ ਚੇਅਰਮੈਨ, ਅਸ਼ਵਨੀ ਸ਼ਰਮਾ ਨੂੰ ਸੀਨੀਅਰ ਵਾਈਜ਼ ਪ੍ਰਧਾਨ, ਸੁਰਜੀਤ ਬਹਿਲ ਨੂੰ ਸੰਯੁਕਤ ਸਕੱਤਰ ਅਤੇ ਨਰੇਸ਼ ਕੁਮਾਰ ਨੂੰ ਸੂਬਾ ਸਕੱਤਰ ਅਤੇ ਕਾਰਜਕਾਰਨੀ ਦੇ ਮੈਂਬਰ ਸੁਰਜੀਤ ਸਿੰਘ, ਸੁਰਜੀਤ ਕੁਮਾਰ, ਸੁਰਿੰਦਰ ਕੁਮਾਰ, ਸੀਤਾ ਰਾਮ, ਵਿਜੈ ਕੁਮਾਰ, ਦਸ਼ਰਥ ਲਾਲ ਅਤੇ ਹਰੀਸ਼ ਕੁਮਾਰ ਨੂੰ ਨਿਯੁਕਤ ਕੀਤਾ ਗਿਆ। ਨਛੱਤਰ ਲਾਲ ਨੇ ਕਿਹਾ ਕਿ ਉਨਾਂ ਨੂੰ ਜੋ ਜ਼ਿੰਮੇਦਾਰੀ ਦਿੱਤੀ ਗਈ ਹੈ ਉਸ ਨੂੰ ਉਹ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਯਤਨ ਕਰਨਗੇ।ਇਸ ਮੌਕੇ ਤੇ ਚੇਅਰਮੈਨ ਕੁਲਵੰਤ ਸਿੰਘ ਸੈਣੀ, ਰੀਜਨ ਪ੍ਰਧਾਨ ਕੇਵਲ ਸਿੰਘ ਹੀਰ ਅਤੇ ਸੰਜੀਵ ਅਰੋੜਾ ਨੇ ਸੰਬੋਧਿਤ ਕਰਦੇ ਹੋਏ ਕਿਹਾ ਕਿ ਹਰੇਕ ਮਹੀਨੇ ਦੀ 10 ਤਰੀਖ ਨੂੰ ਕਮਿਸ਼ਨਰ ਸਾਹਿਬ ਨਾਲ ਮੀਟਿੰਗ ਕੀਤੀ ਕੀਤੀ ਜਾਵੇਗੀ ਅਤੇ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਤਾਂਕਿ ਕਰਮਚਾਰੀਆਂ ਦੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾ ਸਕੇ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਜਾਗਰੂਕਤਾ ਸਮਾਗਮ ਕਰਵਾਇਆ

**ਸੁਲਤਾਨਪੁਰ ਲੋਧੀ, (ਹਨੀ)**- ਐਸ. ਡੀ. ਕਾਲਜ ਫਾਰ ਵੋਮੈਨ ਸੁਲਤਾਨਪੁਰ ਲੋਧੀ ਵਿਖੇ ਈਕੋ ਕਲੱਬ ਵੱਲੋਂ ਮਿਨਿਸਟਰੀ ਆਫ ਐਨਵਾਇਰਮੈਂਟ, ਫੋਰੈਸਟ ਐਂਡ ਕਲਾਈਮੇਟ ਚੇਂਜ ਅਤੇ ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਦੀਆਂ ਹਦਾਇਤਾਂ ਆਨੁਸਾਰ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਵਾਇਆ ਗਿਆ । ਜਿਸ ਵਿੱਚ ਵਿਦਿਆਰਥਣਾਂ ਵੱਲੋਂ ਸਿੰਗਲ ਯੂਜ ਪਲਾਸਟਿਕਸ ਨੂੰ ਸਹੀ ਵਰਤਣਾ, ਜੈਵਿਕ ਭਿੰਨਤਾ ਨੂੰ ਸੁਰੱਖਿਅਤ ਰੱਖਣਾ ਅਤੇ ਵਾਤਾਵਰਣ ਸੁਰੱਖਿਆ ਦੇ ਵਿਸ਼ਿਆਂ ਬਾਰੇ ਜਾਗਰੂਕਤਾ ਫੈਲਾਈ ਗਈ। ਬੀ. ਕਾਮ ਭਾਗ ਤੀਜਾ ਦੀ ਵਿਦਿਆਰਥਣ ਕਵਲਜੀਤ ਕੌਰ ਅਤੇ ਬੀ. ਕਾਮ ਭਾਗ ਦੂਜਾ ਦੀਆ ਵਿਦਿਆਰਥਣਾ ਨਵਜੋਤ ਕੌਰ ਅਤੇ ਲੀਨਾ ਧੀਰ ਨੇ ਇਸ ਸਬੰਧੀ ਬਾਰੇ ਭਰਪੂਰ ਜਾਣਕਾਰੀ ਦਿੱਤੀ । ਈਕੋ ਕਲੱਬ ਇੰਚਾਰਜ ਵੱਲੋਂ ਵੀ ਸਭ ਵਿਦਿਆਰਥਣਾ ਨੂੰ ਵਾਤਾਵਰਣ ਜੰਗਲ ਅਤੇ ਜੀਵ ਜੰਤੂਆਂ ਦੇ ਰੱਖ ਰਖਾਵ ਲਈ ਉਪਰਾਲਾ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਗਿਆ ।



# ਪ੍ਰਵਾਸੀ ਭਾਰਤੀਆਂ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਲਈ 8 ਕਰੋੜ ਦਾ ਦਾਨ

**ਬੰਗਾ (ਅਵਤਾਰ ਕਲੇਰ)**

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ 40ਵਾਂ ਸਥਾਪਨਾ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ । ਇਸ ਸਮਾਗਮ ਦੇ ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਪੰਜਾਬ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੀ 40ਵੀਂ ਸਥਾਪਨਾ ਲਈ ਵਧਾਈ ਦਿੰਦਿਆਂ ਟਰੱਸਟ ਦੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਅਤੇ ਉਹਨਾਂ ਦੇ ਸਮੂਹ ਸਾਥੀਆਂ ਦੇ ਰਿਆਇਤੀ ਦਰਾਂ 'ਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉੱਦਮ ਨੂੰ ਸਿਜਦਾ ਕੀਤਾ । ਉਹਨਾਂ ਨੇ ਕੈਨੇਡਾ ਤੇ ਪੰਜਾਬੀਆਂ ਦੇ ਸਬੰਧਾਂ ਦਾ ਵਰਨਣ ਕਰਦਿਆਂ ਕੈਨੇਡਾ ਨੂੰ ਪੰਜਾਬੀਆਂ ਦਾ ਦੂਜਾ ਘਰ ਦੱਸਿਆ। ਕਨੈਡੀਅਨ ਹਾਈ ਕਮਿਸ਼ਨ ਸਟੀਅਰਟ ਵੀਲਰ ਨੇ ਹਸਪਤਾਲ ਦੇ ਚਾਲੀ ਸਾਲ ਦੇ ਸਫ਼ਲ ਸਫ਼ਰ ਲਈ ਵਧਾਈ ਦਿੱਤੀ ਅਤੇ ਹਸਪਤਾਲ ਦੇ ਬਾਨੀ ਬਾਬਾ ਬੁੱਧ ਸਿੰਘ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ । ਉਹਨਾਂ ਕਿਹਾ ਕਿ ਬਾਬਾ ਬੁੱਧ ਸਿੰਘ ਨੇ ਸਾਂਝੇ ਉੱਦਮਾਂ ਨਾਲ ਕੈਨੇਡਾ 'ਚ ਰਹਿੰਦਿਆਂ ਆਪਣੇ ਵਤਨ 'ਚ ਸਿੱਖਿਆ ਅਤੇ ਸਿਹਤ ਸਹੂਲਤਾਂ ਪ੍ਰਦਾਨ ਕਰਨੀਆਂ ਸਮਾਜ ਲਈ ਉਦਾਹਰਣ ਹਨ । ਸਮਾਗਮ ਦੇ ਆਰੰਭ 'ਚ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਐਂਡ ਮੈਡੀਕਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਮਹਿਮਾਨਾਂ ਅਤੇ ਸਮੂਹ ਹਾਜ਼ਰੀਨ ਦਾ ਨਿੱਘਾ ਸਵਾਗਤ ਕੀਤਾ ਅਤੇ ਹਸਪਤਾਲ ਦੇ ਚਾਲੀ ਸਾਲ ਦੇ ਸਫ਼ਰ ਬਾਰੇ ਚਾਨਣਾ ਪਾਇਆ । ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਦੇ ਦਿਲਾਂ ਵਿੱਚ ਢਾਹਾਂ ਕਲੇਰਾਂ ਵਿੱਖੇ ਚਲ ਰਹੇ ਸੇਵਾ ਕਾਰਜਾਂ ਲਈ ਭਾਰੀ ਸਤਿਕਾਰ ਹੈ । ਅੱਜ ਚਾਲੀ ਸਾਲਾਂ ਸਥਾਪਨਾ ਦਿਵਸ ਮੌਕੇ ਵੱਡੀ ਗਿਣਤੀ 'ਚ ਪ੍ਰਵਾਸੀ ਭਾਰਤੀ ਸ਼ਾਮਲ ਹੋਏ ਹਨ ਅਤੇ ਉਹਨਾਂ ਵਲੋਂ ਵੱਖ ਵੱਖ ਪ੍ਰੋਜੈਕਟਾਂ ਲਈ 8 ਕਰੋੜ ਤੋਂ ਵੱਧ ਕੀਮਤ ਦੀਆਂ ਮੈਡੀਕਲ ਸੇਵਾਵਾਂ ਲਈ ਮਾਇਕ ਸਹਿਯੋਗ ਦਾ ਅਹਿਦ ਕੀਤਾ ਗਿਆ। ਸਮਾਗਮ ਵਿੱਚ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਡਾ. ਮਹਿਲ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ, ਡਾ. ਤਜਿੰਦਰ ਕੌਰ ਧਾਲੀਵਾਲ ਸਾਬਕਾ ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ, ਰਾਣਾ ਗੁਰਜੀਤ ਸਿੰਘ ਵਿਧਾਇਕ ਕਪੂਰਥਲਾ ਨੇ ਵੀ ਵਿਚਾਰ ਰੱਖੇ । ਸਮਾਗਮ ਦੌਰਾਨ ਹਸਪਤਾਲ ਦੇ ਚਾਲੀ ਸਾਲ ਦੇ ਸਫ਼ਰ ਨੂੰ ਬਿਆਨ ਕਰਦੀ ਡਾਕੂਮੈਂਟਰੀ ਫ਼ਿਲਮ ਤੋਂ ਇਲਾਵਾ ਤਸਵੀਰਾਂ ਰਾਹੀਂ ਇਤਿਹਾਸ ਦਰਸਾਉਂਦਾ ਪਾਵਰ ਪੁਆਇੰਟ ਸ਼ੋਅ ਅਤੇ ਗੀਤ ਨਾਲ ਸਾਂਝ ਪਾਈ ਗਈ । ਇਸ ਮੌਕੇ ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ, ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ, ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਜੁਗਿੰਦਰ ਸਿੰਘ ਸਾਧੜਾ, ਸਕੱਤਰ ਅਮਰਜੀਤ ਸਿੰਘ ਕਲੇਰਾਂ, ਖਜ਼ਾਨਚੀ ਬੀਬੀ ਬਲਵਿੰਦਰ ਕੌਰ ਕਲਸੀ, ਸੀਨੀਅਰ ਟਰੱਸਟ ਮੈਂਬਰ ਸੁਰਿੰਦਰ ਸਿੰਘ ਥੰਮਣਵਾਲ ਸਾਬਕਾ ਮੰਤਰੀ ਪੰਜਾਬ, ਟਰੱਸਟ ਮੈਂਬਰ ਸੀਤਲ ਸਿੰਘ ਸਿੱਧੂ ਯੂ ਕੇ, ਡਾ. ਜੰਗ ਬਹਾਦਰ ਸਿੰਘ, ਅਮਰਜੀਤ ਸਿੰਘ ਸੰਦੋਆ, ਜਥੇਦਾਰ ਸੁਖਦੀਪ ਸਿੰਘ ਸ਼ੁਕਾਰ, ਹਰਜੋਤ ਕੌਰ ਲੋਹਟੀਆ, ਨਵਦੀਪ ਸਿੰਘ ਅਨੋਖਰਵਾਲ, ਤਰਲੋਚਨ ਸਿੰਘ ਦੁਪਾਲਪੁਰ, ਜਸਪਾਲ ਸਿੰਘ ਗਿਦਾ , ਮਾਸਟਰ ਗੁਰਚਰਨ ਸਿੰਘ ਬਸਿਆਲਾ, ਇੰਦਰਜੀਤ ਸਿੰਘ ਵਾਰੀਆਂ , ਪ੍ਰਵੀਨ ਬੰਗਾ, ਜਥੇਦਾਰ ਸਵਰਨਜੀਤ ਸਿੰਘ ਤੋਂ ਇਲਾਵਾ ਸਿਆਸੀ, ਸਮਾਜਿਕ, ਧਾਰਮਿਕ ਸੰਸਥਾਵਾਂ ਦੇ ਮੁੱਖੀ ਅਤੇ ਨੁਮਾਇੰਦਿਆਂ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾਕਟਰ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ । ਮੰਚ ਦਾ ਸੰਚਾਲਨ ਸਤਨਾਮ ਸਿੰਘ ਲਾਦੀਆਂ ਅਤੇ ਮੈਡਮ ਰਮਨਦੀਪ ਕੌਰ ਕੰਗ ਨੇ ਕੀਤਾ।

